ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 05 | 31 January 2018 to 06 February 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਗੈਂਗਸਟਰ ਵਿੱਕੀ ਗੌਂਡਰ ਤੇ ਦੋ ਸਾਥੀ ਪੁਲੀਸ ਨੇ ਮੁਕਾਬਲੇ ਵਿਚ ਮਾਰ ਮੁਕਾਏ



**ਲੰਬੀ/ਬਿਊਰੋ ਨਿਊਜ਼:** ਨਾਭਾ ਦੀ ਸਖ਼ਤ ਸੁਰੱਖਿਆ ਵਾਲੀ ਜੇਲ੍ਹ 'ਚੋਂ ਫਰਾਰ ਹੋਏ ਤੇ ਪੰਜਾਬ ਪੁਲੀਸ ਦੀ ਹਿੱਟ ਉਤਲੇ ਨਾਮੀ ਗੈਂਗਸਟਰ ਹਰਜਿੰਦਰ ਸਿੰਘ ਭੁੱਲਰ ਉਰਫ਼ ਵਿੱਕੀ ਗੌਂਡਰ ਨੂੰ ਪੁਲੀਸ ਨੇ ਉਸਦੇ ਦੋ ਸਾਥੀਆਂ ਪ੍ਰੇਮਾ ਲਾਹੌਰੀਆ ਅਤੇ ਸਵਿੰਦਰ ਸਿੰਘ ਉਰਫ਼ ਬੁੱਢਾ ਵਾਸੀ ਘਰਿੰਡਾ, ਥਾਣਾ ਅੰਮ੍ਰਿਤਸਰ ਸਮੇਤ ਬੀਤੇ ਹਫ਼ਤੇ 26 ਜਨਵਰੀ ਵਾਲੇ ਦਿਨ ਪੰਜਾਬ ਤੇ ਰਾਜਸਥਾਨ ਦੀ ਸਰਹੱਦ ਨੇੜ੍ਹਲੇ ਇਲਾਕੇ ਵਿੱਚ ਹਿੰਦੂਮਲ ਕੋਟ ਨੇੜੇ ਇੱਕ ਢਾਣੀ ਵਿੱਚ ਮੁਕਾਬਲੇ ਦੌਰਾਨ ਮਾਰ ਮੁਕਾਇਆ। ਦੂਜੇ ਪਾਸੇ ਪੁਲੀਸ ਵਲੋਂ ਵਿੱਕੀ ਗੌਂਡਰ ਤੇ ਹੋਰਨਾਂ ਨੂੰ ਅਗਾਉ ਸੂਹ ਮਿਲਣ ਉੱਤੇ ਪਹਿਲਾਂ ਗ੍ਰਿਫਤਾਰ ਕਰਨ ਬਾਅਦ ਝੂਠਾ ਮੁਕਾਬਲਾ ਬਣਾਉਣ ਦੇ ਦੋਸ਼ ਵੀ ਉਭਰ ਕੇ ਸਾਹਮਣੇ ਆ ਰਹੇ ਹਨ।

(ਵਿਸਥਾਰ 'ਚ ਖ਼ਬਰਾਂ ਸਫ਼ਾ 10-11 ਉੱਤੇ ਪੜ੍ਹੋ)

# 'ਆਪ' ਦੇ 20 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਸਬੰਧੀ ਹਾਈ ਕੋਰਟ ਨੇ ਚੋਣ ਕਮਿਸ਼ਨ ਤੋਂ ਮੰਗਿਆ ਹਲਫਨਾਮਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦਿੱਲੀ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਹਲਫ਼ੀਆ ਬਿਆਨ ਦਾਖ਼ਲ ਕਰ ਕੇ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਲਾਭ ਵਾਲੇ ਅਹੁਦੇ ਕਾਰਨ ਅਯੋਗ ਠਹਿਰਾਉਣ ਵਾਲੇ ਉਸ ਦੇ ਫ਼ੈਸਲੇ ਪਿਛਲੇ ਤੱਥਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ। ਚੋਣ ਕਮਿਸ਼ਨ ਨੇ ਕਿਹਾ ਸੀ ਕਿ 'ਆਪ' ਵਿਧਾਇਕਾਂ ਵੱਲੋਂ ਉਨ੍ਹਾਂ ਨੂੰ ਅਯੋਗ ਠਹਿਰਾਏ ਜਾਣ ਵਾਲੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਪਾਈਆਂ ਪਟੀਸ਼ਨਾਂ 'ਚ ਲਾਏ ਕੁੱਝ ਦੋਸ਼ਾਂ 'ਤੇ ਉਹ ਜਵਾਬ ਦੇਣਾ ਚਾਹੁੰਦਾ ਹੈ, ਜਿਸ 'ਤੇ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਚੰਦਰ ਸ਼ੇਖਰ ਦੇ ਬੈਂਚ ਨੇ ਚੋਣ ਕਮਿਸ਼ਨ ਨੂੰ ਇਹ ਹਲਫ਼ੀਆ ਬਿਆਨ ਦਾਖ਼ਲ ਕਰਨ ਲਈ ਕਿਹਾ ਹੈ। ਚੋਣ ਕਮਿਸ਼ਨ ਨੇ ਅਦਾਲਤ 'ਚ ਕਿਹਾ ਸੀ ਕਿ ਉਸ ਵੱਲੋਂ ਰਾਸ਼ਟਰਪਤੀ ਨੂੰ ਆਪ' ਦੇ 20 ਵਿਧਾਇਕਾਂ, ਜਿਨ੍ਹਾਂ ਨੂੰ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਸੀ, ਨੂੰ ਅਯੋਗ ਕਰਾਰ ਦੇਣ ਬਾਰੇ ਦਿੱਤੀ ਰਾਇ 'ਤੇ ਉਹ ਕਾਇਮ ਰਹੇਗਾ। ਸ਼ੁਰੂ ਵਿੱਚ ਜਦੋਂ ਇਸ ਮਾਮਲੇ 'ਤੇ ਸੁਣਵਾਈ ਸ਼ੁਰੂ ਹੋਈ ਸੀ ਤਾਂ ਅਦਾਲਤ ਨੇ ਪਟੀਸ਼ਨਰਾਂ ਨੂੰ ਕਿਹਾ ਸੀ ਕਿ ਚੋਣ ਕਮਿਸ਼ਨ ਦੀ ਸਿਫ਼ਾਰਸ਼ ਦੇ ਸਾਰਅੰਸ਼ 'ਤੇ ਨਜ਼ਰ ਮਾਰਨ ਬਾਅਦ ਫ਼ੈਸਲਾ ਕੀਤਾ ਜਾਵੇ ਕਿ ਹਲਫੀਆ ਬਿਆਨ ਦੀ ਲੋੜ ਹੈ। ਦੂਜੇ ਗੇੜ ਦੀ ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ 250 ਸਫ਼ਿਆਂ ਦਾ ਸਾਰਅੰਸ਼, ਜਿਸ ਵਿੱਚ ਕਈ ਦਸਤਾਵੇਜ਼ ਸ਼ਾਮਲ ਹਨ, ਬਹੁਤ ਵੱਡਾ ਹੈ। ਇਸ ਲਈ ਚੋਣ ਕਮਿਸ਼ਨ ਹਲਫੀਆ ਬਿਆਨ 'ਚ ਸੰਖੇਪ ਵਿੱਚ ਜਾਣਕਾਰੀ ਦੇਵੇ। ਅਦਾਲਤ ਨੇ ਟਿੱਪਣੀ ਕੀਤੀ, '250 ਸਫਿਆਂ ਦਾ ਸਾਰਅੰਸ਼ ਰੱਖਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਆਪਣੇ ਵਕੀਲ ਰਾਹੀਂ ਇਨ੍ਹਾਂ ਮੁਲਾਜ਼ਮਾਂ ਨੇ 31 ਜਨਵਰੀ ਤੋਂ ਨਵੇਂ ਡਰਾਈਵਰ ਅਤੇ ਤਕਨੀਸ਼ੀਅਨ ਭਰਤੀ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਖਤਮ ਕਰਨ ਤੋਂ ਰੋਕਣ ਦੀ ਮੰਗ ਕੀਤੀ ਸੀ।



ਨਵੀਂ ਦਿੱਲੀ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੰਗਲਵਾਰ ਨੂੰ ਮੌਜੂਦ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਮਨੋਜ ਤਿਵਾੜੀ, ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਹੋਰ ਆਗੂ।

### 'ਆਪ' ਦੇ ਵਿਧਾਇਕਾਂ ਨੇ ਸਾਡੇ ਉੱਤੇ ਹਮਲਾ ਕੀਤਾ-ਮਨੋਜ ਤਿਵਾੜੀ

ਦਿੱਲੀ ਭਾਜਪਾ ਮੁਖੀ ਮਨੋਜ ਤਿਵਾੜੀ ਅਤੇ ਹੋਰ ਪਾਰਟੀ ਆਗੂਆਂ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਸੀਲਿੰਗ ਦੇ ਮੁੱਦੇ 'ਤੇ ਮੀਟਿੰਗ ਬਾਅਦ ਬਾਹਰ ਆ ਕੇ ਆਪ' ਵਿਧਾਇਕਾਂ ਉਤੇ ਦੁਰਵਿਹਾਰ' ਕਰਨ ਅਤੇ ਮੀਟਿੰਗ 'ਚ ਗ਼ੈਰਸਮਾਜੀ ਤੱਤ' ਹੋਣ ਦਾ ਦੋਸ਼ ਲਾਇਆ ਹੈ। ਹਾਲਾਂਕਿ ਸ੍ਰੀ ਕੇਜਰੀਵਾਲ ਨੇ ਕਿਹਾ, ਇਹ ਬੇਬੁਨਿਆਦ ਦੋਸ਼ ਹਨ। ਜੇਕਰ ਕਿਸੇ ਵਿਧਾਇਕ ਨੇ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਹੈ ਤਾਂ ਮੈਂ ਉਸ ਨੂੰ ਪਾਰਟੀ 'ਚੋਂ ਕੱਢ ਦੇਵਾਂਗਾ।' ਸ੍ਰੀ ਤਿਵਾੜੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਭਾਜਪਾ ਦੀ ਸੱਤਾ ਵਾਲੇ ਉੱਤਰੀ ਤੇ ਪੂਰਬੀ ਐਮਸੀਡੀ ਦੀਆਂ ਮਹਿਲਾਂ ਮੇਅਰਾਂ ਪ੍ਰੀਤੀ ਅਗਰਵਾਲ ਅਤੇ ਨੀਮਾ ਭਗਤ 'ਤੇ ਵੀ 'ਹਮਲਾ' ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਪ' ਸਰਕਾਰ 'ਸ਼ਹਿਰੀ ਨਕਸਲੀਆਂ'

ਬਾਕੀ ਸਫ਼ਾ 28 'ਤੇ

# ਸਿੱਖਾਂ ਤੇ ਕਸ਼ਮੀਰੀਆਂ ਵਲੋਂ ਸਵੈ-ਨਿਰਣੇ ਦੇ ਹੱਕ ਲਈ ਸਾਂਝੇ ਤੌਰ ਉੱਤੇ ਸੰਘਰਸ਼ ਕਰਨ ਦਾ ਅਹਿਦ

## *ਦਲ ਖਾਲਸਾ ਵਲੋਂ ਸਵੈ-ਨਿਰਣੇ ਦੇ ਹੱਕ ਵਿੱਚ ਕਰਵਾਈ ਕਨਵੈਨਸ਼ਨ 'ਚ ਅਹਿਮ ਵਿਚਾਰਾਂ*

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਭਾਰਤੀ ਹਕੂਮਤ ਵੱਲੋਂ ਸਵੈ-ਨਿਰਣੈ ਦੇ ਅਧਿਕਾਰ ਪ੍ਰਤੀ ਅਪਣਾਏ ਗਏ ਨਾਂਹ ਪੱਖੀ ਰਵੱਈਏ ਨੂੰ ਚੁਣੌਤੀ ਦਿੰਦੇ ਹੋਏ ਦਲ ਖਾਲਸਾ ਆਪਣੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਾ ਹੋਇਆ ਅੰਤਰਰਾਸ਼ਟਰੀ ਭਾਈਚਾਰੇ ਨੂੰ, ਸੰਯੁਕਤ ਰਾਸ਼ਟਰ ਵੱਲੋਂ ਪ੍ਰਵਾਨਤ ਸਭਾਵਾਂ ਨੂੰ ਅਤੇ ਹੋਰ ਭਾਰਤ ਅਧੀਨ ਰਹਿ ਰਹੀਆਂ ਨਸਲੀ ਕੌਮਾਂ ਨੂੰ ਅਪੀਲ ਕਰਦਾ ਹੈ ਕਿ ਉਹ ਸੰਯੁਕਤ ਰਾਸ਼ਟਰ ਵੱਲੋਂ ਦਿੱਤੇ ਗਏ ਸਵੈ ਨਿਰਣੇ ਦੇ ਅਧਿਕਾਰ ਨੂੰ ਪ੍ਰਾਪਤ ਕਰਨ ਲਈ ਇਕੱਠੇ ਹੋਣ ਜਿਸ ਤੋਂ ਭਾਰਤ ਪੂਰੇ ਤਰਾਂ ਨਾਲ ਇਨਕਾਰੀ ਹੈ। ਦਲ ਖਾਲਸਾ ਵਲੋਂ ਸਵੈ-ਨਿਰਣੇ ਦੇ ਹੱਕ ਵਿੱਚ ਦਿਨੀਂ ਇੱਥੇ ਕਰਵਾਈ ਗਈ ਕਨਵੈਨਸ਼ਨ ਵਿੱਚ ਪੰਜਾਬ ਅਤੇ ਕਸ਼ਮੀਰ ਦੀਆਂ ਜਥੇਬੰਦੀਆਂ ਦੇ ਪ੍ਰਮੁੱਖ ਪ੍ਰਤੀਨਿਧਾਂ ਨੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ ਜਿਸ ਦਾ ਵਿਸ਼ਾ ਸਵੈ-ਨਿਰਣੇ ਦਾ ਹੱਕ- ਸ਼ੰਯੂਕਤ ਰਾਸ਼ਟਰ ਵਲੋਂ ਮਾਨਤਾ, ਭਾਰਤ ਵਲੋਂ ਇਨਕਾਰ ਸੀ।




ਹੁਰੀਅਤ ਕਾਨਫਰੰਸ ਦੇ ਚੇਅਰਮੈਨ ਸਈਅਦ ਅਲੀ ਸ਼ਾਹ ਗਿਲਾਨੀ ਨੇ ਕਸ਼ਮੀਰ ਤੋਂ ਵੀਡੀਓ ਰਾਂਹੀ ਆਪਣਾ ਪੈਗਾਮ ਭੇਜਿਆ ਜੋ ਕਾਨਫਰੰਸ ਵਿੱਚ ਸੁਣਾਇਆ ਗਿਆ। ਕਸ਼ਮੀਰ ਦੇ ਨੇਤਾ ਨੇ ਕਿਹਾ ਕਿ ਭਾਰਤ ਆਪਣੇ ਸਾਰੇ ਵਾਅਦੇ ਭੁੱਲ ਚੁੱਕਾ ਹੈ ਜੋ ਉਸ ਨੇ ਦੁਨੀਆ ਸਾਹਮਣੇ ਕਸ਼ਮੀਰ ਦੇ ਲੋਕਾਂ ਨਾਲ ਕੀਤਾ ਸਨ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਸਾਡੀ ਜਾਨ-ਮਾਲ, ਅਜ਼ਮੱਤ, ਦੀਨ, ਆਬਰੂ, ਔਰਤਾਂ ਦੀ ਇਜ਼ਤ, ਕੁਝ ਵੀ ਸੁਰਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀਆਂ ਨੂੰ ਫੌਜ ਦੀ ਅੰਨ੍ਹੀ ਤਾਕਤ ਨਾਲ ਦਬਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਦ ਨੂੰ ਪਿਛਲ਼ੇ 8 ਸਾਲਾਂ ਤੋਂ ਘਰ ਵਿੱਚ ਨਜ਼ਰਬੰਦ ਕੀਤਾ ਹੋਇਆ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਦੀ ਸਵੈ-ਨਿਰਣੇ ਦੀ ਮੰਗ ਦੀ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵੀ ਕਸ਼ਮੀਰੀਆਂ ਦੀ ਮਦਦ ਕਰਨੀ ਚਾਹੀਦੀ ਹੈ ਜੋ

ਬਾਕੀ ਸਫ਼ਾ 28 'ਤੇ

## ਸੁਖਬੀਰ ਨੇ 84 ਦੇ ਸਿੱਖ ਕਤਲੇਆਮ ਵਿੱਚ ਰਾਜੀਵ ਗਾਂਧੀ ਦੀ ਭੂਮਿਕਾ ਦੀ ਜਾਂਚ ਮੰਗੀ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 1984 'ਚ ਦਿੱਲੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਦੌਰਾਨ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਰਹੱਸਮਈ ਗਤੀਵਿਧੀਆਂ ਬਾਰੇ ਦੁਬਾਰਾ ਤੋਂ ਮੁਕੰਮਲ ਜਾਂਚ ਦੀ ਮੰਗ ਕੀਤੀ ਹੈ। ਇੱਕ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ 1984 ਕਤਲੇਆਮ ਦੌਰਾਨ ਦਿੱਲੀ ਦੀਆਂ ਗਲੀਆਂ ਵਿੱਚ ਰਾਜੀਵ ਗਾਂਧੀ ਦੀ ਰਹੱਸਮਈ ਮੌਜੂਦਗੀ ਬਾਰੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵੱਲੋਂ ਕੀਤੇ ਖ਼ੁਲਾਸਿਆਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਸ ਕਤਲੇਆਮ ਨੂੰ ਕਾਂਗਰਸ ਪਾਰਟੀ ਦੀ ਹਾਈ ਕਮਾਨ, ਸਰਕਾਰ ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਯੋਜਨਾਬੱਧ ਤਰੀਕੇ ਨਾਲ ਅੰਜਾਮ ਦਿੱਤਾ ਗਿਆ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਰਾਜੀਵ ਗਾਂਧੀ ਨੇ ਕਦੇ ਵੀ ਹਜ਼ਾਰਾਂ ਨਿਰਦੋਸ਼ਾਂ ਦੀ ਮੌਤ 'ਤੇ ਕੋਈ ਪਛਤਾਵਾ ਜ਼ਾਹਰ ਨਹੀਂ ਸੀ ਕੀਤਾ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਨੇ ਨਾ ਤਾਂ ਇਸ ਪਾਗਲਪਣ ਨੂੰ ਰੋਕਣ ਲਈ ਕੋਈ ਅਪੀਲ ਕੀਤੀ ਜਾਂ ਨਿਰਦੇਸ਼ ਜਾਰੀ ਕੀਤਾ ਅਤੇ ਨਾ ਹੀ ਇਹ ਜ਼ਰੂਰੀ ਸਮਝਿਆ ਕਿ ਹਿੰਸਾ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਪਰਿਵਾਰਾਂ ਅਤੇ



ਬਾਕੀ ਸਫ਼ਾ 28 'ਤੇ


















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

## ਭਾਰਤੀ-ਅਮੈਰਿਕਨਾਂ ਵਲੋਂ ਗਰੀਨ ਕਾਰਡ ਦੇ ਬਕਾਇਆ ਕੇਸਾਂ ਦੇ ਨਿਪਟਾਰੇ ਲਈ ਮੁਹਿੰਮ ਦੀ ਸ਼ੁਰੂਆਤ

**ਵਾਸ਼ਿੰਗਟਨ/ਬਿਊਰੋ ਨਿਊਜ਼** : ਗਰੀਨ ਕਾਰਡਾਂ ਦੇ ਵੱਡੇ ਬੈਕਲਾਗ ਬਾਰੇ ਜਾਗਰੂਕ ਕਰਨ ਲਈ ਭਾਰਤੀ-ਅਮੈਰਿਕਨਾਂ ਵੱਲੋਂ ਅਮਰੀਕਾ ਵਿੱਚ ਕੌਮੀ ਪੱਧਰ 'ਤੇ ਮੁਹਿੰਮ ਛੇੜੀ ਗਈ ਹੈ। ਉਨ੍ਹਾਂ ਕਿਹਾ ਕਿ ਗਰੀਨ ਕਾਰਡ ਦੇ ਵੱਡੀ ਗਿਣਤੀ ਬਕਾਇਆ ਕੇਸ ਫਸੇ ਹੋਣ ਕਾਰਨ ਤਕਰੀਬਨ ਤਿੰਨ ਲੱਖ ਹੁਨਰਮੰਦ ਭਾਰਤੀ ਬਿਨੈਕਾਰ ਪ੍ਰਭਾਵਿਤ ਹੋ ਰਹੇ ਹਨ। ਨਵੇਂ ਗਰੁੱਪ 'ਜੀਸੀਰਿਫਾਰਮਜ਼. ਓਆਰਜੀ' ਨੇ ਕਿਹਾ ਕਿ ਮੌਜੂਦਾ ਨਿਯਮਾਂ ਤਹਿਤ ਪ੍ਰਤੀ ਮੁਲਕ ਹੱਦ ਤੈਅ ਕੀਤੇ ਜਾਣ ਕਾਰਨ ਹੁਨਰਮੰਦ ਪਰਵਾਸੀ ਭਾਰਤੀਆਂ ਨੂੰ ਗਰੀਨ ਕਾਰਡ ਲਈ 25-92 ਵਰ੍ਹੇ ਇੰਤਜ਼ਾਰ ਕਰਨ ਦੀ ਲੋੜ ਪਵੇਗੀ। ਵ੍ਹਾਈਟ ਹਾਊਸ ਵੱਲੋਂ ਆਵਾਸ ਪ੍ਰਣਾਲੀ ਵਿੱਚ ਸੁਧਾਰਾਂ ਬਾਰੇ ਵੇਰਵੇ ਕਾਂਗਰਸ ਨੂੰ ਭੇਜੇ ਜਾਣ ਬਾਅਦ ਇਸ ਕੌਮੀ ਪੱਧਰੀ ਮੁਹਿੰਮ ਦਾ ਐਲਾਨ ਕੀਤਾ ਗਿਆ ਹੈ। ਜੀਸੀਰਿਫਾਰਮਜ਼.ਓਆਰਜੀ ਦੇ ਪ੍ਰਧਾਨ ਸੰਪਤ ਸ਼ਿਵਾਂਗੀ ਨੇ ਕਿਹਾ, 'ਅਸੀਂ ਇਸ ਆਵਾਸ ਮੁੱਦੇ ਨਾਲ ਜੁੜੇ ਕੇਵਲ ਡਾਕਟਰਾਂ ਦੇ ਗਰੁੱਪ ਦਾ ਹੀ ਸਮਰਥਨ ਨਹੀਂ ਕੀਤਾ ਬਲਕਿ ਇੰਜਨੀਅਰਾਂ ਤੇ ਹੋਰ ਪੇਸ਼ੇਵਰਾਂ ਲਈ ਨਿਰਪੱਖ ਤੇ ਪਾਰਦਰਸ਼ੀ ਗਰੀਨ ਕਾਰਡ ਵੰਡ ਪ੍ਰਕਿਰਿਆ ਦਾ ਵੀ ਸਮਰਥਨ ਕੀਤਾ ਹੈ।' ਯੂਨੀਵਰਸਿਟੀ ਆਫ ਡੈਨਵਰ ਸਟਰਮ ਕਾਲਜ ਆਫ ਲਾਅ ਦੇ ਪ੍ਰੋਫੈਸਰ ਵੇਦ ਨੰਦਾ ਨੇ ਕਿਹਾ, 'ਮੈਂ ਇਸ ਮੁਹਿੰਮ ਦਾ ਜ਼ੋਰਦਾਰ ਸਮਰਥਨ ਕਰਦਾ ਹਾਂ।' ਇਸ ਗਰੁੱਪ ਦੇ ਬਾਨੀ ਮੈਂਬਰ ਕਿਰਨ ਕੁਮਾਰ ਥੋਟਾ ਨੇ ਕਿਹਾ ਕਿ ਗਰੀਨ ਕਾਰਡਾਂ ਵਿੱਚ ਦੇਰੀ ਖ਼ਤਮ ਕਰਨ ਦੀ ਲੋੜ ਹੈ ਕਿਉਂਕਿ ਇਸ ਨਾਲ ਅਮੈਰਿਕਨ ਅਤੇ ਨੌਕਰੀਆਂ ਦੀ ਰਫ਼ਤਾਰ ਮੱਠੀ ਹੋ ਗਈ ਹੈ। ਹਿੰਦੂ ਅਮੈਰਿਕਨ ਫਾਊਂਡੇਸ਼ਨ ਦੇ ਡਾਇਰੈਕਟਰ ਰਿਸ਼ੂ ਭੂਤਾਡਾ ਨੇ ਕਿਹਾ, 'ਇਸ ਕਾਰਨ ਕਈ ਮਿਹਨਤਕਸ਼ ਤੇ ਹੁਨਰਮੰਦ ਦਬਾਅ ਹੇਠ ਹਨ।' ਇੰਡੀਅਨ ਅਮੈਰਿਕਨ ਫਰੈਂਡਸ਼ਿਪ ਫੋਰਮ ਦੇ ਚੇਅਰਮੈਨ ਜਗਦੀਸ਼ ਸ਼ਰਮਾ ਨੇ ਕਿਹਾ ਕਿ ਵੱਡੇ ਬੈਕਲਾਗ ਕਾਰਨ ਮਾਹਿਰ ਲੋਕਾਂ ਨੂੰ ਗਰੀਨ ਕਾਰਡ ਲਈ ਲੰਬੀ ਉਡੀਕ ਕਰਨੀ ਪੈ ਰਹੀ ਹੈ।

# ਪੰਜਾਬੀ ਯੂਨੀਵਰਸਿਟੀ ਅਲੱਮਨੀ ਐਸੋਸ਼ੋਈਸ਼ਨ ਨੂੰ ਹੋਰ ਸਰਗਰਮ ਕਰਨ ਲਈ ਕੋਆਰਡੀਨੇਸ਼ਨ ਕਮੇਟੀ ਬਣਾਈ

**ਸੈਨਹੋਜ਼ੇ/ਬਿਊਰੋ ਨਿਊਜ਼:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਰਾਣੇ ਵਿਦਿਆਰਥੀਆਂ ਨੇ ਅਪਣੀ ਜਥੇਬੰਦੀ ਪੰਜਾਬੀ ਯੂਨੀਵਰਸਿਟੀ ਅਲੱਮਨੀ ਐਸੋਸ਼ੋਈਸ਼ਨ ਦੇ ਅਮਰੀਕਾ ਚੈਪਟਰ ਨੂੰ ਮੁੜ ਸਰਗਰਮ ਕਰਨ ਦਾ ਅਹਿਦ ਕੀਤਾ ਹੈ। ਇਸ ਸਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਾਅ ਵਿਭਾਗ ਦੇ ਸਾਬਕਾ ਪ੍ਰੋਫੈਸਰ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਦਲਜੀਤ ਸਿੰਘ ਦੀ ਰਹਿਨੁਮਾਈ ਹੇਠ ਮੌਜੂਦਾ ਡੀਨ ਅਤੇ ਗੁਰਮਤ ਸੰਗੀਤ ਵਿਭਾਗ ਦੇ ਉੱਘੇ ਪ੍ਰੋਫੈਸਰ ਡਾ. ਗੁਰਨਾਮ ਸਿੰਘ ਦੀ ਹਾਜ਼ਰੀ ਵਿੱਚ ਬੀਤੇ ਦਿਨੀਂ ਮਿਲਪੀਟਸ ਵਿਖੇ ਹੋਈ ਮੀਟਿੰਗ ਵਿੱਚ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਨੇ ਅਲੱਮਨੀ ਐਸੋਸ਼ੀਏਸ਼ਨ ਨੂੰ ਹੋਰ ਮਜਬੂਤ ਕਰਨ ਸਬੰਧੀ ਅਹਿਮ ਵਿਚਾਰਾਂ ਕੀਤੀਆਂ। ਮੀਟਿੰਗ 'ਚ ਪੰਜਾਬੀ ਯੂਨੀਵਰਸਿਟੀ ਅਲੱਮਨੀ ਐਸੋਸ਼ੋਈਸ਼ਨ ਦੇ ਈਸਟ ਕੋਸਟ ਅਤੇ ਵੈਸਟ ਕੋਸਟ ਯੂਨਿਟਾਂ ਵਲੋਂ ਕੀਤੇ ਕੰਮ ਦੀ ਸ਼ਲਾਘਾ ਕਰਦਿਆਂ ਜਥੇਬੰਦੀ ਦੀਆਂ ਸਰਗਰਮੀਆਂ ਵਿੱਚ ਆਈ ਖੜੋਤ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਇਸਦਾ ਪੁਨਰਗਠਨ ਕਰਨ ਦਾ ਵੀ ਫੈਸਲਾ ਲਿਆ ਗਿਆ। ਇਸ ਮੰਤਵ ਲਈ ਇੱਕ ਕੋਆਰਡੀਨੇਸ਼ਨ ਕਮੇਟੀ ਬਣਾਈ ਗਈ ਜਿਸ ਵਿੱਚ ਡਾ. ਦਲਜੀਤ ਸਿੰਘ ਸਾਬਕਾ ਉਪ ਕੁਲਪਤੀ, ਡਾ. ਗੁਰਨਾਮ ਸਿੰਘ ਡੀਨ, ਅੰਮ੍ਰਿਤ ਸੱਚਦੇਵਾ, ਗੁਰੀ ਕੰਗ, ਬੀਬੀ ਜਸਵਿੰਦਰ ਕੌਰ, ਕੁਲਦੀਪ ਸਿੰਘ ਢੀਂਡਸਾ, ਜਸਜੀਤ ਸਿੰਘ ਅਤੇ ਪ੍ਰੋ. ਬਲਵਿੰਦਰਪਾਲ ਸਿੰਘ ਲਾਲੀ ਧਨੋਆ ਸ਼ਾਮਲ ਕੀਤੇ ਗਏ ਹਨ। ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਪੰਜਾਬੀ ਯੂਨੀਵਰਸਿਟੀ ਅਲੱਮਨੀ ਐਸੋਸ਼ੋਈਸ਼ਨ ਦੀ ਅਗਲੀ ਮੀਟਿੰਗ 3 ਮਹੀਨਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ। ਅਲੱਮਨੀ ਐਸੋਸ਼ੋਈਸ਼ਨ ਨੂੰ ਆਪਸੀ ਮੇਲ ਮਿਲਾਪ ਦਾ ਪਲੇਟਫਾਰਮ ਬਣਾਉਣ ਤੋਂ ਇਲਾਵਾ ਜਥੇਬੰਦੀ ਨੂੰ ਮਜਬੂਤ ਕਰਨ ਵਾਸਤੇ ਪੰਜਾਬੀ ਸਭਿਆਚਾਰ, ਕਲਾ, ਸੰਗੀਤ, ਰੰਗਮੰਚ ਅਤੇ ਸਬੰਧਿਤ ਕਲਾ ਕਿਰਤਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੰਜਾਬੀ ਭਾਸ਼ਾ ਤੇ ਇਤਿਹਾਸ ਸਬੰਧੀ ਵਰਕਸ਼ਾਪਾਂ ਤੇ ਸੈਮੀਨਾਰ ਸੈਮੀਨਾਰ ਕਰਵਾਉਣ ਉੱਤੇ ਉਚੇਚਾ ਧਿਆਨ ਦਿੱਤਾ ਜਾਵੇਗਾ। ਇਸਦੇ ਨਾਲ ਹੀ ਪੰਜਾਬੀਅਤ ਨੂੰ ਹੋਰ ਪ੍ਰਫੁੱਲਤ ਕਰਨ ਵਾਸਤੇ ਸਭਿਆਚਾਰਕ ਤੰਦਾਂ ਗੂੜ੍ਹੀਆਂ ਕਰਨ ਦੇ ਮੱਦੇਨਜ਼ਰ ਪੰਜਾਬ ਤੇ ਅਮਰੀਕਾ ਵਿਚਲੇ ਨੌਜਵਾਨ ਵਿਦਿਆਰਥੀਆਂ ਦੇ ਅਦਾਨ-ਪ੍ਰਦਾਨ ਅਧੀਨ ਸਭਿਆਚਾਰਕ ਤੇ ਵਿਦਿਅਕ ਟੂਰ ਪ੍ਰੋਗਰਾਮ ਵੀ ਸ਼ੁਰੂ ਕੀਤੇ ਜਾਣਗੇ।



ਮੀਟਿੰਗ 'ਚ ਸ਼ਾਮਲ ਖੱਬਿਓਂ ਸੱਜੇ- ਜਸਜੀਤ ਸਿੰਘ, ਬੀਬੀ ਜਸਵਿੰਦਰ ਕੌਰ ਤੇ ਉਨ੍ਹਾਂ ਦੇ ਪਤੀ, ਗੁਰੀ ਕੰਗ, ਪ੍ਰੋ. ਬਲਵਿੰਦਰਪਾਲ ਸਿੰਘ ਲਾਲੀ ਧਨੋਆ, ਡੀਨ ਡਾ. ਗੁਰਨਾਮ ਸਿੰਘ ਡੀਨ, ਡਾ.ਦਲਜੀਤ ਸਿੰਘ ਸਾਬਕਾ ਉਪ ਕੁਲਪਤੀ, ਕੁਲਦੀਪ ਸਿੰਘ ਢੀਂਡਸਾ, ਜਸਵੀਰ ਸਿੰਘ ਗੋਰਖਾ।

# ਤਤਕਾਲ ਪਾਸਪੋਰਟਾਂ ਲਈ ਹੁਣ ਨਹੀਂ ਪਵੇਗੀ ਵੈਰੀਫਿਕੇਸ਼ਨ ਸਰਟੀਫਿਕੇਟ ਦੀ ਲੋੜ

**ਚੰਡੀਗੜ੍ਹ/ਬਿਊਰੋ ਨਿਊਜ਼:** ਤਤਕਾਲ ਪਾਸਪੋਰਟ ਬਣਾਉਣਾ ਹੁਣ ਸੌਖਾ ਹੋ ਗਿਆ ਹੈ। ਕੇਂਦਰੀ ਗ੍ਰਹਿ ਵਿਭਾਗ ਨੇ ਤਤਕਾਲ ਪਾਸਪੋਰਟ ਬਣਾਉਣ ਲਈ ਵੈਰੀਫਿਕੇਸ਼ਨ ਸਰਟੀਫਿਕੇਟ ਮੁਹੱਈਆ ਕਰਨ ਦੀ ਸ਼ਰਤ ਖ਼ਤਮ ਕਰ ਦਿੱਤੀ ਹੈ। ਇਸ ਨਾਲ ਹੁਣ ਆਮ ਆਦਮੀ ਵੀ ਆਸਾਨੀ ਨਾਲ ਪਾਸਪੋਰਟ ਬਣਾਉਣ ਦੇ ਸਮਰੱਥ ਹੋ ਗਿਆ ਹੈ।

ਗ੍ਰਹਿ ਵਿਭਾਗ ਨੇ ਇਸ ਸਬੰਧੀ ਦੇਸ਼ ਦੇ ਸਮੂਹ ਖੇਤਰੀ ਪਾਸਪੋਰਟ ਦਫਤਰਾਂ ਨੂੰ ਆਦੇਸ਼ ਜਾਰੀ ਕੀਤੇ ਹਨ। ਇਹ ਫੈਸਲਾ ਸਮੂਹ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ (ਯੂਨੀਅਨ ਟੈਰੀਟਰੀਜ਼) ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਤਤਕਾਲ ਪਾਸਪੋਰਟ ਬਣਾਉਣ ਲਈ ਬਿਨੈਕਾਰ ਨੂੰ ਵੈਰੀਫਿਕੇਸ਼ਨ ਸਰਟੀਫਿਕੇਟ ਦੇਣਾ ਪੈਂਦਾ ਸੀ। ਇਸ ਲਈ ਖੇਤਰ ਦੇ ਥਾਣੇ ਦਾ ਐਸਐਚਓ ਹੀ ਅਧਿਕਾਰਤ ਸੀ। ਐਸਐਚਓ ਨੂੰ ਆਪਣੇ ਲੈਟਰ ਹੈੱਡ ਉਪਰ ਬਕਾਇਦਾ ਇੱਕ ਗਾਰੰਟਰ ਵਾਂਗ ਵੈਰੀਫਿਕੇਸ਼ਨ ਸਰਟੀਫਿਕੇਟ ਦੇਣਾ ਪੈਂਦਾ ਸੀ, ਜਿਸ ਕਾਰਨ ਐਸਐਚਓਜ਼ ਆਪਣੀ ਨਿੱਜੀ ਜ਼ਿੰਮੇਵਾਰੀ 'ਤੇ ਕਿਸੇ ਆਮ ਆਦਮੀ ਨੂੰ ਵੈਰੀਫਿਕੇਸ਼ਨ ਸਰਟੀਫਿਕੇਟ ਦੇਣ ਤੋਂ ਝਿਜਕਦੇ ਸਨ। ਨਜ਼ਦੀਕੀ ਲਈ ਹੀ ਉਹ ਅਜਿਹਾ ਵੈਰੀਫਿਕੇਸ਼ਨ ਸਰਟੀਫਿਕੇਟ ਜਾਰੀ ਕਰਦੇ ਸਨ। ਭਾਵੇਂ ਤਤਕਾਲ ਪਾਸਪੋਰਟ ਬਣਾਉਣ ਲਈ ਵੈਰੀਫਿਕੇਸ਼ਨ ਸਰਟੀਫਿਕੇਟ ਦੇਣ ਲਈ ਆਈਏਐਸ, ਆਈਪੀਐਸ, ਤਹਿਸੀਲਦਾਰ, ਪੀਸੀਐਸ ਤੇ ਐਚਸੀਐਸ ਅਧਿਕਾਰੀ ਵੀ ਅਧਿਕਾਰਤ ਸਨ ਪਰ ਅਜਿਹੇ ਉੱਚ ਅਧਿਕਾਰੀ ਵੀ ਸਿਰਫ਼

ਬਾਕੀ ਸਫ਼ਾ 29 'ਤੇ



## ਭਾਰਤੀ ਤਿਰੰਗੇ ਵਿੱਚ ਸਾਡਾ ਕੋਈ ਥਾਂ ਨਹੀਂ, ਇਸ ਲਈ ਇਹ ਸਾਨੂੰ ਪ੍ਰਵਾਨ ਨਹੀਂ: ਮਾਨ

ਫ਼ਤਹਿਗੜ੍ਹ ਸਾਹਿਬ/ਸਿੱਖ ਸਿਆਸਤ ਬਿਊਰੋ:
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਭਾਰਤੀ ਹੁਕਮਰਾਨਾਂ ਵੱਲੋਂ ਘੱਟਗਿਣਤੀ ਕੌਮਾਂ ਉਤੇ ਜ਼ਬਰੀ ਗੈਰ-ਕਾਨੂੰਨੀ ਤਰੀਕੇ ਨਾਲ ਥੋਪੇ ਜਾ ਰਹੇ ਹਿੰਦੂਤਵੀ ਪ੍ਰੋਗਰਾਮਾਂ ਦੀ ਨਿਖੇਧੀ ਕਰਦਿਆਂ ਭਾਰਤੀ ਤਿਰੰਗੇ ਅਤੇ ਭਾਰਤ ਦੇ ਵਿਧਾਨ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ।



ਭਾਰਤ ਦੇ ਗਣਤੰਤਰ ਦਿਵਸ ਮੌਕੇ ਪਾਰਟੀ ਵੱਲੋਂ ਇੱਥੇ ਜਾਰੀ ਕੀਤੇ ਲਿਖਤੀ ਪ੍ਰੈਸ ਰਾਹੀਂ ਸਾਬਕਾ ਸੰਸਦ ਮੈਂਬਰ ਮਾਨ ਨੇ ਕਿਹਾ ਕਿ ਭਾਰਤੀ ਤਿਰੰਗੇ ਝੰਡੇ ਵਿਚ ਸਿੱਖ ਕੌਮ, ਰੰਘਰੇਟਿਆ ਅਤੇ ਇਥੋਂ ਦੇ ਮੂਲਨਿਵਾਸੀਆਂ ਦਾ ਕੋਈ ਸਥਾਂਨ ਤੇ ਸਨਮਾਨ ਹੀ ਨਹੀਂ, ਉਸ ਤਿਰੰਗੇ ਝੰਡੇ ਨੂੰ ਅਸੀਂ ਆਪੋ-ਆਪਣੇ ਧਾਰਮਿਕ ਅਸਥਾਨਾਂ ਮਸਜ਼ਿਦਾਂ, ਚਰਚਾਂ ਜਾਂ ਗੁਰੂਘਰਾਂ ਵਿਚ ਕਿਉਂ ਝੁਲਾਵਾਂਗੇ ?

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਨੇ ਘੱਟ ਗਿਣਤੀ ਕੌਮਾਂ ਨੂੰ ਜੋਰਦਾਰ ਅਪੀਲ ਕਰਦੇ ਹੋਏ ਕਿਹਾ ਕਿ ਇਥੋਂ ਦੇ ਹੁਕਮਰਾਨ ਲੰਮੇ ਸਮੇਂ ਤੋਂ ਸਾਡੇ ਸਭਨਾਂ ਨਾਲ ਗੈਰ-ਕਾਨੂੰਨੀ ਅਤੇ ਗੈਰ-ਸਮਾਜਿਕ ਕਾਰਵਾਈਆ ਕਰਦੇ ਆ ਰਹੇ ਹਨ ਅਤੇ ਸਾਡੇ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਰਤਾਅ ਕੀਤਾ ਜਾਂਦਾ ਹੈ ।ਕਿਸੇ ਵੀ ਖੇਤਰ ਵਿਚ ਸਾਨੂੰ ਸਭਨਾਂ ਨੂੰ ਨਾ ਤਾਂ ਇਨਸਾਫ਼ ਮਿਲਦਾ ਹੈ ਅਤੇ ਨਾ ਹੀ ਬਰਾਬਰਤਾ ਵਾਲਾ ਮਾਣ-ਸਨਮਾਨ। ਇਸ ਲਈ ਵੱਖ-ਵੱਖ ਕੌਮਾਂ ਤੇ ਧਰਮਾਂ ਵਿਚ ਵਖਰੇਵੇ ਪੈਦਾ ਕਰਨ ਭਾਰਤੀ ਹੁਕਮਰਾਨਾਂ ਦੇ ਅਮਲਾਂ ਨੂੰ ਕਤਈ ਪ੍ਰਵਾਨ ਕਰਾਂਗੇ ।

ਭਾਰਤੀ ਹੁਕਮਰਾਨਾਂ ਨੂੰ ਸਲਾਹ ਦਿੰਦਿਆਂ ਸ. ਮਾਨ ਨੇ ਕਿਹਾ ਕਿ ਅਜਿਹੇ ਤਿਰੰਗੇ ਝੰਡੇ ਝੁਲਾਉਣ ਅਤੇ ਵਿਧਾਨ ਦਾ ਹਵਾਲਾ ਦੇ ਕੇ ਜ਼ਬਰ-ਜੁਲਮ ਕਰਨ ਦੀਆਂ ਕਾਰਵਾਈਆ ਤੋ ਨਿਕਲਣ ਵਾਲੇ ਨਤੀਜਿਆ ਲਈ ਇਹ ਭਾਰਤੀ ਹੁਕਮਰਾਨ ਖੁਦ ਜਿੰਮੇਵਾਰ ਹੋਣਗੇ।

# ਭਾਰਤੀ ਗਣਤੰਤਰ ਦਿਹਾੜੇ ਮੌਕੇ ਯੂ. ਕੇ. ਦੇ ਭਾਰਤੀ ਦੂਤ-ਘਰ ਅੱਗੇ ਰੋਸ ਮੁਜਾਹਰੇ ਦੌਰਾਨ ਵਿਰੋਧੀਆਂ ਤੇ ਹਮਾਇਤੀਆਂ ਵਿਚ ਝੜਪ

**ਲੰਡਨ/ਸਿੱਖ ਸਿਆਸਤ ਬਿਊਰੋ:** ਭਾਰਤੀ ਗਣਤੰਤਰ ਦਿਹਾੜੇ ਮੌਕੇ ਬੀਤੇ ਦਿਨ ਯੂ. ਕੇ. ਵਿਚਲੇ ਭਾਰਤੀ ਦੂਤ-ਘਰ ਦੇ ਬਾਹਰ ਭਾਰਤੀ ਸਟੇਟ ਦੇ ਵਿਰੋਧੀ ਤੇ ਹਮਾਇਤੀ ਆਹਮੋ-ਸਾਹਮਣੇ ਹੋ ਗਏ। ਜਿੱਥੇ ਇਸ ਪਾਸੇ ਭਾਰਤ ਵਿਚਲੀਆਂ ਸੰਘਰਸ਼ਸ਼ੀਲ ਕੌਮਾਂ, ਜਿਨ੍ਹਾਂ ਵਿੱਚ ਕਸ਼ਮੀਰੀ ਤੇ ਸਿੱਖ ਵੱਡੀ ਗਿਣਤੀ ਵਿੱਚ ਸਨ, ਵੱਲੋਂ ਭਾਰਤੀ ਸਟੇਟ ਦੀਆਂ ਜ਼ਬਰ ਨੀਤੀਆਂ ਵਿਰੁਧ ਮੁਜਾਹਿਰਾ ਕੀਤਾ ਗਿਆ ਉਥੇ ਭਾਰਤੀ ਸਟੇਟ ਦੇ ਹਮਾਇਤੀਆਂ ਵੱਲੋਂ ਆਪਣੀ ਹਕੂਮਤ ਦੇ ਹੱਕ ਵਿੱਚ ਮੁਜਾਰਿਹਾ ਕਰਦਿਆਂ "ਵੰਦੇ ਮਾਤਰਮ" ਤੇ "ਭਾਰਤ ਮਾਤਾ" ਦੇ ਨਾਅਰੇ ਲਾਏ ਗਏ। ਖ਼ਾਸ ਗੱਲ ਇਹ ਕਿ ਬੀਤੇ ਸਾਲਾਂ ਦੌਰਾਨ ਭਾਰਤੀ ਸਟੇਟ ਵਿਰੁਧ ਹੋਣ ਵਾਲੇ ਮੁਜਾਹਰੇ ਨੂੰ ਭਾਰਤੀ ਮੀਡੀਆ ਵੱਲੋਂ ਅਣਗੌਲਿਆਂ ਕੀਤਾ ਜਾਂਦਾ ਸੀ ਪਰ ਇਸ ਵਾਰ ਭਾਰਤੀ ਹਕੂਮਤ ਦੇ ਹਮਾਇਤੀਆਂ ਵੱਲੋਂ ਕੀਤੇ ਮੁਜਾਹਿਰੇ ਦੀ ਖਬਰ ਨੂੰ ਭਾਰਤੀ ਮੀਡੀਆ ਵੱਲੋਂ ਖਾਸਾ ਉਭਾਰਿਆ ਜਾ ਰਿਹਾ ਹੈ।




ਸੰਘਰਸ਼ਸ਼ੀਲ ਕੌਮਾਂ ਦੇ ਮੁਜਾਹਿਰੇ ਨੂੰ ਸੰਬੋਧਨ ਕਰਦਿਆਂ ਬਰਤਾਨੀ ਪਾਰਲੀਮੈਂਟ ਦੇ 'ਹਾਉਸ ਆਫ ਲਾਡਰਜ਼" ਸਦਨ ਦੇ ਮੈਂਬਰ ਲਾਰਡ ਨਜ਼ੀਰ ਨੇ ਕਿਹਾ ਕਿ ਦੁਨੀਆ-ਭਰ ਦੀ ਹਰ ਕੌਮ ਨੂੰ ਸੁਯੰਕਤ-ਰਾਸ਼ਟਰ ਦੇ ਮੁਢਲੇ ਅਸੂਲਾਂ ਮੁਤਾਬਕ ਆਪਣੀ ਅਜ਼ਾਦ ਸਿਆਸੀ ਹੈਸੀਅਤ ਕਾਇਮ ਕਰਨ ਦਾ ਪੂਰਾ ਹੱਕ ਹੈ ਤਾਂ ਕਿ ਉਹ ਆਪਣੀ ਆਰਥਿਕਤਾ, ਸਮਾਜ ਅਤੇ ਵਿਰਸੇ ਨੂੰ ਕਾਇਮ ਰੱਖ ਕੇ ਅੱਗੇ ਵੱਧ ਸਕੇ।

"ਯੂ. ਕੇ. ਪਾਰਲੀਮਾਨੀ ਖੁਦ-ਮੁੱਖਤਿਆਰੀ ਸੰਗਠਨ" ਦੇ ਚੇਅਰਮੈਨ ਲਾਰਡ ਨਜ਼ੀਰ ਦੇ ਪਾਕਿਸਤਾਨੀ ਮੂਲ ਨੂੰ ਮੁੱਦਾ ਬਣਾ ਕੇ ਭਾਰਤ ਪੱਖੀ ਮੁਜ਼ਾਹਿਰਾਕਾਰੀਆਂ ਨੇ ਲਾਰਡ ਨਜ਼ੀਰ ਦਾ ਵਿਰੋਧ ਕੀਤਾ। ਇਸ ਦੌਰਾਨ ਭਾਰਤੀ ਸਟੇਟ ਦੇ ਵਿਰੋਧ ਤੇ ਪੱਖ ਵਿਚ ਮੁਜਾਹਿਰਾ ਕਰਨ ਵਾਲਿਆਂ ਵਿੱਚ ਝੜਪ ਵੀ ਹੋਈ ਜਿਸ ਦੌਰਾਨ ਭਾਰਤੀ ਝੰਡੀਆਂ ਦੀ ਵੀ ਖਿੱਚੋ-ਪਾੜ ਹੋਈ। ਸੰਘਰਸ਼ਸ਼ੀਲ ਕੌਮਾਂ ਦੇ ਮੁਜ਼ਾਹਰੇ ਬੋਲਦਿਆਂ ਦਲ ਖਾਲਸਾ ਆਗੂ ਗੁਰਚਰਨ ਸਿੰਘ ਨੇ "ਹਿੰਦੂਤਵੀਆਂ" ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਨੂੰ "ਨਾਜ਼ੀਆਂ" ਤੋਂ ਵੀ ਭੈੜੇ ਦੱਸਿਆ।

"ਕੌਂਸਲ ਆਫ਼ ਖਾਲਿਸਤਾਨ" ਨਾਮੀ ਜਥੇਬੰਦੀ ਦੇ ਪ੍ਰਧਾਨ ਅਮਰੀਕ ਸਿੰਘ ਸਹੋਤਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਹਿੰਦੁਸਤਾਨ ਦੀ ਸਰਕਾਰ ਦੀ ਨਵ-ਬਸਤੀਵਾਦੀ ਨੀਤੀ ਨੂੰ ਰੱਦ ਕਰਦਿਆਂ ਅਜ਼ਾਦ ਰਾਜ ਖਾਲਿਸਤਾਨ ਦੀ ਕਾਇਮੀ ਦਾ ਅਹਿਦ ਕਰ ਚੁੱਕੀ ਹੈ। ਉਨ੍ਹਾਂ ਜੂਨ ਅਤੇ ਨਵੰਬਰ ਚੌਰਾਸੀ ਦੇ ਘੱਲੂਘਾਰਿਆਂ, ਝੂਠੇ ਮੁਕਾਬਲਿਆਂ, ਸਿੱਖ ਨੌਜਵਾਨਾਂ ਨੂੰ ਗੈਰ ਕਾਨੂਨੀ ਹੈਰਾਸਤ ਵਿਚ ਤਸੀਹੇ ਦੇਣਾ, ਸਿਆਸੀ ਕੈਦੀਆਂ ਨੂੰ ਲਗਾਤਾਰ ਨਜ਼ਰਬੰਦ ਰੱਖਣਾ, ਪੰਜਾਬ ਦੇ ਪਾਣੀਆਂ ਦੀ ਲੁੱਟ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਭਾਰਤੀ ਸਟੇਟ ਨੂੰ ਜ਼ਿੰਮੇਵਾਰ ਠਹਿਰਾਇਆ।

"ਕੌਂਸਲ ਆਫ਼ ਖਾਲਿਸਤਾਨ" ਦੇ ਜਨਰਲ ਸਕੱਤਰ ਰਣਜੀਤ ਸਿੰਘ ਸਰਾਏ ਨੇ ਇਸ ਮੌਕੇ ਪਿਛਲੇ ਸਾਲ ਦੀ ਅਮਰੀਕਾ ਦੀ ਸਰਕਾਰੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ: ਭਾਰਤ ਵਿਚ ਘਟ-ਗਿਣਤੀ ਕੌਮਾਂ- ਸਿੱਖ, ਮੁਸਲਮਾਨ, ਬੋਧੀ, ਇਸਾਈ ਅਤੇ ਦਲਿਤਾਂ ਨੂੰ ਧਾਰਮਿਕ ਪੱਖੋਂ ਵੀ ਸੰਵਿਧਾਨਕ ਜਾਂ ਕਾਨੂਨੀ ਹੱਕ ਪੂਰੀ ਤਰਾਂ ਨਹੀਂ ਮਿਲ ਰਹੇ, ਜੋ ਸੁਯੰਕਤ-ਰਾਸ਼ਟਰ ਦੇ ਮਨੁੱਖੀ ਅਤੇ ਰਾਜਸੀ ਹੱਕਾਂ ਦੇ ਏਲਾਣ-ਨਾਮੇ (ਧਾਰਾ 18) ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਜਨ-ਸੰਘੀ (ਭਾਜਪਾ) ਸਰਕਾਰਾਂ ਵੱਲੋਂ ਲਗਾਤਾਰ ਸੰਘਰਸ਼ਸ਼ੀਲ ਕੌਮਾਂ ਤੇ ਘੱਟਗਿਣਤੀਆਂ ਦੇ ਹੱਕਾਂ ਦਾ ਕੀਤਾ ਗਿਆ ਹੈ। ਇਸ ਤਰਾਂ ਹੀ ਇਹ ਸਰਕਾਰਾਂ ਸੁਯੰਕਤ-ਰਾਸ਼ਟਰ ਦੀ ਸਿਆਸੀ ਕੈਦੀਆਂ ਪੱਖੀ ਜਨੇਵਾਂ ਸੰਧੀ (1948, 1977), ਨਸਲਕੁਸ਼ੀ ਵਿਰੋਧੀ ਸੰਧੀ (1948), ਨਸਲੀ ਵਿਤਕਰਾ ਵਿਰੋਧੀ ਸੰਧੀ (1965) ਨੂੰ ਲਾਗੂ ਕਰਨ ਤੋਂ ਵੀ ਮੁਨਕਰ ਹਨ। ਉਨ੍ਹਾਂ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਪ੍ਰੈਲ ਦੀ ਯੂ. ਕੇ. ਫੇਰੀ ਦੌਰਾਨ ਉਸ ਦਾ ਵਿਰੋਧ ਕੀਤਾ ਜਾਵੇਗਾ। ਯੁਨਾਇਟਡ ਖਾਲਸਾ ਦਲ ਦੇ ਆਗੂ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਗੁਰਦੁਆਰਾ ਸਾਹਿਬਾਨ ਵੱਲੋਂ ਆਪਣੇ ਮੰਚਾਂ ਤੋਂ ਇਨ੍ਹਾਂ ਭਾਰਤੀ ਨੁਮਾਇੰਦਿਆਂ ਨੂੰ ਬੋਲਣ ਤੋਂ ਰੋਕਣਾ ਜਾਇਜ਼ ਅਤੇ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਲੰਡਨ ਵਿਚਲੇ ਭਾਰਤੀ ਨੁਮਾਇੰਦੇ ਭਾਰਤੀ ਦੂਤ-ਘਰ ਦੇ ਸ਼ੀਸ਼ਿਆਂ ਪਿਛੋਂ ਪ੍ਰਦਰਸ਼ਨਕਾਰੀਆ ਦੀਆਂ ਫ਼ੋਟੋਆਂ ਹੀ ਖਿਚ ਸਕਦੇ ਹਨ, ਪਰ ਬਾਹਰ ਆ ਕੇ ਸਾਹਮਣਾ ਨਹੀਂ ਕਰ ਸਕਦੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਸ ਦੇ ਸੂਤਰਧਾਰ ਭਾਈ ਜੋਗਾ ਸਿੰਘ ਨੇ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਤਸੀਹੇ ਦੇਣ ਵਾਲੀ ਸਰਕਾਰ ਦੇ ਦੂਤ-ਘਰਾਂ ਅੱਗੇ ਖਾਲਿਸਤਾਨ ਕਾਇਮ ਹੋਣ ਤੱਕ ਹਰ ਸਾਲ ਇਸ ਤਰਾਂ ਦੇ ਮੁਜ਼ਾਹਰੇ ਐਫ. ਐਸ. ਓ. ਵੱਲੋਂ ਹੁੰਦੇ ਰਹਿਣਗੇ।

ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਦੀ ਰਿਹਾਈ ਲਈ ਮੁਹਿਮ ਚਲਾ ਰਹੇ ਨੌਜਵਾਨ ਵੀ ਇਸ ਮੁਜ਼ਾਹਰੇ ਵਿੱਚ ਸ਼ਾਮਲ ਹੋਏ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਂਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

## ਬੇਅੰਤੇ ਦਾ ਕਤਲ ਅਸੀਂ ਕੀਤਾ : ਭਾਈ ਤਾਰਾ

**ਚੰਡੀਗੜ੍ਹ/ਬਿਊਰੋ ਨਿਊਜ਼:** ਜੇਲ੍ਹ 'ਚ ਨਜ਼ਰਬੰਦ ਖਾੜਕੂ ਭਾਈ ਜਗਤਾਰ ਸਿੰਘ ਸਿੰਘ ਤਾਰਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੀ ਜ਼ਿੰਮੇਵਾਰੀ ਅਦਾਲਤ ਵਿੱਚ ਕਬੂਲ ਲਈ ਹੈ। ਉਸ ਨੇ ਵੀਰਵਾਰ ਨੂੰ ਯੂਟੀ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਬੀਰ ਸਿੰਘ ਸਿੱਧੂ ਨੂੰ ਛੇ ਪੰਨਿਆਂ ਦੇ ਦਿੱਤੇ ਲਿਖਤੀ ਬਿਆਨ ਵਿੱਚ ਹੱਤਿਆ ਕਾਂਡ 'ਤੇ ਕੋਈ ਅਫ਼ਸੋਸ ਨਹੀਂ ਜਤਾਇਆ ਹੈ। ਅਦਾਲਤ ਵਿੱਚ ਤਾਰਾ ਨੇ ਆਈਪੀਸੀ ਦੀ ਧਾਰਾ 313 ਤਹਿਤ ਲਿਖਤੀ ਜੁਰਮ ਕਬੂਲ ਕੀਤਾ ਹੈ। ਇਸ ਤੋਂ ਪਹਿਲਾਂ ਉਹ ਪੁਲੀਸ ਕੋਲ ਆਈਪੀਸੀ ਦੀ ਧਾਰਾ 164 ਤਹਿਤ ਜ਼ਿੰਮੇਵਾਰੀ ਲੈ ਚੁੱਕਿਆ ਹੈ। ਤਾਰਾ ਨੇ ਅਦਾਲਤ ਨੂੰ ਦਿੱਤੇ ਇਕਬਾਲੀਆ ਬਿਆਨ ਵਿੱਚ ਕਿਹਾ ਹੈ ਕਿ ਉਹ ਹੱਤਿਆ ਕਾਂਡ ਨੂੰ ਅੰਜਾਮ ਦੇਣ ਲਈ ਪੰਜਾਬ ਸਕੱਤਰੇਤ ਤੱਕ ਖੁਦ ਕਾਰ ਚਲਾ ਕੇ ਗਿਆ ਸੀ, ਜਦੋਂ ਕਿ ਭਾਈ ਦਿਲਾਵਰ ਸਿੰਘ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਉਸ ਦੇ ਨਾਲ ਸਨ। ਉਸ ਨੇ ਦੋਸ਼ ਲਾਇਆ ਕਿ ਬੇਅੰਤ ਸਿੰਘ ਨੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਮਾਰਿਆ ਸੀ, ਜਿਸ ਕਰਕੇ ਉਸ ਦਾ ਕਤਲ ਕੀਤਾ ਗਿਆ। ਬਿਆਨ ਵਿੱਚ ਬੁੱਚੜ ਬੇਅੰਤ ਸਿੰਘ ਦੇ ਮੁੱਖ ਮੰਤਰੀ ਰਹਿੰਦਿਆਂ ਵਧੀਕੀਆਂ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਨੂੰ ਇਨਾਮ ਅਤੇ ਤਰੱਕੀਆਂ ਦੇਣ 'ਤੇ ਗੁੱਸਾ ਜ਼ਾਹਿਰ ਕੀਤਾ ਗਿਆ ਹੈ। ਸੀਬੀਆਈ ਦੇ ਵਕੀਲ ਐਸਕੇ ਸਕਸੈਨਾ ਅਗਲੀ ਤਰੀਕ ਮੌਕੇ ਉਸ ਦੇ ਇਕਬਾਲੀਆ ਬਿਆਨ ਬਾਰੇ ਸਵਾਲ ਕਰਨਗੇ। ਇਸ ਤੋਂ ਪਹਿਲਾਂ ਆਈਪੀਸੀ ਦੀ ਧਾਰਾ 319 ਤਹਿਤ ਸੀਬੀਆਈ ਦੇ ਵਕੀਲ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਉਹ ਬੇਅੰਤ ਸਿੰਘ ਨੂੰ ਮਾਰਨ ਦੀ ਜ਼ਿੰਮੇਵਾਰੀ ਲੈ ਚੁੱਕਿਆ ਹੈ। ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਸਿਮਰਜੀਤ ਸਿੰਘ ਨੇ ਦੱਸਿਆ ਕਿ ਕੇਸ ਦੀ ਅਗਲੀ ਸੁਣਵਾਈ 7 ਫਰਵਰੀ ਨੂੰ ਹੋਵੇਗੀ। ਸਾਬਕਾ ਮੁੱਖ ਮੰਤਰੀ ਦੀ 31 ਅਗਸਤ 1995 ਨੂੰ ਬੰਬ ਧਮਾਕੇ ਵਿੱਚ ਮੌਤ ਹੋ ਗਈ ਸੀ ਅਤੇ ਪੁਲੀਸ ਨੇ ਕਤਲ ਦੇ ਦੋਸ਼ ਵਿੱਚ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਵੀ ਉਸ ਨੂੰ ਮਾਰਨ ਦਾ ਜ਼ਿੰਮਾ ਆਪਣੇ ਸਿਰ ਲੈ ਚੁੱਕੇ ਹਨ। ਭਾਈ ਰਾਜੋਆਣਾ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹੈ, ਜਦੋਂ ਕਿ ਭਾਈ ਹਵਾਰਾ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਕੱਟ ਰਿਹਾ ਹੈ। ਹੋਰ ਮੁਲਜ਼ਮਾਂ ਵਿੱਚੋਂ ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਲਖਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਬੁੜੈਲ ਜੇਲ੍ਹ ਵਿੱਚ ਬੰਦ ਹਨ, ਜਦ ਕਿ ਨਸੀਬ ਸਿੰਘ, ਸ਼ਮਸ਼ੇਰ ਸਿੰਘ ਅਤੇ ਨਵਜੋਤ ਸਿੰਘ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਤਾਰਾ ਦੇ 20 ਅਤੇ 21 ਜਨਵਰੀ 2003 ਨੂੰ ਜੇਲ੍ਹ 'ਚੋਂ ਫ਼ਰਾਰ ਹੋ ਜਾਣ ਅਤੇ ਬਾਅਦ ਵਿੱਚ ਫੜੇ ਜਾਣ ਕਰਕੇ ਕੇਸ ਦੀ ਸੁਣਵਾਈ ਵੱਖਰੀ ਕਰ ਦਿੱਤੀ ਗਈ ਸੀ। ਕੇਸ ਦਾ 31 ਜੁਲਾਈ 2007 ਨੂੰ ਫ਼ੈਸਲਾ ਆਉਣ ਵੇਲੇ ਤਾਰਾ ਫ਼ਰਾਰ ਸੀ।



## ਰਾਜਨਾਥ ਨੇ ਗੈਂਗਸਟਰਾਂ ਵਿਰੁਧ ਮੁਹਿੰਮ 'ਚ ਕੈਪਟਨ ਨੂੰ ਦਿੱਤੀ ਸ਼ਾਬਾਸ਼

**ਚੰਡੀਗੜ੍ਹ/ਬਿਊਰੋ ਨਿਊਜ਼:**
ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੂਬੇ ਵਿਚ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਸੂਬਾ ਸਰਕਾਰ ਦੀ ਸਫ਼ਲਤਾ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਧਾਈ ਦਿੱਤੀ ਹੈ। ਇਕ ਮੁਕਾਬਲੇ ਦੌਰਾਨ ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਦੇ ਸੰਦਰਭ ਵਿਚ ਗ੍ਰਹਿ ਮੰਤਰੀ ਨੇ ਸੂਬਾ ਸਰਕਾਰ ਦੀ ਸ਼ਲਾਘਾ ਕੀਤੀ ਹੈ। ਗ੍ਰਹਿ ਮੰਤਰੀ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਐਸ ਬਦਨੌਰ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਦੁਪਹਿਰ ਦੇ ਖਾਣੇ ਦੌਰਾਨ ਪੁਲੀਸ ਦੀ ਪਿੱਠ ਥਾਪੜੀ। ਮੀਟਿੰਗ ਦੌਰਾਨ ਅੰਦਰੂਨੀ ਸੁਰੱਖਿਆ ਦੇ ਮੁੱਦੇ 'ਤੇ ਚਰਚਾ ਹੋਈ। ਇਸ ਦੌਰਾਨ ਖਿੱਤੇ ਵਿਚ ਸ਼ਾਂਤੀ ਅਤੇ ਸਥਿਰਤਾ ਨੂੰ ਬਣਾਏ ਰੱਖਣ ਲਈ ਕੇਂਦਰ ਅਤੇ ਸੂਬੇ ਵਿਚਾਲੇ ਸਹਿਯੋਗ 'ਤੇ ਜ਼ੋਰ ਦਿੱਤਾ ਗਿਆ। ਮੀਟਿੰਗ ਤੋਂ ਬਾਅਦ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਗ੍ਰਹਿ ਮੰਤਰੀ ਨੇ ਅਪਰਾਧੀਆਂ ਅਤੇ ਸੰਗਠਤ ਗਰੋਹਾਂ ਵਿਰੁੱਧ ਕਾਰਵਾਈ ਲਈ ਪੰਜਾਬ ਪੁਲੀਸ ਅਤੇ ਖੁਫੀਆ ਏਜੰਸੀਆਂ ਦੀ ਸ਼ਲਾਘਾ ਕੀਤੀ ਅਤੇ ਇਸ ਮਕਸਦ ਲਈ ਕੇਂਦਰ ਸਰਕਾਰ ਵੱਲੋਂ ਮਦਦ ਦੀ ਪੇਸ਼ਕਸ਼ ਕੀਤੀ। ਮੌਜੂਦਾ ਚੁਣੌਤੀਆਂ ਨਾਲ ਸਿੱਝਣ ਲਈ ਸੂਬਾ ਪੁਲੀਸ ਦੇ ਆਧੁਨਿਕੀਕਰਨ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਕੋਲੋਂ 50 ਕਰੋੜ ਰੁਪਏ ਦੀ ਗ੍ਰਾਂਟ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਪੰਜਾਬ ਦੀਆਂ ਜੇਲ੍ਹਾਂ ਤੋਂ ਆਈ.ਆਰ.ਬੀ. ਨੂੰ ਬਦਲ ਕੇ ਕੇਂਦਰੀ ਰਿਜ਼ਰਵ ਪੁਲੀਸ ਫੋਰਸ (ਸੀ.ਆਰ.ਪੀ.ਐਫ) ਦੀਆਂ ਦੋ ਕੰਪਨੀਆਂ ਤਾਇਨਾਤ ਕਰਨ ਬਾਰੇ ਆਪਣੀ ਪਹਿਲੀ ਬੇਨਤੀ ਨੂੰ ਦੁਹਰਾਇਆ। ਇਸ ਮੌਕੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਅਤੇ ਡੀ.ਜੀ.ਪੀ ਸੁਰੇਸ਼ ਅਰੋੜਾ, ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਵੀ ਹਾਜ਼ਰ ਸਨ।



**ਚੰਡੀਗੜ੍ਹ ਵਿੱਚ ਮੰਗਲਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਦੇ ਹੋਏ।**

## ਕੈਪਟਨ ਤੇ ਸਿੱਧੂ ਵਿਚਾਲੇ ਤਣਾਅ ਦਾ ਮਾਮਲਾ ਹਾਈ ਕਮਾਨ ਤੱਕ ਪਹੁੰਚਿਆ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਥਾਨਕ ਸਰਕਾਰਾਂ ਵਿਭਾਗ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦਰਮਿਆਨ ਟਕਰਾਅ ਦਾ ਮਾਹੌਲ ਕਾਂਗਰਸ ਹਾਈਕਮਾਨ ਲਈ ਵੀ ਚੁਣੌਤੀ ਬਣਦਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਮੁੱਖ ਮੰਤਰੀ ਨੂੰ ਸ੍ਰੀ ਸਿੱਧੂ ਨਾਲ ਮੱਤਭੇਦ ਦੂਰ ਕਰਨ ਦਾ ਮਸ਼ਵਰਾ ਵੀ ਦਿੱਤਾ ਸੀ ਪਰ ਦੋਵੇਂ ਆਗੂਆਂ ਦਰਮਿਆਨ ਅਜੇ ਤਕ ਮੀਟਿੰਗ ਸੰਭਵ ਨਹੀਂ ਹੋ ਸਕੀ ਹੈ। ਕੈਪਟਨ ਅਤੇ ਸਿੱਧੂ ਦਰਮਿਆਨ ਮੱਤਭੇਦ ਭਾਵੇਂ ਕਾਂਗਰਸ ਸਰਕਾਰ ਦੇ ਹੋਂਦ 'ਚ ਆਉਣ ਤੋਂ ਕੁਝ ਮਹੀਨਿਆਂ ਬਾਅਦ ਹੀ ਸ਼ੁਰੂ ਹੋ ਗਏ ਸਨ ਪਰ ਮੇਅਰਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੂੰ ਲਾਂਭੇ ਕਰ ਦੇਣ ਨਾਲ ਮਾਮਲਾ ਜਨਤਕ ਤੌਰ 'ਤੇ ਸਾਹਮਣੇ ਆ ਗਿਆ। ਸ੍ਰੀ ਸਿੱਧੂ ਵੱਲੋਂ ਅਕਾਲੀ-ਭਾਜਪਾ ਸਰਕਾਰ ਵੇਲੇ ਤੋਂ ਕੇਬਲ ਕਾਰੋਬਾਰ 'ਤੇ ਏਕਾਅਧਿਕਾਰ ਕਾਇਮ ਕਰ ਚੁੱਕੀ ਵਿਵਾਦਿਤ ਕੰਪਨੀ 'ਫਾਸਟਵੇਅ' ਤੇ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ਼ ਖੁੱਲ੍ਹ ਕੇ ਮੈਦਾਨ 'ਚ ਨਿੱਤਰਨਾ ਅਤੇ ਕੁਝ ਚੋਣਵੇਂ ਅਫ਼ਸਰਾਂ ਖਿਲਾਫ਼ ਕਾਰਵਾਈ ਦੀਆਂ ਸਿਫਾਰਿਸ਼ਾਂ ਨੂੰ ਹੀ ਦੋਵੇਂ ਆਗੂਆਂ ਦਰਮਿਆਨ ਮੱਤਭੇਦ ਉਭਰਣ ਦੇ ਵੱਡੇ ਕਾਰਨ ਮੰਨਿਆ ਜਾ ਰਿਹਾ ਹੈ। ਸੂਤਰਾਂ ਨੇ ਕਿਹਾ ਕਿ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਵੀ ਕਈ ਮਾਮਲਿਆਂ 'ਚ ਸ੍ਰੀ ਸਿੱਧੂ ਖੁੱਲ੍ਹ ਕੇ ਬੋਲਦੇ ਹਨ।

ਕਾਂਗਰਸ ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਲ ਹੀ 'ਚ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨਾਲ ਜਦੋਂ ਮੀਟਿੰਗ ਹੋਈ ਸੀ ਤਾਂ ਸ੍ਰੀ ਗਾਂਧੀ ਨੇ ਨਵਜੋਤ ਸਿੰਘ ਸਿੱਧੂ ਨਾਲ ਵਿਗੜ ਰਹੇ ਸਬੰਧਾਂ ਦਾ ਮਾਮਲਾ ਵਿਚਾਰਿਆ ਸੀ ਅਤੇ ਉਨ੍ਹਾਂ ਨੂੰ ਮੱਤਭੇਦ ਦੂਰ ਕਰਨ ਦੀ ਸਲਾਹ ਦਿੱਤੀ ਸੀ। ਕੈਪਟਨ ਅਤੇ ਰਾਹੁਲ ਗਾਂਧੀ ਦਰਮਿਆਨ ਹੋਈ ਮੀਟਿੰਗ ਦੌਰਾਨ ਕਾਂਗਰਸ ਦੇ ਹੋਰ ਨੇਤਾ ਵੀ ਮੌਜੂਦ ਸਨ। ਇਸੇ ਮੀਟਿੰਗ ਦੌਰਾਨ ਹੀ ਰਾਣਾ ਗੁਰਜੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕਰਨ ਦਾ ਫ਼ੈਸਲਾ ਲਿਆ ਗਿਆ ਸੀ। ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਨੇ ਸ੍ਰੀ ਸਿੱਧੂ ਨੂੰ ਵੀ ਮੱਤਭੇਦ ਖ਼ਤਮ ਕਰਨ ਲਈ ਕਿਹਾ ਸੀ। ਸ੍ਰੀ ਗਾਂਧੀ ਦੇ ਦਖ਼ਲ ਤੋਂ ਬਾਅਦ ਵੀ ਦੋਹਾਂ ਆਗੂਆਂ

ਬਾਕੀ ਸਫ਼ਾ 28 'ਤੇ


# Global Solution for Transportation

Global Solution For Transportation ਵਲੋਂ Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

**E Trucking Solution**
- Trucking Management Software
- Complete Compliance Management
- Billing
- Dispatch By Phone app
- Accounting
- Maintenance Record

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ ਸਾਰੇ ਪਰਮਿਟ ਕੇਵਲ 99 ਡਾਲਰ 'ਚ
ਕੰਡੀਸ਼ਨ ਅਪਲਾਈ

**Global Truck Permits**
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing


Rajinder Singh Tanda

Call For Our Special Promotion -
All Permits For $99.00 only, For A New Company (condition apply)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**Address: 4646 Qantas Ln, Ste B14 Stockton CA 95206**

Office - 1-800- 936 4011, 209-636-0880 Cell - (510) 557-6988, Fax - (209) 636 0850

email info@etruckingsolution.com www.etruckingsolution.com


Lakhvir Singh

# ਬਹਿਬਲ ਕਲਾਂ ਗੋਲੀ ਕਾਂਡ ਸਬੰਧੀ ਗੋਲੀ ਕਿਸ ਹਥਿਆਰ ਤੋਂ ਚੱਲੀ ਪਤਾ ਨਾ ਲੱਗਾ

**• ਲਾਸ਼ਾਂ 'ਚੋਂ ਮਿਲੀਆਂ ਗੋਲੀਆਂ 38 ਦਿਨ ਬਾਜਾਖਾਨਾ ਥਾਣੇ ਦੇ ਮਾਲਖਾਨੇ 'ਚ ਰੱਖ ਛੱਡੀਆਂ • ਪੁਲੀਸ 'ਤੇ ਉੱਠ ਰਹੇ ਸਵਾਲ**

**ਚੰਡੀਗੜ੍ਹ/ਬਿਊਰੋ ਨਿਊਜ਼:**
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪਾਂ ਦੀ ਬਹਿਬਲ ਕਲਾਂ ਵਿਚ ਬੇਅਦਬੀ ਦੇ ਵਿਰੋਧ ਵਿਚ ਪ੍ਰਦਰਸ਼ਨ ਕਰ ਰਹੇ ਦੋ ਸਿੱਖ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ 'ਚ ਹਰ ਰੋਜ਼ ਨਵੀਆਂ ਪਰਤਾਂ ਖੁੱਲ੍ਹਦੀਆਂ ਜਾ ਰਹੀਆਂ ਹਨ, ਉੱਥੇ ਇਸ ਮਾਮਲੇ ਵਿਚ ਪੁਲੀਸ ਦੀ ਭੂਮਿਕਾ 'ਤੇ ਹੀ ਸਵਾਲ ਖੜ੍ਹੇ ਹੋ ਰਹੇ ਹਨ। ਹੁਣ ਤੱਕ ਦੀ ਜਾਂਚ ਵਿਚ ਪਤਾ ਲੱਗਿਆ ਹੈ ਕਿ ਗੋਲੀ ਕਾਂਡ ਵਿਚ ਮਰਨ ਵਾਲੇ ਪਿੰਡ ਨਿਆਮੀ ਵਾਲਾ ਦੇ ਕ੍ਰਿਸ਼ਨ ਭਗਵਾਨ ਸਿੰਘ ਦੀ ਲਾਸ਼ 'ਚੋਂ ਕੱਢੀਆਂ ਗਈਆਂ ਗੋਲੀਆਂ ਨੂੰ ਜਾਂਚ ਲਈ ਐੱਫ. ਐੱਸ. ਐੱਲ. ਦੇ ਕੋਲ ਭੇਜਣ ਤੋਂ ਪਹਿਲਾਂ ਪੁਲੀਸ ਨੇ 38 ਦਿਨ ਆਪਣੇ ਕੋਲ ਰੱਖਿਆ ਸੀ। ਫਰੀਦਕੋਟ ਮੈਡੀਕਲ ਕਾਲਜ ਵਿਚ ਮਰਨ ਵਾਲੇ ਗੁਰਜੀਤ ਸਿੰਘ ਦਾ ਪੋਸਟਮਾਰਟਮ 16 ਅਕਤੂਬਰ 2015 ਨੂੰ ਡਾ. ਰਾਜੀਵ ਜੋਸ਼ੀ ਨੇ ਕੀਤਾ। ਉਸੇ ਦਿਨ ਡਾਕਟਰਾਂ ਨੇ ਲਾਸ਼ ਤੋਂ ਗੋਲੀਆਂ ਕੱਢ ਕੇ ਬਾਜਾਖਾਨਾ ਦੇ ਮੁਣਸ਼ੀ ਸ਼ਿਵਰਾਜ ਨੂੰ ਸੌਂਪ ਦਿੱਤੀ।

ਮੁਣਸ਼ੀ ਨੇ ਇਹ ਸੀਲਡ ਗੋਲੀਆਂ ਰਿਸੀਵ ਕਰਕੇ ਡੀ. ਡੀ. ਆਰ. ਕੱਟਣ ਤੋਂ ਬਾਅਦ ਇਨ੍ਹਾਂ ਨੂੰ ਮਾਲਖਾਨੇ ਵਿਚ ਜਮ੍ਹਾਂ ਕਰਵਾ ਦਿੱਤਾ। ਇਸ ਤੋਂ ਬਾਅਦ 23 ਨਵੰਬਰ 2015 ਨੂੰ ਇਹ ਗੋਲੀਆਂ ਤੇ ਹਥਿਆਰ ਜਾਂਚ ਲਈ ਮੋਹਾਲੀ ਸਥਿਤ ਫਾਰੈਂਸਿਕ ਸਾਇੰਸ ਲੈਬੋਰਟਰੀ ਨੂੰ ਸੌਂਪੇ ਗਏ ਅਰਥਾਤ ਜਾਂਚ ਲਈ ਭੇਜਣ ਤੋਂ ਪਹਿਲਾਂ ਇਨ੍ਹਾਂ ਨੂੰ 38 ਦਿਨ ਤੱਕ ਥਾਣਾ ਬਾਜਾਖਾਨਾ ਦੇ ਮਾਲਖਾਨੇ ਵਿਚ ਹੀ ਰੱਖਿਆ ਗਿਆ। ਥਾਣਾ ਪੁਲੀਸ ਦੇ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੈ ਕਿ ਗੋਲੀਆਂ ਨੂੰ 38 ਦਿਨ ਤੱਕ ਜਾਂਚ ਲਈ ਕਿਉਂ ਨਹੀਂ ਭੇਜਿਆ ਗਿਆ।





### ਆਈ.ਜੀ. ਨੇ ਡੀ.ਜੀ.ਪੀ. ਨੂੰ ਸੌਂਪੀ 7 ਸਫ਼ਿਆਂ ਦੀ ਰਿਪੋਰਟ

ਜਾਂਚ ਕਮਿਸ਼ਨ ਨੇ ਡੀ. ਜੀ. ਪੀ. ਨੂੰ ਇਹ ਪਤਾ ਲਗਾਉਣ ਦੇ ਨਿਰਦੇਸ਼ ਦਿੱਤੇ ਸਨ ਕਿ ਗੋਲੀਆਂ ਦੇ ਨਾਲ ਛੇੜਖਾਨੀ ਦਾ ਜ਼ਿੰਮੇਵਾਰ ਕੌਣ ਹੈ, ਤਾਂ ਕਿ ਪੂਰੀ ਘਟਨਾ ਦਾ ਪਤਾ ਲਗ ਸਕੇ। ਇਸ 'ਤੇ ਡੀ. ਜੀ. ਪੀ. ਨੇ ਆਈ. ਜੀ. ਬਠਿੰਡਾ ਜ਼ੋਨ ਐੱਮ. ਐੱਸ. ਛੀਨਾ ਤੋਂ ਰਿਪੋਰਟ ਮੰਗੀ ਸੀ। ਛੀਨਾ ਨੇ ਸੱਤ ਸਫ਼ਿਆਂ ਦੀ ਰਿਪੋਰਟ ਡੀ. ਜੀ. ਪੀ. ਨੂੰ ਸੌਂਪ ਦਿੱਤੀ ਹੈ। ਇਸ ਵਿਚ ਇਹ ਖੁਲਾਸਾ ਹੋਇਆ ਹੈ ਕਿ ਗੋਲੀ ਕਾਂਡ ਦੇ 38 ਦਿਨ ਬਾਅਦ ਤੱਕ ਗੋਲੀਆਂ ਜਾਂਚ ਦੇ ਲਈ ਨਹੀਂ ਭੇਜੀਆਂ ਗਈਆਂ, ਸਗੋਂ ਮਾਲਖਾਨੇ ਵਿਚ ਪਈਆਂ ਰਹੀਆਂ। ਛੇੜਖਾਨੀ ਕਿਸ ਨੇ ਕੀਤੀ, ਇਸ ਬਾਰੇ ਆਈ. ਜੀ. ਵੀ ਰਿਪੋਰਟ ਵਿਚ ਕੋਈ ਖੁਲਾਸਾ ਨਹੀਂ ਕਰ ਸਕੇ।

### ਸੀ. ਐੱਫ. ਐੱਸ. ਐੱਲ. ਨੂੰ ਦੋ ਸਾਲ ਬਾਅਦ ਸੌਂਪੀਆਂ ਗੋਲੀਆਂ

ਮੋਹਾਲੀ ਐੱਫ. ਐੱਸ. ਐੱਲ ਨੇ ਬੁਲੇਟ ਤੇ ਅੱਠ ਹਥਿਆਰਾਂ ਦੀ ਜਾਂਚ ਤੋਂ ਬਾਅਦ ਰਿਪੋਰਟ ਜਾਂਚ ਕਮੇਟੀ ਨੂੰ ਸੌਂਪ ਦਿੱਤੀ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਜਿਹੜੇ ਹਥਿਆਰ ਉਨ੍ਹਾਂ ਨੂੰ ਜਾਂਚ ਲਈ ਸੌਂਪੇ ਗਏ ਹਨ, ਉਨ੍ਹਾਂ ਤੋਂ ਇਹ ਗੋਲੀਆਂ ਚੱਲਣ ਦੀ ਗੱਲ ਸਾਫ਼ ਨਹੀਂ ਹੋ ਸਕੀ ਹੈ। ਐੱਫ. ਐੱਸ. ਐੱਲ. ਨੇ ਬੁਲੇਟ ਤੇ ਹਥਿਆਰ ਵਾਪਸ ਬਾਜਾਖਾਨਾ ਪੁਲੀਸ ਨੂੰ ਸੌਂਪ ਦਿੱਤੇ। ਉਸ ਤੋਂ ਦੋ ਸਾਲ ਬਾਅਦ ਗੋਲੀਆਂ ਤੇ ਅੱਠ ਹਥਿਆਰਾਂ ਨੂੰ ਮੁੜ ਜਾਂਚ ਲਈ 1 ਮਾਰਚ 2017 ਨੂੰ ਕੇਂਦਰ ਦੀ ਚੰਡੀਗੜ੍ਹ ਸਥਿਤ ਸੀ. ਐੱਫ. ਐੱਸ. ਐੱਲ. ਭੇਜ ਦਿੱਤਾ ਗਿਆ। ਇਹ ਰਿਪੋਰਟ ਬਾਜਾਖਾਨਾ ਥਾਣੇ ਦੇ ਐੱਸ. ਐੱਚ. ਓ. ਬੇਅੰਤ ਸਿੰਘ ਸੀ. ਐੱਫ. ਐੱਸ. ਐੱਲ. ਵਿਚ ਜਮ੍ਹਾਂ ਕਰਵਾ ਕੇ ਆਏ। ਜਾਂਚ ਤੋਂ ਬਾਅਦ ਸੀ. ਐੱਫ. ਐੱਸ. ਐੱਲ. ਨੇ ਰਿਪੋਰਟ ਜਾਂਚ ਕਮੇਟੀ ਨੂੰ ਸੌਂਪੀ, ਜਿਸ ਵਿਚ ਖੁਲਾਸਾ ਹੋਇਆ ਕਿ ਜਾਂਚ ਲਈ ਦਿੱਤੀਆਂ ਗੋਲੀਆਂ ਦੇ ਨਾਲ ਛੇੜਖਾਨੀ ਕੀਤੀ ਗਈ ਹੈ। ਅਜਿਹੀ ਹਾਲਤ ਵਿਚ ਇਹ ਪਤਾ ਨਹੀਂ ਲੱਗ ਸਕਦਾ ਕਿ ਇਹ ਗੋਲੀਆਂ ਕਿਸ ਹਥਿਆਰ ਤੋਂ ਚੱਲੀਆਂ।

### ਰਿਪੋਰਟ ਮਿਲ ਗਈ



'ਬਹਿਬਲ ਕਲਾਂ 'ਚ ਵਾਪਰੇ ਗੋਲੀ ਕਾਂਡ ਨਾਲ ਸਬੰਧਿਤ ਰਿਪੋਰਟ ਮਿਲ ਚੁੱਕੀ ਹੈ। ਇਸ ਮਾਮਲੇ ਨੂੰ ਪੂਰੀ ਤਰ੍ਹਾਂ ਸਟੱਡੀ ਕਰਨ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

-ਸੁਰੇਸ਼ ਅਰੋੜਾ, ਡੀਜੀਪੀ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • ELD No Problem

Call for more Info:

Phone: (209) 242-9569, (209)564-8899

2101 MARTIN LUTHER KING JR WAY STOCKTON, CA 95205



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਵਿਦਿਆਰਥੀਆਂ ਦੇ ਧਰਨੇ ਮੌਕੇ ਜ਼ਖ਼ਮੀ ਗੰਨਮੈਨ ਨੇ ਦਮ ਤੋੜਿਆ

**ਜੈਤੋ, ਫ਼ਰੀਦਕੋਟ/ਬਿਊਰੋ ਨਿਊਜ਼,** ਵਿਦਿਆਰਥੀਆਂ ਦੇ ਧਰਨੇ ਦੌਰਾਨ ਬੀਤੇ ਦਿਨੀਂ ਚੱਲੀ ਗੋਲੀ ਵਿੱਚ ਡੀਐੱਸਪੀ ਬਲਜਿੰਦਰ ਸਿੰਘ ਦੀ ਮੌਤ ਦੌਰਰਾਨ ਉਸ ਨਾਲਜ਼ਖ਼ਮੀ ਹੋਏ ਪੁਲੀਸ ਮੁਲਾਜ਼ਮ ਲਾਲ ਸਿੰਘ ਦੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਮੌਤ ਹੋ ਗਈ। ਲਾਲ ਸਿੰਘ ਨੂੰ ਹਾਦਸੇ ਤੋਂ ਬਾਅਦ ਇੱਥੋਂ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਆਈਸੀਯੂ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਧਰਨੇ ਵਿੱਚ ਚੱਲੀ ਗੋਲੀ ਦੌਰਾਨ ਡੀਐੱਸਪੀ ਬਲਜਿੰਦਰ ਸਿੰਘ ਦੀ ਉਸੇ ਦਿਨ ਮੌਤ ਹੋ ਗਈ ਸੀ ਜਦੋਂਕਿ ਲਾਲ ਸਿੰਘ ਸਿਰ 'ਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ। ਡਾਕਟਰਾਂ ਨੇ ਲਾਲ ਸਿੰਘ ਦੇ ਸਿਰ ਵਿੱਚੋਂ ਗੋਲੀ ਕੱਢ ਦਿੱਤੀ ਸੀ ਜਿਸ ਤੋਂ ਬਾਅਦ ਉਸ ਦੀ ਹਾਲਤ ਗੰਭੀਰ ਬਣੀ ਹੋਈ ਸੀ।

# ਧਰਨੇ 'ਚ ਗੋਲੀ ਨਾਲ ਡੀਐਸਪੀ ਦੀ ਮੌਤ ਬਾਰੇ ਹੋਵੇਗੀ ਜਾਂਚ

**ਜੈਤੋ/ਬਿਊਰੋ ਨਿਊਜ਼:** ਇਥੋਂ ਦੇ ਯੂਨੀਵਰਸਿਟੀ ਕਾਲਜ ਵਿੱਚ ਜੈਤੋ ਦੇ ਐਸਐਚਓ ਗੁਰਜੀਤ ਸਿੰਘ ਖ਼ਿਲਾਫ਼ ਵਿਦਿਆਰਥੀਆਂ ਵੱਲੋਂ ਲਾਏ ਧਰਨੇ ਦੌਰਾਨ ਭੇਤਭਰੀ ਹਾਲਤ 'ਚ ਗੋਲੀ ਲੱਗਣ ਨਾਲ ਡੀਐਸਪੀ, ਜੈਤੋ ਬਲਜਿੰਦਰ ਸਿੰਘ ਸੰਧੂ ਦੀ ਮੌਤ ਹੋ ਗਈ। ਇਸ ਘਟਨਾ 'ਚ ਗੰਨਮੈਨ ਲਾਲ ਸਿੰਘ ਜ਼ਖ਼ਮੀ ਹੋ ਗਿਆ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਫ਼ਰੀਦਕੋਟ 'ਚ ਦਾਖ਼ਲ ਕਰਾਇਆ ਗਿਆ ਸੀ। ਜੈਤੋ ਪੁਲੀਸ ਨੇ ਇਸ ਮਾਮਲੇ 'ਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਆਈਪੀਸੀ ਦੀ ਧਾਰਾ 306 ਤਹਿਤ ਕੇਸ ਦਰਜ ਕਰ ਲਿਆ ਹੈ ਪਰ ਅਜੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਾਣਕਾਰੀ ਮੁਤਾਬਕ 12 ਜਨਵਰੀ ਨੂੰ ਐਸਐਚਓ ਗੁਰਜੀਤ ਸਿੰਘ ਨੇ ਕਾਲਜ ਦੇ ਦੋ ਵਿਦਿਆਰਥੀਆਂ ਤੇ



ਇਕ ਵਿਦਿਆਰਥਣ ਦੀ ਥਾਣੇ ਲਿਜਾ ਕੇ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਸੀ। ਵਿਦਿਆਰਥੀਆਂ ਵੱਲੋਂ ਇਹ ਮਾਮਲਾ ਪੁਲੀਸ ਦੇ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਐਸਐਚਓ ਵਿਰੁੱਧ ਕੋਈ ਕਾਰਵਾਈ ਨਾ ਹੋਣ 'ਤੇ ਸੋਮਵਾਰ ਨੂੰ ਇਨਕਲਾਬੀ ਵਿਦਿਆਰਥੀ ਮੰਚ ਵੱਲੋਂ ਕਾਲਜ 'ਚ ਧਰਨਾ ਦਿੱਤਾ ਗਿਆ ਸੀ। ਧਰਨਾਕਾਰੀਆਂ ਨੂੰ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਸਮਰਥਨ ਦਿੱਤਾ ਸੀ। ਇਸ ਦੌਰਾਨ ਕਾਲਜ ਵਿਦਿਆਰਥੀਆਂ ਦੀ ਵੀ ਹਾਲਤ ਕਾਫ਼ੀ ਨਾਜ਼ੁਕ ਹੈ।

ਉੱਚ ਪੁਲੀਸ ਅਧਿਕਾਰੀਆਂ ਅਨੁਸਾਰ ਰੋਸ ਮੁਜ਼ਾਹਰੇ 'ਚ ਡੀਐਸਪੀ ਵੱਲੋਂ ਖੁਦ ਨੂੰ ਗੋਲੀ ਮਾਰਨ ਅਤੇ ਇਸ ਘਟਨਾ ਨਾਲ ਜੁੜੇ ਹਰ ਪਹਿਲੂ ਦੀ ਪੁਲੀਸ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਦੱਸਣਯੋਗ ਹੈ ਕਿ ਡੀਐਸਪੀ ਬਲਜਿੰਦਰ ਸਿੰਘ ਰਾਜਪੁਰਾ (ਪਟਿਆਲਾ) ਦਾ ਵਸਨੀਕ ਸੀ। ਫ਼ਰੀਦਕੋਟ ਦੇ ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਡੀਐਸਪੀ ਸੰਧੂ ਦੀ ਮੌਤ ਬਾਰੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਪੜਤਾਲ ਮੁਕੰਮਲ ਹੋਣ ਬਾਅਦ ਇਸ ਮਾਮਲੇ 'ਚ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਪੁਲੀਸ ਪਹਿਲਾਂ ਡੀਐਸਪੀ ਦੀ ਮੌਤ ਨੂੰ ਕਤਲ ਵਜੋਂ ਪੇਸ਼ ਕਰ ਰਹੀ ਸੀ ਪਰ ਸੋਸ਼ਲ ਮੀਡੀਆ 'ਤੇ ਸਮੁੱਚੀ ਘਟਨਾ ਦੀ ਵੀਡੀਓ ਜਨਤਕ ਹੋਣ ਬਾਅਦ ਪੁਲੀਸ ਨੂੰ ਆਪਣਾ ਪੱਖ ਬਦਲਣਾ ਪਿਆ। ਇਸ ਕਾਰਨ ਪੁਲੀਸ ਨੇ ਘਟਨਾ ਤੋਂ ਸੱਤ ਘੰਟੇ ਬਾਅਦ ਵੀ ਕਿਸੇ ਵਿਅਕਤੀ ਖ਼ਿਲਾਫ਼ ਕੇਸ ਦਰਜ ਨਹੀਂ ਕੀਤਾ।

## ਡੀਐਸਪੀ ਵੱਲੋਂ ਖ਼ੁਦ ਨੂੰ ਗੋਲੀ ਮਾਰਨ ਦੀ ਪੜਤਾਲ ਜਾਰੀ: ਡੀਆਈਜੀ

**ਫ਼ਰੀਦਕੋਟ/ਬਿਊਰੋ ਨਿਊਜ਼:** ਫਿਰੋਜ਼ਪੁਰ ਰੇਂਜ ਦੇ ਡੀਆਈਜੀ ਰਜਿੰਦਰ ਕੁਮਾਰ ਨੇ ਪੱਤਰਕਾਰਾਂ ਨੂੰ ਕਿਹਾ ਕਿ ਸਿਰ ਵਿੱਚ ਗੋਲੀ ਲੱਗਣ ਕਾਰਨ ਡੀਐਸਪੀ ਸੰਧੂ ਦੀ ਮੌਤ ਹੋ ਗਈ ਹੈ ਅਤੇ ਗੰਨਮੈਨ ਲਾਲ ਸਿੰਘ ਇਕ ਗੁੱਟ ਧਰਨਾਕਾਰੀਆਂ ਖ਼ਿਲਾਫ਼ ਪ੍ਰਦਰਸ਼ਨ ਲਈ ਅੱਗੇ ਆ ਗਿਆ। ਦੋਹਾਂ ਧਿਰਾਂ ਦੇ ਸੰਭਾਵੀਂ ਟਕਰਾਅ ਨੂੰ ਰੋਕਣ ਲਈ ਡੀਐਸਪੀ ਸੰਧੂ ਵਿਚਾਲੇ ਆ ਗਏ। ਇਥੇ ਮੱਚੇ ਘੜਮੱਸ ਦੌਰਾਨ ਗੋਲੀ ਚੱਲੀ, ਜੋ ਡੀਐਸਪੀ ਦੇ ਸਿਰ 'ਚੋਂ ਲੰਘਦੀ ਹੋਈ ਕੋਲ ਖੜ੍ਹੇ ਗੰਨਮੈਨ ਲਾਲ ਸਿੰਘ ਦੇ ਵੱਜੀ। ਦੋਹੇਂ ਜ਼ਮੀਨ 'ਤੇ ਡਿੱਗ ਪਏ ਅਤੇ ਭਗਦੜ ਮੱਚ ਗਈ। ਡੀਐਸਪੀ ਸੰਧੂ ਅਤੇ ਗੰਨਮੈਨ ਨੂੰ ਮੈਡੀਕਲ ਕਾਲਜ, ਫ਼ਰੀਦਕੋਟ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਡੀਐਸਪੀ ਨੂੰ ਮ੍ਰਿਤਕ ਐਲਾਨ ਦਿੱਤਾ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਡੀਐਸਪੀ ਬਲਜਿੰਦਰ ਸਿੰਘ ਸੰਧੂ ਦੇ ਗੰਨਮੈਨ ਲਾਲ ਸਿੰਘ ਨੂੰ ਦਾਖ਼ਲ ਕਰਵਾਇਆ ਗਿਆ ਸੀ। ਡਾਕਟਰਾਂ ਨੇ ਲਾਲ ਸਿੰਘ ਦੇ ਸਿਰ ਵਿਚੋਂ ਗੋਲੀ ਕੱਢ ਦਿੱਤੀ ਸੀ, ਪਰ ਉਸਦੀ ਹਾਲਤ ਕਾਫ਼ੀ ਗੰਭੀਰ ਸੀ ਅਤੇ ਉਸ ਦੀ ਮੌਤ ਹੋ ਗਈ।

**ਕੈਪਟਨ ਵੱਲੋਂ ਦੁੱਖ ਦਾ ਪ੍ਰਗਟਾਵਾ**

ਜੈਤੋ ਵਿੱਚ ਡੀਐਸਪੀ ਬਲਜਿੰਦਰ ਸਿੰਘ ਦੀ ਗੋਲੀ ਲੱਗਣ ਕਾਰਨ ਹੋਈ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਪੁਲੀਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਵਿੱਕੀ ਗੌਂਡਰ ਦੇ ਪੁਲੀਸ ਮੁਕਾਬਲੇ ਨੂੰ ਸੱਚਾ ਦੱਸਦਿਆਂ ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਸੀ।

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
• ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
• ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
• ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
• 50% ਹੁੱਕ ਡਰਾਪ
• ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
• Excellent Payment
• Easy Aboard ELD Logbook



MC NO. # 464630
6120 Faith Home Rd Ceres, CA 95307
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

# ਬਸਤੀਵਾਦੀ ਕਾਨੂੰਨਾਂ ਰਾਹੀਂ ਸੰਘਰਸ਼ੀਲ ਲੋਕਾਂ ਦੀ ਆਵਾਜ਼ ਤੇ ਹੱਕਾਂ ਨੂੰ ਕੁਚਲਣ ਵਾਲਾ ਭਾਰਤੀ ਲੋਕਤੰਤਰ ਨਿਰਾ ਢਕੌਂਜ: ਦਲ ਖਾਲਸਾ




**ਮਾਨਸਾ/ਸਿੱਖ ਸਿਆਸਤ ਬਿਊਰੋ:** ਭਾਰਤ ਦੇ ਗਣਤੰਤਰ ਦਿਵਸ 26 ਜਨਵਰੀ ਨੂੰ ਵਿਸਾਹਘਾਤ ਦਿਹਾੜੇ ਵਜੋਂ ਮਨਾਉਦਿਆਂ, ਦਲ ਖਾਲਸਾ ਨੇ ਦੋਸ਼ ਲਾਇਆ ਕਿ ਜਿਹੜਾ (ਭਾਰਤ) ਲੋਕਤੰਤਰ ਆਪਣੇ ਲੋਕਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਤੋਂ ਇਨਕਾਰੀ ਹੋਵੇ ਅਤੇ ਲੋਕਾਂ ਦੇ ਵੱਖਰੇ ਵਿਚਾਰਾਂ ਨੂੰ ਕੁਚਲਣ ਲਈ ਬਸਤੀਵਾਦੀ ਕਾਨੂੰਨਾਂ ਦਾ ਸਹਾਰਾ ਲਵੇ, ਉਹ ਨਿਰਾ ਢਕੌਂਜ ਅਤੇ ਬੁਰੀ ਤਰ੍ਹਾਂ ਫੇਲ੍ਹ ਲੋਕਤੰਤਰ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਭਾਰਤ-ਪਾਕਿ ਵੰਡ ਮੌਕੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਲੋਂ ਕੀਤੇ ਵਾਅਦੇ ਦੀ ਰੌਸ਼ਨੀ ਵਿੱਚ ਸੰਘਰਸ਼ੀਲ ਕੌਮਾਂ ਨੂੰ 'ਸਵੈ-ਨਿਰਣੇ ਦਾ ਹੱਕ' ਮਿਲੇ। ਉਹਨਾਂ ਆਪਣੀ ਗੱਲ ਨੂੰ ਜੋਰਦਾਰ ਤਰੀਕੇ ਨਾਲ ਚੁੱਕਣ ਲਈ ਵੱਡਾ ਬੈਨਰ ਚੁਕਿਆ ਹੋਇਆ ਸੀ ਜਿਸ ਉਤੇ ਵਿਅੰਗਮਈ ਢੰਗ ਨਾਲ ਲਿਖਿਆ ਸੀ ਕਿ "ਕਿੱਥੇ ਹੈ ਸੰਯੁਕਤ ਰਾਸ਼ਟਰ ? ਪੰਜਾਬ ਨੂੰ ਕਿਉਂ ਨਹੀ ਦਿੱਤਾ ਜਾ ਰਿਹਾ ਹੈ ਸਵੈ-ਨਿਰਣੇ ਦਾ ਹੱਕ"। ਦਲ ਖਾਲਸਾ ਵਲੋਂ ਸੰਵਿਧਾਨਕ ਗ਼ੁਲਾਮੀ, ਬੇਇਨਸਾਫੀਆਂ ਅਤੇ ਵਧੀਕੀਆਂ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ। ਰੋਸ ਮੁਜ਼ਾਹਰੇ ਤੋਂ ਪਹਿਲਾਂ ਸ਼ਹਿਰ ਦੀਆਂ ਸੜਕਾਂ ਉਤੇ ਮਾਰਚ ਕੱਢਿਆ ਗਿਆ ਜਿਸ ਵਿੱਚ ਸੈਂਕੜੇ ਕਾਰਕਰਤਾਵਾਂ ਨੇ ਪੰਜਾਬ ਦੀ ਆਜ਼ਾਦੀ ਦੇ ਹੱਕ ਵਿੱਚ ਜੋਰਦਾਰ ਨਾਅਰੇਬਾਜੀ ਕੀਤੀ। ਇਸ ਮੌਕੇ ਕਾਰਜਰਤਾਵਾਂ ਨੇ ਹੱਥਾਂ ਵਿੱਚ ਕਾਲੇ ਝੰਡੇ ਅਤੇ ਵੱਡੇ ਬੈਨਰ ਫੜੇ ਹੋਏ ਸਨ, ਜਿਨਾਂ ਉਤੇ ਸੰਵਿਧਾਨਕ ਜ਼ਿਆਦਤੀਆਂ ਦੀ ਲੰਮੀ ਦਾਸਤਾਨ ਦਾ ਜ਼ਿਕਰ ਕਰਦਿਆਂ ਭਾਰਤੀ ਸੰਵਿਧਾਨ ਨੂੰ ਫਿਰਕਾਪ੍ਰਸਤ ਅਤੇ ਪੱਖਪਾਤੀ ਦਸਿਆ ਗਿਆ।

ਜਥੇਬੰਦੀ ਨੇ ਸਿੱਖ ਨੌਜਵਾਨਾਂ ਨੂੰ ਹਿੰਦੁਸਤਾਨ ਦੀ ਗੁਲਾਮੀ ਗਲੋਂ ਲਾਹੁਣ ਲਈ ਜੋਸ਼ ਅਤੇ ਹੋਸ਼ ਦੋਨਾਂ ਦੇ ਸੁਮੇਲ ਨਾਲ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਜਥੇਬੰਦੀ ਦੇ ਨੌਜਵਾਨਾਂ ਨੇ ਨਾਅਰੇ ਲਾਏ ਕਿ ਇਹ ਸੰਵਿਧਾਨ ਅਤੇ 26 ਜਨਵਰੀ ਸਿੱਖਾਂ ਲਈ ਬੇਗਾਨੀ ਹੈ। ਪਾਰਟੀ ਮੁਖੀ ਹਰਪਾਲ ਸਿੰਘ ਚੀਮਾ ਨੇ ਬੋਲਦਿਆਂ ਕਿਹਾ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਹੈ। ਉਹਨਾਂ ਕਿਹਾ ਕਿ ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸਨੂੰ ਲਾਗੂ ਕਰਨ ਨਾਲ ਹੀ ਹੋਵੇਗਾ। ਉਹਨਾਂ ਕਿਹਾ ਕਿ 'ਸਵੈ-ਨਿਰਣੇ ਦਾ ਹੱਕ' ਅਤੇ 'ਵੱਖ ਹੋਣ ਦਾ ਹੱਕ ਲੋਕਤੰਤਰ ਦਾ ਹਿੱਸਾ ਹਨ ਅਤੇ ਭਾਰਤੀ ਹੁਕਮਰਾਨ ਅਤੇ ਮੀਡੀਆ ਇਸਨੂੰ ਵੱਖਵਾਦ ਆਖਕੇ ਕੌਮਾਂ ਨੂੰ ਉਹਨਾਂ ਦਾ ਹੱਕ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਭਗੌੜਾ ਹੋਣ ਦਾ ਰਾਹ ਲੱਭ ਰਿਹਾ ਹੈ। ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਸਿੱਖਾਂ ਨੇ ਇਸ ਖਿਤੇ ਵਿਚ ਆਪਣਾ ਸਫਰ ਭਾਰਤੀ ਸੰਵਿਧਾਨ ਨੂੰ ਨਾ-ਮਨਜ਼ੂਰ ਕਰਕੇ ਆਰੰਭ ਕੀਤਾ ਕਿਉਕਿ ਇਹ ਸੰਵਿਧਾਨ ਉਹਨਾਂ ਨਾਲ ਧੋਖਾ ਸੀ ਅਤੇ ਬਾਅਦ ਦੇ 67 ਸਾਲਾਂ ਦੌਰਾਨ ਭਾਰਤੀ ਸਟੇਟ ਵਲੋਂ ਸਿੱਖਾਂ ਨਾਲ ਕੀਤੇ ਵਤੀਰੇ ਅਤੇ ਵਾਪਰੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ । ਉਹਨਾਂ ਕਿਹਾ ਕਿ ਦਿੱਲੀ ਦੇ ਹੁਕਮਰਾਨਾਂ ਨੇ ਸਿੱਖ ਸਮੱਸਿਆਵਾਂ ਨੂੰ ਜਾਂ ਤਾਂ ਅਣਗੌਲਿਆ ਕਰੀ ਰਖਿਆ, ਜਾਂ ਇਸ ਨੂੰ ਕਾਨੂੰਨ-ਵਿਵਸਥਾ ਦਾ ਮਸਲਾ ਬਣਾਕੇ ਸਿੱਖਾਂ ਦਾ ਸਰੀਰਕ ਘਾਣ ਕੀਤਾ। ਬਾਬਾ ਹਰਦੀਪ ਸਿੰਘ ਮਹਿਰਾਜ ਨੇ ਅਫਸੋਸ ਜਿਤਾਇਆ ਕਿ ਹਿੰਦੁਸਤਾਨ ਨੇ ਸਿੱਖਾਂ ਨਾਲ ਦੁਰਵਿਹਾਰ ਕੀਤਾ, ਸਾਡੀ ਅੱਡਰੀ ਪਛਾਣ ਖੋਹੀ, ਹਿੰਦੂ ਕਾਨੂੰਨ ਸਾਡੇ ਉਤੇ ਥੋਪੇ, ਸਾਡੇ ਉਤੇ ਹਿੰਦੂ ਧਰਮ ਦਾ ਅੰਗ ਹੋਣ ਦਾ ਲੇਬਲ ਲਾਇਆ ਅਤੇ ਇਨਸਾਫ ਅਤੇ ਹੱਕਾਂ ਤੋਂ ਵਾਂਝਿਆ ਰੱਖਿਆ। ਮਾਲਵਾ ਫੈਡਰੇਸ਼ਨ ਦੇ ਮੁਖੀ ਲਖਬੀਰ ਸਿੰਘ ਉਰਫ ਲੱਖਾ ਸਿਧਾਣਾ ਨੇ ਵੀ ਪ੍ਰਦਰਸ਼ਕਾਰੀਆਂ ਨੂੰ ਸੰਬੋਧਨ ਕੀਤਾ ਅਤੇ ਮਾਰਚ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਇਸ ਮੁਲਕ ਅੰਦਰ ਫਿਰਕਾਪ੍ਰਸਤ ਹੁਕਮਰਾਨ ਕੇਵਲ ਸਿੱਖਾਂ ਨੂੰ ਹੀ ਨਹੀਂ ਦਲਿਤ ਅਤੇ ਮੁਸਲਮਾਨਾਂ ਨੂੰ ਵੀ ਆਪਣੀ ਚਾਣਕਿਆ ਨੀਤੀ ਨਾਲ ਹਿੰਦੂਤਵ ਸੋਚ ਵਿੱਚ ਜ਼ਜ਼ਬ ਕਰਨ ਦੀਆਂ ਕੋਝੀਆਂ ਚਾਲਾਂ ਚੱਲ ਰਹੇ ਹਨ। ਉਹਨਾਂ ਸਾਰੇ ਮਜ਼ਲੂਮਾਂ ਨੂੰ ਜ਼ਾਲਮ ਹਕੂਮਤ ਵਿਰੁੱਧ ਇੱਕਠੇ ਹੋਣ ਦਾ ਸੱਦਾ ਦਿੱਤਾ। ਇਸ ਰੋਸ ਮੁਜ਼ਾਹਰੇ ਵਿੱਚ ਹੋਰਨਾਂ ਤੋਂ ਇਲਾਵਾ ਕੰਵਰਪਾਲ ਸਿੰਘ, ਅਮਰੀਕ ਸਿੰਘ ਈਸੜੂ, ਗੁਰਿੰਦਰ ਸਿੰਘ ਬਠਿੰਡਾ, ਗੁਰਤੇਜ ਸਿੰਘ, ਸੁਖਚੈਨ ਸਿੰਘ ਅਤਲਾ, ਹਰਮੋਇੰਦਰ ਸਿੰਘ ਹਰਮੋਏ, ਜਗਜੀਤ ਸਿੰਘ ਖੋਸਾ, ਰਣਬੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਸ਼ਾਮਿਲ ਸਨ।


JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com


## ਬੀਬੀਆਂ ਨੂੰ ਪ੍ਰਚਾਰਕ ਬਣਾਉਣ ਵਾਸਤੇ ਗੰਭੀਰ ਯਤਨ ਕਰਾਂਗੇ-ਭਾਈ ਲੌਂਗੋਵਾਲ

### *ਮਾਝੇ 'ਚ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ ਮੌਕੇ ਕੀਤਾ ਵਾਅਦਾ*

**ਅੰਮ੍ਰਿਤਸਰ/ਬਿਊਰੋ ਨਿਊਜ਼,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਦੀ ਪ੍ਰਚਾਰਕ ਸ਼੍ਰੇਣੀ ਵਿੱਚ ਬੀਬੀਆਂ ਦੀ ਸ਼ਮੂਲੀਅਤ ਲਈ ਸਿੱਖ ਸੰਸਥਾ ਵੱਲੋਂ ਗੰਭੀਰਤਾ ਨਾਲ ਯਤਨ ਕੀਤੇ ਜਾਣਗੇ। ਉਹ ਇੱਥੇ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਗੁਰਮਤਿ ਪ੍ਰਚਾਰ ਲਹਿਰ ਤਹਿਤ ਮਾਝਾ ਖੇਤਰ ਵਾਸਤੇ ਧਰਮ ਪ੍ਰਚਾਰ ਲਹਿਰ ਦੀ ਸ਼ੁਰੂਆਤ ਲਈ ਪੁੱਜੇ ਸਨ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰਮਤਿ ਸਮਾਗਮ ਨਾਲ ਗੁਰਮਤਿ ਲਹਿਰ ਦੀ ਸ਼ੁਰੂਆਤ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਅੱਜ ਸਮਾਜ ਵਿੱਚ ਅੰਧ-ਵਿਸ਼ਵਾਸ, ਕਰਮ ਕਾਂਡ ਤੇ ਵਹਿਮ-ਭਰਮ ਵਧੇਰੇ ਤੇਜ਼ੀ ਨਾਲ ਘਰ ਕਰ ਰਹੇ ਹਨ। ਸਮਾਜਿਕ ਕੁਰੀਤੀਆਂ ਵਿੱਚੋਂ ਮਨੁੱਖਤਾ ਨੂੰ ਬਾਹਰ ਕੱਢਣ ਲਈ ਗੁਰਮਤਿ ਪ੍ਰਚਾਰ ਲਹਿਰ ਦੀ ਵੱਡੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪ੍ਰਚਾਰਕ ਸ਼੍ਰੇਣੀ ਵਿੱਚ ਬੀਬੀਆਂ ਦੀ ਸ਼ਮੂਲੀਅਤ ਲਈ ਯਤਨ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਕੀ ਵਡਾਲੀ ਵਿਖੇ ਬਣਾਏ ਗਏ ਗਿਆਨੀ ਸੋਹਨ ਸਿੰਘ ਸ਼ੀਤਲ ਢਾਡੀ ਕਾਲਜ ਨੂੰ ਇਸੇ ਸਾਲ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ ਨੇ ਵਿਚਾਰ ਪ੍ਰਗਟਾਏ।




ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

## ਜਗਮੀਤ ਬਰਾੜ ਨੇ ਛੱਡੀ ਤ੍ਰਿਣਮੂਲ ਕਾਂਗਰਸ

**ਫਰੀਦਕੋਟ/ਬਿਊਰੋ ਨਿਊਜ਼:** ਸਾਬਕਾ ਸੰਸਦ ਮੈਂਬਰ ਅਤੇ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਸਾਬਕਾ ਮੈਂਬਰ ਜਗਮੀਤ ਸਿੰਘ ਬਰਾੜ ਨੇ ਹੁਣ ਤ੍ਰਿਣਮੂਲ ਕਾਂਗਰਸ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਤ੍ਰਿਣਮੂਲ ਕਾਂਗਰਸ ਦੇ ਪ੍ਰਧਾਨ ਮਮਤਾ ਬੈਨਰਜੀ ਨੂੰ ਇਕ ਹਫਤਾ ਪਹਿਲਾਂ ਅਸਤੀਫਾ ਭੇਜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਆਪਣੇ ਅਗਲੇ ਸਿਆਸੀ ਜੀਵਨ ਦੀ ਰਣਨੀਤੀ ਦੋਸਤਾਂ ਮਿੱਤਰਾਂ ਨਾਲ ਮਿਲ ਕੇ ਬਣਾਉਣਗੇ ਅਤੇ ਇਸ ਲਈ ਅਜੇ ਸਮਾਂ ਲੱਗੇਗਾ।

## ਬਕਾਇਆ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਤਿੰਨ ਲੱਖ ਕੇਸ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਿੰਨ ਲੱਖ ਤੋਂ ਵਧ ਪੈਂਡਿੰਗ ਕੇਸਾਂ ਦੇ ਨਿਬੇੜੇ ਲਈ ਬੀਤੇ ਦਿਨੀਂ ਲਗਾਤਾਰ ਅਦਾਲਤੀ ਕਾਰਵਾਈ ਚਲਾਉਣ ਲਈ ਪੰਜ ਵਿਸ਼ੇਸ਼ ਡਿਵੀਜ਼ਨ ਤੇ ਸਿੰਗਲ ਬੈਂਚਾਂ ਦਾ ਗਠਨ ਕੀਤਾ ਹੈ। ਚੀਫ ਜਸਟਿਸ ਵੱਲੋਂ ਜੁਡੀਸ਼ਲ ਰਜਿਸਟਰਾਰ ਨੇ ਪਾਸ ਕੀਤੇ ਹੁਕਮਾਂ ਵਿੱਚ ਸਪਸ਼ਟ ਕੀਤਾ ਹੈ ਕਿ ਡਿਵੀਜ਼ਨ ਅਤੇ ਸਿੰਗਲ ਬੈਂਚ 10 ਵਰ੍ਹਿਆਂ ਤੋਂ ਵਧ ਸਮੇਂ ਤੋਂ ਪੈਂਡਿੰਗ ਅਪਰਾਧਕ ਮਾਮਲਿਆਂ ਦੀ ਸੁਣਵਾਈ ਕਰਨਗੇ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਪੈਂਡਿੰਗ ਕੇਸਾਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਏਗੀ। ਉੱਚ ਅਦਾਲਤ ਦਾ ਇਹ ਫੈਸਲਾ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਮਈ 2017 ਵਿੱਚ ਪੈਂਡਿੰਗ ਕੇਸਾਂ ਦੀ ਗਿਣਤੀ 2011 ਦੇ 24366 ਕੇਸਾਂ ਦੇ ਮੁਕਾਬਲੇ ਵਧ ਕੇ 314870 ਹੋ ਗਈ ਹੈ। ਪੈਂਡਿੰਗ ਕੇਸਾਂ ਦੀ ਗਿਣਤੀ 2016 ਵਿੱਚ 3 ਲੱਖ ਦਾ ਅੰਕੜਾ ਪਾਰ ਕਰ ਗਈ ਸੀ। ਪੈਂਡਿੰਗ ਕੇਸਾਂ ਦਾ ਮਾਮਲਾ ਸਿੱਧੇ ਤੌਰ 'ਤੇ ਜੱਜਾਂ ਦੀ ਘਾਟ ਨਾਲ ਜੁੜਿਆ ਹੋਇਆ ਹੈ।

## ਕੇਂਦਰ ਸਰਕਾਰ ਗੁਰੂ ਗੋਬਿੰਦ ਸਿੰਘ ਨਾਲ ਸਬੰਧਿਤ ਸਥਾਨਾਂ 'ਤੇ ਕਰਵਾਏਗੀ ਧਾਰਮਿਕ ਸਮਾਗਮ

ਨਵੀਂ ਦਿੱਲੀ/ਬਿਊਰੋ ਨਿਊਜ਼:ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਹੈ ਕਿ ਕੇਂਦਰ ਵੱਲੋਂ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸਬੰਧਤ 22 ਅਸਥਾਨਾਂ 'ਤੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਜਾਵੇਗਾ। ਸ਼ਾਹ ਦੇ ਹਵਾਲੇ ਨਾਲ ਪਾਰਟੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ 10ਵੀਂ ਪਾਤਸ਼ਾਹੀ ਨੂੰ ਨਾ ਸਿਰਫ਼ ਯੋਧਾ ਕਰਾਰ ਦਿੱਤਾ, ਸਗੋਂ ਉਨ੍ਹਾਂ ਨੂੰ ਸਮਾਜ ਸੁਧਾਰਕ ਵੀ ਦੱਸਿਆ। ਭਾਜਪਾ ਪ੍ਰਧਾਨ ਨੇ ਕਿਹਾ ਕਿ ਸੇਵਾ ਅਤੇ ਕੁਰਬਾਨੀ ਦੇ ਰਾਹ 'ਤੇ ਚਲ ਕੇ ਸਿੱਖਾਂ ਨੇ ਦੁਨੀਆ ਭਰ ਵਿਚ ਸਿੱਖ ਧਰਮ ਦੀ ਸ਼ਾਨ ਵਧਾਈ ਹੈ।

## ਕਦੋਂ ਖਤਮ ਹੋਵੇਗਾ ਪੰਜਾਬ ਸਿਰ ਕਰੋੜਾਂ ਦਾ ਕਰਜ਼ਾ

ਚੰਡੀਗੜ੍ਹ/ਬਿਊਰੋ ਨਿਊਜ਼: ਵਿਵਾਦਾਂ ਵਿਚ ਆਏ ਪੰਜਾਬ ਦੇ 31,000 ਕਰੋੜ ਦੇ ਕਰਜੇ ਦੇ ਮਾਮਲੇ ਨਿਬੜਨ ਦੀ ਸੰਭਾਵਨਾ ਬਣ ਰਹੀ ਹੈ। ਕੇਂਦਰ ਵੱਲੋਂ ਇਸ ਮਾਮਲੇ 'ਤੇ ਬਣਾਈ ਮੁੜ ਸਮੀਖਿਆ ਕਮੇਟੀ ਦੇ ਪ੍ਰਸਤਾਵ ਅਨੁਸਾਰ, ਇਸ ਕਰਜੇ ਦਾ ਭਾਰ ਹੁਣ ਕੇਂਦਰ ਸਰਕਾਰ, ਬੈਂਕ ਅਤੇ ਪੰਜਾਬ ਸਰਕਾਰ ਮਿਲ ਕੇ ਸਹਿਣਗੇ। ਪੰਜਾਬ ਸਿਰ ਚੜ੍ਹੇ ਕਰਜੇ ਦਾ ਅਸਲ ਕਾਰਨ ਅਨਾਜ ਦੀ ਖਰੀਦ ਵਿਚ ਅਸਲ(ਐਕਚੂਲ) ਕੀਮਤ ਅਤੇ ਪ੍ਰੋਵੀਜ਼ਨਲ ਕੀਮਤ ਵਿਚ ਅੰਤਰ ਹੋਣਾ ਹੈ। ਜਾਣਕਾਰੀ ਅਨੁਸਾਰ, ਕੇਂਦਰ ਨੇ ਇਸ ਬਾਰੇ ਫਰਵਰੀ ਦੇ ਦੂਜੇ ਹਫਤੇ ਬੁਲਾਈ ਮੀਟਿੰਗ ਵਿਚ ਫੈਸਲਾ ਕਰਨਾ ਹੈ।

# ਗਾਂਧੀ ਵਲੋਂ ਮਰਨ ਤੋਂ ਪਹਿਲਾਂ 'ਹੇ ਰਾਮ' ਕਹਿਣ ਬਾਰੇ ਭੰਬਲਭੂਸਾ ਤੇਜ ਹੋਣ ਲੱਗਾ

**ਚੇਨਈ/ਬਿਊਰੋ ਨਿਊਜ਼,** ਇਕ ਦਹਾਕਾ ਪਹਿਲਾਂ ਇਹ ਦਾਅਵਾ ਕਰ ਕੇ ਕਿ 70 ਵਰ੍ਹੇ ਪਹਿਲਾਂ ਜਦੋਂ ਬਾਪੂ (ਮਹਾਤਮਾ ਗਾਂਧੀ) ਨੂੰ ਗੋਲੀ ਮਾਰੀ ਗਈ ਉਦੋਂ ਉਨ੍ਹਾਂ ਦੇ ਅੰਤਿਮ ਸ਼ਬਦ 'ਹੇ ਰਾਮ !' ਨਹੀਂ ਸੀ ਨਾਲ ਦੇਸ਼ ਨੂੰ ਹੈਰਾਨ ਕਰਨ ਵਾਲੇ ਨੱਬੇਵਿਆਂ ਵਿੱਚ ਚੱਲ ਰਹੇ ਉਨ੍ਹਾਂ ਦੇ ਨਿਜੀ ਸਕੱਤਰ ਵੈਂਕਟਾ ਕਲਿਆਣਮ ਨੇ ਕਿਹਾ ਕਿ ਉਨ੍ਹਾਂ ਦੇ ਉਚਾਰਣ ਨੂੰ ਗਲਤ ਸਮਝਿਆ ਗਿਆ। ਵੈਂਕਟਾ ਕਲਿਆਣਮ 1943 ਤੋਂ 1948 ਤਕ ਗਾਂਧੀ ਦੇ ਨਿਜੀ ਸਕੱਤਰ ਰਹੇ ਹਨ। ਉਨ੍ਹਾਂ ਪੀਟੀਆਈ ਨੂੰ ਦੱਸਿਆ "ਮੈਂ ਕਦੇ ਨਹੀਂ ਕਿਹਾ ਕਿ ਗਾਂਧੀ ਜੀ ਨੇ ਹੇ ਰਾਮ !' ਨਹੀਂ ਕਿਹਾ। ਮੈਂ ਕਿਹਾ ਸੀ ਕਿ ਮੈਂ ਉਨ੍ਹਾਂ ਨੂੰ ਹੇ ਰਾਮ!' ਕਹਿੰਦਿਆਂ ਨਹੀਂ ਸੁਣਿਆ ਤੇ। ਹੋ ਸਕਦਾ ਹੈ ਬਾਪੂ ਨੇ ਕਿਹਾ ਹੋਵੇ ਤੇ ਮੈਨੂੰ ਇਸ ਦੀ ਜਾਣਕਾਰੀ ਨਹੀਂ।" 96 ਸਾਲਾ ਕਲਿਆਣਮ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਜਨਵਰੀ 30, 1948 ਨੂੰ ਵਾਪਰੀ ਉਹ ਦਰਦਨਾਕ ਘਟਨਾ ਆਪਣੀ ਅੱਖੀਂ ਵੇਖੀ ਸੀ। ਉਨ੍ਹਾਂ ਨੇ ਇਸ ਘਟਨਾ ਬਾਅਦ ਪਏ ਰੌਲੇ ਰੱਪੇ ਵਿੱਚ ਕੁਝ ਨਹੀਂ ਸੁਣਿਆ।" ਉਨ੍ਹਾਂ ਕਿਹਾ ਕਿ ਜਦੋਂ ਮਹਾਤਮਾ ਨੂੰ ਗੋਲੀ ਮਾਰੀ ਗਈ ਉਦੋਂ ਹਰ ਕੋਈ ਚਿੱਲਾ ਰਿਹਾ ਸੀ ਅਤੇ ਇਸ ਰੌਲੇ ਰੱਪੇ ਵਿੱਚ ਉਨ੍ਹਾਂ ਨੇ ਕੁਝ ਨਹੀਂ ਸੁਣਿਆ। ਹੋ ਸਕਦਾ ਹੈ ਉਨ੍ਹਾਂ ਨੇ ਹੇ ਰਾਮ ਕਿਹਾ ਹੋਵੇ। ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਚੇਤੇ ਰਹੇ ਕਿ ਉਨ੍ਹਾਂ ਨੇ 2006 ਵਿੱਚ ਕੋਲਮ ਵਿੱਚ ਪ੍ਰੈਸ ਕਾਨਫਰੰਸ ਕਰ ਕੇ ਦੇਸ਼ ਨੂੰ ਹੈਰਾਨ ਕਰ ਦਿੱਤਾ ਸੀ ਕਿ ਜਦੋਂ ਬਾਪੂ ਨੂੰ ਨਾਥੂਰਾਮ ਗੌਡਸੇ ਨੇ ਗੋਲੀ ਮਾਰੀ ਉਦੋਂ ਉਨ੍ਹਾਂ ਨੇ ਹੇ ਰਾਮ! ਨਹੀਂ ਕਿਹਾ। ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਨੇ ਉਦੋਂ ਇਸ ਨੂੰ ਬਕਵਾਸ ਗਰਦਾਨਿਆ ਸੀ। ਕਲਿਆਣਮ ਨੇ ਕਿਹਾ ਕਿ ਗੌਡਸੇ ਨੇ ਗਾਂਧੀ ਨੂੰ ਇਕ ਵਾਰ ਮਾਰਿਆ ਪਰ ਰਾਜਨੀਤਕ ਪਾਰਟੀਆਂ ਉਨ੍ਹਾਂ ਦੇ ਸਿਧਾਂਤਾਂ ਨੂੰ ਨਾ ਮੰਨ ਕੇ ਰੋਜ਼ਾਨਾ ਅਜਿਹਾ ਕਰ ਰਹੀਆਂ ਹਨ।



## ਗਾਂਧੀ ਕਤਲ ਕੇਸ ਬਾਰੇ ਅੰਤਿਮ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਹੀ ਫਾਹੇ ਲਾ ਦਿੱਤੇ ਸੀ ਸਾਜ਼ਿਸ਼ਘਾੜੇ

**ਨਵੀਂ ਦਿੱਲੀ:** ਮਹਾਤਮਾ ਗਾਂਧੀ ਸਬੰਧੀ ਸੁਪਰੀਮ ਕੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਸਿਖ਼ਰਲੀ ਅਦਾਲਤ ਦੇ ਇਸ ਕਤਲ ਕੇਸ ਦੇ ਅੰਤਿਮ ਸਿੱਟੇ 'ਤੇ ਪੁੱਜਣ ਤੋਂ ਪਹਿਲਾਂ ਹੀ ਕਥਿਤ ਸਾਜ਼ਿਸ਼ਘਾੜਿਆਂ ਨੂੰ ਫਾਹੇ ਲਗਾ ਦਿੱਤਾ ਗਿਆ ਸੀ। ਸੁਪਰੀਮ ਕੋਰਟ, ਜਿਸ ਨੇ ਗਾਂਧੀ ਦੀ ਹੱਤਿਆ ਦੀ ਨਵੇਂ ਸਿਰਿਓਂ ਜਾਂਚ ਲਈ ਦਾਖ਼ਲ ਜਨਹਿੱਤ ਪਟੀਸ਼ਨ ਵਿਚਾਰ ਲਈ ਰੱਖ ਲਈ ਹੈ, ਨੂੰ ਦੱਸਿਆ ਗਿਆ ਕਿ ਭਾਰਤ ਦੀ ਸੁਪਰੀਮ ਕੋਰਟ ਦੇ ਹੋਂਦ (26 ਜਨਵਰੀ, 1950) ਵਿੱਚ ਆਉਣ ਤੋਂ 71 ਦਿਨ ਪਹਿਲਾਂ ਦੋ ਕਥਿਤ ਸਾਜ਼ਿਸ਼ਘਾੜਿਆਂ ਨਾਥੂਰਾਮ ਗੌਡਸੇ ਅਤੇ ਨਾਰਾਇਣ ਦੱਤਾਤ੍ਰੇਆ ਆਪਟੇ ਨੂੰ 15 ਨਵੰਬਰ, 1949 ਨੂੰ ਫਾਂਸੀ ਦੇ ਦਿੱਤੀ ਗਈ ਸੀ। ਚੈਰੀਟੇਬਲ ਟਰੱਸਟ 'ਅਭਿਨਵ ਭਾਰਤ' ਦੇ ਟਰੱਸਟੀ ਮੁੰਬਈ ਵਾਸੀ ਡਾ. ਪੰਕਜ ਫੜਨੀਸ ਨੇ ਹਲਫ਼ੀਆ ਬਿਆਨ ਵਿੱਚ ਸੀਨੀਅਰ ਵਕੀਲ ਅਮਰੇਂਦਰ ਸ਼ਰਨ, ਜੋ ਅਦਾਲਤੀ ਮਿੱਤਰ ਹੈ, ਦੀ ਰਿਪੋਰਟ ਦਾ ਵਿਰੋਧ ਕੀਤਾ ਕਿਉਂਕਿ ਇਹ ਰਿਪੋਰਟ ਗਾਂਧੀ ਦੀ ਹੱਤਿਆ ਦੀ ਨਵੇਂ ਸਿਰਿਓਂ ਜਾਂਚ ਕਰਾਉਣ ਬਾਰੇ ਉਸ ਦੀ ਅਰਜ਼ੀ ਦਾ ਸਮਰਥਨ ਨਹੀਂ ਕਰਦੀ।

# ਨਾਈਟ ਕਲੱਬ 'ਚ ਝਗੜਣੋਂ ਹਟਾਉਂਦੇ ਪੰਜਾਬੀ ਨੌਜੁਆਨ ਦੀ ਸੱਟਾਂ ਨਾਲ ਮੌਤ

**ਵੈਨਕੂਵਰ/ਬਿਊਰੋ ਨਿਊਜ਼**

ਬੀਤੀ ਰਾਤ ਵੈਨਕੂਵਰ ਸਥਿੱਤ ਕਬਾਨਾ ਕਲੱਬ 'ਚ ਦੋ ਗਰੁੱਪਾਂ ਦੀ ਤਕਰਾਰ ਦੌਰਾਨ ਕਲੱਬ ਦੇ ਕਾਮੇ ਦੀ ਮੌਤ ਹੋ ਗਈ। ਉਹ ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਸ਼ਾਂਤ ਕਰ ਰਿਹਾ ਸੀ। ਮ੍ਰਿਤਕ ਦੀ ਪਛਾਣ 23 ਸਾਲਾ ਕੁਲਵਿੰਦਰ ਸਿੰਘ ਬਿੰਦ ਵਜੋਂ ਹੋਈ ਹੈ। ਉਸਨੇ ਕੁਝ ਮਹੀਨੇ ਪਹਿਲਾਂ ਹੀ ਕਲੱਬ 'ਚ ਕੰਮ ਸ਼ੁਰੂ ਕੀਤਾ ਸੀ। ਪੁਲੀਸ ਨੇ ਵੀ ਇਹ ਗਲ ਮੰਨ ਲਈ ਹੈ ਕਿ ਉਹਦੀ ਮੌਤ ਬਚਾਅ ਕਰਾਉਣ ਦੇ ਯਤਨ ਦੌਰਾਨ ਇਕ ਗਰੁਪ ਵਲੋਂ ਲਾਈਆਂ ਸੱਟਾਂ ਕਾਰਣ ਹੋਈ ਹੈ। ਮ੍ਰਿਤਕ ਪੰਜਾਬੀ ਨੌਜੁਆਨ ਨੂੰ ਜਾਣਣ ਵਾਲਿਆਂ ਦਾ ਕਹਿਣਾ ਹੈ ਕਿ ਉਹ ਬਹੁਤ ਹੀ ਮਿਲਣਸਾਰ ਤੇ ਸਹਿਜ ਸੁਭਾਅ ਵਾਲਾ ਸੀ। ਲੜਾਈ ਦੌਰਾਨ ਦੋਹਾਂ ਧਿਰਾਂ ਦੇ ਤਿੰਨ ਲੋਕਾਂ ਨੂੰ ਵੀ ਸੱਟਾਂ ਲਗੀਆਂ। ਪੁਲੀਸ ਵਲੋਂ ਲੜਾਈ ਦੇ ਕਾਰਨ ਤੇ ਦੋਸ਼ੀਆਂ ਦੀ ਪਛਾਣ ਕੀਤੀ ਜਾ ਰਹੀ ਹੈ।





# ਭੈਣਾਂ ਨੇ ਅੰਤਮ ਵਿਦਾਇਗੀ ਮੌਕੇ ਭਰਾ ਦੇ ਸਿਰ ਸਜਾਇਆ ਸਿਹਰਾ

### ਕਰੜੇ ਸੁਰੱਖਿਆ ਪ੍ਰਬੰਧਾਂ ਤੇ ਲੋਕਾਂ ਦੇ ਭਾਰੀ ਇਕੱਠ ਦੌਰਾਨ ਹੇਠ ਵਿੱਕੀ ਗੌਂਡਰ ਦਾ ਪਿੰਡ 'ਚ ਸਸਕਾਰ

**ਲੰਬੀ/ਬਿਊਰੋ ਨਿਊਜ਼ :** ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਦਾ ਉਸਦੇ ਪਿੰਡ ਸਰਾਵਾਂ ਬੋਦਲਾ ਦੇ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪੰਜਾਬ ਪੁਲੀਸ ਦੇ ਸਖ਼ਤ ਪਹਿਰੇ ਹੇਠ ਹਰਜਿੰਦਰ ਸਿੰਘ ਭੁੱਲਰ ਉਰਫ਼ ਵਿੱਕੀ ਗੌਂਡਰ ਦੀਆਂ ਅੰਤਿਮ ਰਸਮਾਂ ਨਿਭਾਈਆਂ ਗਈਆਂ। ਸਸਕਾਰ ਮੌਕੇ ਉਸਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਪੁੱਜੇ ਹੋਏ ਸਨ। ਵਿੱਕੀ ਗੌਂਡਰ ਦੀ ਮ੍ਰਿਤਕ ਦੇਹ ਕਰੀਬ 12:00 ਵਜੇ ਪੁਲੀਸ ਸੁਰੱਖਿਆ ਹੇਠ ਵੱਡੇ ਕਾਫ਼ਲੇ ਦੇ ਰੂਪ ਵਿੱਚ ਢਾਣੀ ਤੋਂ ਸ਼ਮਸ਼ਾਨਘਾਟ ਲਿਆਂਦੀ ਗਈ। ਇਸ ਕਾਫ਼ਲੇ ਵਿੱਚ ਕਰੀਬ 45 ਕਾਰਾਂ ਅਤੇ ਚਾਰ ਟਰੈਕਟਰ ਅਤੇ ਹੋਰ ਗੱਡੀਆਂ ਸ਼ਾਮਲ ਸਨ। ਉਸ ਦੀਆਂ ਭੈਣਾਂ ਨੇ ਆਪਣੇ ਭਰਾ ਦੇ ਸਿਰ 'ਤੇ ਸਿਹਰਾ ਬੰਨ੍ਹਿਆ। ਉਸਦੇ ਪਿਤਾ



ਮਹਿਲ ਸਿੰਘ ਭੁੱਲਰ ਨੇ ਚਿਖਾ ਨੂੰ ਅਗਨੀ ਦਿੱਤੀ। ਸ਼ਮਸ਼ਾਨਘਾਟ ਵਿੱਚ ਵਿਰਲਾਪ ਕਰਦੀ ਉਸਦੀ ਮਾਂ ਬਲਵੰਤ ਕੌਰ ਕੀਰਨੇ ਪਾ ਰਹੀ ਸੀ। ਜ਼ਿਲ੍ਹਾ ਪੁਲੀਸ ਵੱਲੋਂ ਸ਼ਮਸ਼ਾਨਘਾਟ ਦੇ ਅੰਦਰ ਅਤੇ ਬਾਹਰ ਚੱਪੇ-ਚੱਪੇ 'ਤੇ ਪੁਲੀਸ ਦਾ ਪਹਿਰਾ ਸੀ ਅਤੇ ਰਾਹਾਂ 'ਤੇ ਪੁਲੀਸ ਦੀ ਸਖ਼ਤ ਨਾਕਾਬੰਦੀ ਸੀ।

### ਪਰਿਵਾਰ ਨੂੰ ਸੋਸ਼ਲ ਮੀਡੀਆ ਤੋਂ ਲੱਗਿਆ ਪਤਾ

ਲੰਬੀ: ਗੈਂਗਸਟਰ ਵਿੱਕੀ ਗੌਂਡਰ ਅਤੇ ਪ੍ਰੇਮਾ ਲਾਹੌਰੀਆ ਨਾਲ ਪੁਲੀਸ ਮੁਕਾਬਲੇ ਵਿੱਚ ਹਿੰਦੂਮਲ ਕੋਟ ਨੇੜੇ ਇੱਕ ਢਾਣੀ ਵਿੱਚ ਪੁਲੀਸ ਮੁਕਾਬਲੇ ਮਗਰੋਂ ਤੀਜੇ ਮ੍ਰਿਤਕ ਨੂੰ ਬੁੱਢਾ' ਦੱਸਿਆ ਜਾ ਰਿਹਾ ਸੀ। ਸਵਿੰਦਰ ਸਿੰਘ ਦੀ ਪੁਲੀਸ ਮੁਕਾਬਲੇ ਵਿੱਚ ਮੌਤ ਬਾਰੇ ਪਰਿਵਾਰਕ ਮੈਂਬਰਾਂ ਨੂੰ ਟੀਵੀ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਫੋਟੋਆਂ ਤੋਂ ਸੂਚਨਾ ਮਿਲੀ। ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਪੈਰਾ ਹੇਠੋਂ ਜ਼ਮੀਨ ਖਿਸਕ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਉਹ 10 ਦਿਨ ਪਹਿਲਾਂ ਘਰੋਂ ਗਿਆ ਸੀ। ਸਵਿੰਦਰ ਸਿੰਘ ਦੇ ਪਰਿਵਾਰ ਨੂੰ ਉਸ ਦੇ ਗੈਂਗਸਟਰਾਂ ਨਾਲ ਸਬੰਧਾਂ ਬਾਰੇ ਚਿੱਤ-ਚੇਤਾ ਵੀ ਨਹੀਂ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਨੌਜਵਾਨ ਪੈਸੇ ਕਮਾਉਣ ਦੀ ਚਾਹਤ ਵਿੱਚ ਗੈਂਗਸਟਰਾਂ ਦੇ ਚੱਕਰ 'ਚ ਫਸ ਕੇ ਪੁਲੀਸ ਮੁਕਾਬਲੇ ਵਿੱਚ ਜਾਨ ਗੁਆ ਬੈਠਾ।

# ਗੈਂਗਸਟਰ ਪ੍ਰੇਮਾ ਲਾਹੌਰੀਆ ਦੇ ਸਸਕਾਰ ਤੋਂ ਪਹਿਲਾਂ ਮੀਡੀਆ ਨੂੰ ਰੱਖਿਆ ਦੂਰ

**ਜਲੰਧਰ/ਬਿਊਰੋ ਨਿਊਜ਼:** ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਜਲੰਧਰ ਦੇ ਗੈਂਗਸਟਰ ਪ੍ਰੇਮਾ ਲਾਹੌਰੀਆ ਦਾ ਦੇਰ ਸ਼ਾਮ ਸਸਕਾਰ ਕਰ ਦਿੱਤਾ ਗਿਆ। ਪ੍ਰੇਮਾ ਲਾਹੌਰੀਆ ਦੇ ਮਿੱਠੂ ਬਸਤੀ ਸਥਿਤ ਘਰ ਤੋਂ ਸ਼ਾਮ 6:00 ਵਜੇ ਉਸ ਦੀ ਅੰਤਿਮ ਯਾਤਰਾ ਸ਼ੁਰੂ ਹੋਈ ਅਤੇ ਬਸਤੀ ਗੁਜਾਂ ਦੇ ਸ਼ਮਸ਼ਾਨ ਘਾਟ ਵਿੱਚ ਉਸ ਦਾ ਸਸਕਾਰ ਕਰ ਦਿੱਤਾ ਗਿਆ। ਪ੍ਰੇਮਾ ਲਾਹੌਰੀਆ ਦੇ ਪਰਿਵਾਰ ਵਾਲੇ ਬੀਤੇ ਦਿਨ ਹੀ ਉਸ ਦੀ ਲਾਸ਼ ਲੈਣ ਲਈ ਗੰਗਾਨਗਰ ਰਵਾਨਾ ਹੋ ਗਏ ਸਨ ਅਤੇ ਐਤਵਾਰ ਸਵੇਰੇ ਉਸ ਦੀ ਲਾਸ਼ ਲੈ ਕੇ ਵਾਪਸ ਜਲੰਧਰ ਪਹੁੰਚ ਗਏ। ਪ੍ਰੇਮਾ ਲਾਹੌਰੀਆ ਦੀ ਛੋਟੀ ਭੈਣ ਵਿਦੇਸ਼ ਰਹਿੰਦੀ ਹੈ। ਉਸ ਦੇ ਪਹੁੰਚਣ ਤੋਂ ਬਾਅਦ ਸਸਕਾਰ ਕੀਤਾ ਗਿਆ। ਪ੍ਰੇਮਾ ਲਾਹੌਰੀਆ ਦੇ ਪਰਿਵਾਰ ਵਾਲਿਆਂ ਅਤੇ ਉਸ ਦੇ ਦੋਸਤਾਂ ਨੇ ਮੀਡੀਆ ਨੂੰ ਘਰ ਅੰਦਰ ਨਹੀਂ ਜਾਣ ਦਿੱਤਾ। ਇਸ ਤਰ੍ਹਾਂ ਪੂਰਾ ਦਿਨ ਸੁਰੱਖਿਆ ਦੇ ਲਿਹਾਜ਼ ਪੱਖੋਂ ਕੋਈ ਵੀ ਵਰਦੀਧਾਰੀ ਪੁਲੀਸ ਮੁਲਾਜ਼ਮ ਜਾਂ ਅਫਸਰ ਲਾਹੌਰੀਆ ਦੇ ਘਰ ਕੋਲ ਨਜ਼ਰ ਨਹੀਂ ਆਇਆ। ਸੂਤਰਾਂ ਅਨੁਸਾਰ ਸਿਵਲ ਵਰਦੀ 'ਚ ਕੁਝ ਪੁਲੀਸ ਮੁਲਾਜ਼ਮ ਨੇੜੇ-ਤੇੜੇ ਮੌਜੂਦ ਰਹੇ, ਜੋ ਹਾਲਾਤ 'ਤੇ ਨਜ਼ਰ ਰੱਖ ਰਹੇ ਸਨ।



ਜ਼ਿਕਰਯੋਗ ਹੈ ਕਿ 26 ਜਨਵਰੀ ਦੀ ਸ਼ਾਮ ਨੂੰ ਪੰਜਾਬ-ਰਾਜਸਥਾਨ ਸਰਹੱਦ 'ਤੇ ਨਾਮੀ ਗੈਂਗਸਟਰ ਵਿੱਕੀ ਗੌਂਡਰ ਨਾਲ ਹੀ ਪ੍ਰੇਮਾ ਲਾਹੌਰੀਆ ਪੁਲੀਸ ਮੁਕਾਬਲੇ 'ਚ ਮਾਰਿਆ ਗਿਆ ਸੀ।

### ਗੌਂਡਰ ਦੇ ਮੁਕਾਬਲੇ ਦੀ ਨਿਰਪੱਖ ਪੜਤਾਲ ਹੋਵੇ: ਖਾਲੜਾ ਮਿਸ਼ਨ

**ਅੰਮ੍ਰਿਤਸਰ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਨੇ ਕਿਹਾ ਹੈ ਕਿ ਵਿੱਕੀ ਗੌਂਡਰ ਦੇ ਮੁਕਾਬਲੇ ਨੂੰ ਪਰਿਵਾਰ ਵੱਲੋਂ ਝੂਠਾ ਮੁਕਾਬਲਾ ਦੱਸਿਆ ਜਾ ਰਿਹਾ ਹੈ ਅਤੇ ਸਾਹਮਣੇ ਆਏ ਤੱਥ ਵੀ ਮੁਕਾਬਲੇ ਨੂੰ ਝੂਠਾ ਸਾਬਤ ਕਰਨ ਲਈ ਕਾਫੀ ਹਨ। ਇਸ ਲਈ ਵਿੱਕੀ ਗੌਂਡਰ ਦੇ ਮੁਕਾਬਲੇ ਦੀ ਨਿਰਪੱਖ ਪੜਤਾਲ ਕਰਵਾਈ ਜਾਵੇ।

ਇਕ ਲਿਖਤੀ ਬਿਆਨ ਵਿੱਚ ਦੋਵਾਂ ਜਥੇਬੰਦੀਆਂ ਨੇ ਕਿਹਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਗੈਂਗਸਟਰ ਬਣਾ ਕੇ ਖ਼ਤਮ ਕਰਨ ਦਾ ਸਿਲਸਿਲਾ ਚਿੰਤਾਜਨਕ ਹੈ ਅਤੇ ਇਹ ਉਸੇ ਲੜੀ ਵਿੱਚ ਸ਼ਾਮਲ ਹੈ, ਜਿਸ ਵਿੱਚ ਪਹਿਲਾਂ ਵੀ ਪੰਜਾਬ ਦੇ ਨੌਜਵਾਨਾਂ ਸਮੇਤ 80 ਸਾਲ ਦੇ ਬਾਬਾ ਬੂਝਾ ਸਿੰਘ ਵਰਗਿਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਜਵਾਨੀ ਨੂੰ ਨਸ਼ਿਆਂ ਰਾਹੀਂ ਬਰਬਾਦ ਕਰਨ ਅਤੇ ਗਰੀਬ ਕਿਸਾਨਾਂ ਨੂੰ ਖੁਦਕੁਸ਼ੀਆਂ ਰਾਹੀਂ ਖ਼ਤਮ ਕੀਤਾ ਜਾ ਰਿਹਾ ਹੈ।

# ਵਿੱਕੀ ਗੌਂਡਰ ਨਾਲ ਖੇਡਦੇ ਰਹੇ ਪੁਲੀਸ ਇੰਸਪੈਕਟਰ ਨੇ ਧੋਖੇ ਨਾਲ ਕਰਾਇਆ ਮੁਕਾਬਲਾ-ਮਾਮੇ ਦਾ ਦੋਸ਼

**ਮਲੋਟ,ਲੰਬੀ/ਬਿਊਰੋ ਨਿਊਜ਼:** ਪੰਜਾਬ ਅਤੇ ਰਾਜਸਥਾਨ ਦੀ ਸਰਹੱਦ 'ਤੇ ਸਥਿਤ ਹਿੰਦੂਮਲ ਕੋਟ ਦੀਆਂ ਢਾਣੀਆਂ ਵਿੱਚ ਪੰਜਾਬ ਦੇ 10 ਲੱਖ ਦੇ ਇਨਾਮੀ ਗੈਂਗਸਟਰ ਹਰਜਿੰਦਰ ਸਿੰਘ ਉਰਫ਼ ਵਿੱਕੀ ਗੌਂਡਰ ਅਤੇ ਦੋ ਹੋਰ ਸਾਥੀਆਂ ਦੇ ਪੁਲੀਸ ਮੁਕਾਬਲੇ ਨੂੰ ਫਰਜ਼ੀ ਕਰਾਰ ਦਿੰਦਿਆਂ ਵਿੱਕੀ ਦਾ ਮਾਮਾ ਗੁਰਭੇਜ ਸਿੰਘ ਬਿੱਟੂ ਬੀਕਾਨੇਰੀਆ' ਖੁੱਲ੍ਹ ਕੇ ਸਾਹਮਣੇ ਆਇਆ ਹੈ। ਉਸ ਨੇ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਦੇ ਸਨਮੁੱਖ ਹੁੰਦਿਆਂ ਪੁਲੀਸ ਮੁਕਾਬਲੇ ਨੂੰ ਅੰਜਾਮ ਤੱਕ ਲੈ ਕੇ ਜਾਣ ਵਾਲੇ ਸੀਆਈਏ ਰਾਜਪੁਰਾ ਦੇ ਇੰਚਾਰਜ ਵਿਕਰਮ ਸਿੰਘ ਬਰਾੜ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਉਹ (ਵਿਕਰਮ) ਅਤੇ ਵਿੱਕੀ ਦੋਵੇਂ ਸਪੋਰਟਸ ਕੋਟੇ ਵਿੱਚ ਹੋਣ ਕਰਕੇ ਇਕੱਠੇ ਖੇਡਦੇ ਤੇ ਪੜ੍ਹਦੇ ਰਹੇ ਹਨ। ਉਸ ਨੇ ਹੀ ਵਿੱਕੀ ਤੇ ਉਸ ਦੇ ਸਾਥੀਆਂ ਨੂੰ ਭਰੋਸੇ ਵਿੱਚ ਲੈ ਕੇ ਆਤਮ-ਸਮਰਪਣ ਕਰਨ ਲਈ ਮਨਾਇਆ ਸੀ, ਪਰ ਮੌਕੇ 'ਤੇ ਉਨ੍ਹਾਂ ਦਾ ਝੂਠਾ ਪੁਲੀਸ ਮੁਕਾਬਲਾ ਬਣਾ ਦਿੱਤਾ ਗਿਆ। ਵਿੱਕੀ ਦੇ ਚਾਚੇ ਜਗਦੀਸ਼ ਸਿੰਘ ਪੱਪੂ ਨੇ ਵੀ ਗੁਰਭੇਜ ਸਿੰਘ ਵੱਲੋਂ ਲਾਏ ਦੋਸ਼ਾਂ ਦੀ ਪੁਸ਼ਟੀ ਕੀਤੀ ਹੈ। ਗੁਰਭੇਜ ਸਿੰਘ ਨੇ ਦੱਸਿਆ ਕਿ ਵਿੱਕੀ ਦੀ ਉਸ ਨਾਲ ਵਟਸਐਪ 'ਤੇ ਗੱਲ ਹੋਈ ਸੀ, ਜਿਸ ਵਿੱਚ ਉਸ ਨੇ ਕਿਹਾ ਸੀ, ਮਾਮਾ ਜੀ ਮੈਂ ਇੰਸਪੈਕਟਰ ਵਿਕਰਮ ਸਿੰਘ ਬਰਾੜ ਜ਼ਰੀਏ ਆਤਮ ਸਮਰਪਣ ਕਰਨ ਲੱਗਿਆ ਹਾਂ ਅਤੇ ਅਸੀਂ ਉਨ੍ਹਾਂ ਨੂੰ ਮਿਲਣ ਚੱਲੇ ਹਾਂ ਅਤੇ ਉਨ੍ਹਾਂ ਦੀ ਸਾਰੀ ਗੱਲਬਾਤ ਹੋ ਚੁੱਕੀ ਹੈ।'



ਇਸੇ ਤਰ੍ਹਾਂ ਹੀ ਪ੍ਰੇਮਾ ਲਾਹੌਰੀਆ ਦੀ ਵੀ ਆਪਣੀ ਪਤਨੀ ਨਾਲ ਗੱਲ ਹੋਈ ਸੀ ਕਿ ਉਹ ਇੰਸਪੈਕਟਰ ਵਿਕਰਮ ਰਾਹੀਂ ਆਤਮ ਸਮਰਪਣ ਕਰਕੇ ਚੰਗੇ ਨਾਗਰਿਕ ਵਾਂਗ ਜ਼ਿੰਦਗੀ ਬਸਰ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰੇਮਾ ਲਾਹੌਰੀਆ ਨੇ ਤਾਂ ਵਿਕਰਮ ਸਿੰਘ 'ਤੇ ਬੇਵਿਸ਼ਵਾਸੀ ਜਤਾ ਕੇ ਮਿਲਣ ਤੋਂ ਨਾਂਹ ਕਰ ਦਿੱਤੀ ਸੀ, ਪਰ ਵਿੱਕੀ ਨੇ ਵਿਕਰਮ ਨਾਲ ਆਪਣੀ ਗੂੜ੍ਹੀ ਯਾਰੀ ਦਾ ਭਰੋਸਾ ਦੇ ਕੇ ਉਸ ਨੂੰ ਰਾਜ਼ੀ ਕਰ ਲਿਆ ਸੀ।

ਗੁਰਭੇਜ ਸਿੰਘ ਨੇ ਕਿਹਾ ਕਿ ਵਿੱਕੀ ਅਤੇ ਇੰਸਪੈਕਟਰ ਵਿਕਰਮ ਵਿਚਾਲੇ ਲਗਾਤਾਰ ਰਾਬਤਾ ਰਹਿੰਦਾ ਸੀ ਤੇ ਲਗਭਗ 7-8 ਦਿਨਾਂ ਮਗਰੋਂ ਉਨ੍ਹਾਂ ਵਿਚਾਲੇ ਗੱਲਬਾਤ ਵੀ ਹੁੰਦੀ ਰਹਿੰਦੀ ਸੀ। ਉਨ੍ਹਾਂ ਪੁਲੀਸ ਮੁਕਾਬਲੇ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਮੁਕਾਬਲੇ ਦੌਰਾਨ ਏਨੇ ਵੱਡੇ ਗੈਂਗਸਟਰ ਦੇ ਪੈਰਾਂ ਵਿੱਚ ਬੂਟ ਵੀ ਨਾ ਹੋਣਾ ਤੇ ਕੜਾਕੇ ਦੀ ਠੰਢ ਵਿੱਚ ਸਰੀਰ 'ਤੇ ਪਤਲੀ ਟੀ-ਸ਼ਰਟ ਹੋਣਾ ਪੁਲੀਸ ਕਾਰਵਾਈ 'ਤੇ ਸਵਾਲ ਖੜ੍ਹਾ ਕਰਦੀ ਹੈ। ਉਨ੍ਹਾਂ ਆਖਿਆ ਕਿ ਫੋਟੋਆਂ ਵਿੱਚ ਵਿੱਕੀ ਦੀ ਲਾਸ਼ ਕੋਲ ਦਿਖਾਈ ਗਈ ਪਿਸਤੌਲ ਤੇ ਗੋਲੀਆਂ ਵੱਖ-ਵੱਖ ਬੋਰ ਦੀਆਂ ਹਨ। ਉਨ੍ਹਾਂ ਆਖਿਆ ਕਿ ਰਾਜਸਥਾਨ ਪੁਲੀਸ ਨੇ ਵੀ ਇਸ ਮੁਕਾਬਲੇ ਦੀ ਸੂਚਨਾ ਕਾਫ਼ੀ ਸਮੇਂ ਬਾਅਦ ਮਿਲਣ ਦੀ ਗੱਲ ਆਖੀ ਹੈ। ਹਾਲਾਂਕਿ ਰਾਜਸਥਾਨ ਪੁਲੀਸ ਨੇ ਮਾਮਲੇ ਦੀ ਉੱਚ ਪੱਧਰੀ ਪੜਤਾਲ ਵਿੱਢ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਫੋਨ ਆਉਣ ਤੋਂ ਕੁਝ ਸਮਾਂ ਬਾਅਦ ਹੀ ਟੀਵੀ ਅਤੇ ਸੋਸ਼ਲ ਮੀਡੀਆ 'ਤੇ ਉਸ ਦੇ ਮੁਕਾਬਲੇ ਦੀਆਂ ਖਬਰਾਂ ਆਉਣ ਲੱਗੀਆਂ। ਗੁਰਭੇਜ ਸਿੰਘ ਨੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਪਰਿਵਾਰ ਨੇ ਮੁਕਾਬਲੇ ਦੀ ਸੱਚਾਈ ਕੱਢਣ ਲਈ ਸੀਬੀਆਈ ਪੜਤਾਲ ਦੀ ਮੰਗ ਕੀਤੀ ਹੈ।

### ਟੈਲੀਫੋਨ ਕਾਲਾਂ ਦੀ ਜਾਂਚ ਕੀਤੀ ਜਾਵੇ

ਗੈਂਗਸਟਰ ਵਿੱਕੀ ਗੌਂਡਰ ਦੇ ਐਨਕਾਊਂਟਰ ਮਗਰੋਂ ਉਸ ਦੇ ਮਾਮੇ ਗੁਰਭੇਜ ਸਿੰਘ ਬਿੱਟੂ ਬੀਕਾਨੇਰੀਆ' ਨੇ ਸੋਮਵਾਰ ਨੂੰ ਮੁੜ ਮੀਡੀਆ ਸਾਹਮਣੇ ਕਿਹਾ ਕਿ ਜੇਕਰ ਉਨ੍ਹਾਂ ਵੱਲੋਂ ਲਾਏ ਦੋਸ਼ ਬੇਬੁਨਿਆਦ ਹਨ ਤਾਂ ਇੰਸਪੈਕਟਰ ਵਿਕਰਮ ਸਿੰਘ ਬਰਾੜ ਦੀ ਕਾਲ ਡਿਟੇਲ ਦੀ ਪੜਤਾਲ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਆਪਣੇ ਆਪ ਹੀ ਸੱਚ ਬਾਹਰ ਆ ਜਾਵੇਗਾ ਕਿ ਵਿੱਕੀ ਗੌਂਡਰ ਇੰਸਪੈਕਟਰ ਵਿਕਰਮ ਦੇ ਸੰਪਰਕ ਵਿੱਚ ਸੀ ਤੇ ਅਕਸਰ ਹੀ ਉਨ੍ਹਾਂ ਦੀ ਗੱਲਬਾਤ ਵੀ ਹੁੰਦੀ ਰਹਿੰਦੀ ਸੀ। ਗੁਰਭੇਜ ਸਿੰਘ ਨੇ ਦਾਅਵਾ ਕੀਤਾ ਕਿ ਨਾਭਾ ਜੇਲ੍ਹ ਬਰੇਕ ਕਾਂਡ ਵੇਲੇ ਵੀ ਵਿੱਕੀ ਗੌਂਡਰ ਤੇ ਇੰਸਪੈਕਟਰ ਦੀ ਆਪਸ ਵਿੱਚ ਗੱਲਬਾਤ ਹੁੰਦੀ ਸੀ। ਉਨ੍ਹਾਂ ਕਿਹਾ ਕਿ ਜੇ ਇੰਸਪੈਕਟਰ ਦੀਆਂ ਫੋਨ ਕਾਲਾਂ ਦੀ ਜਾਂਚ ਕਰਵਾਈ ਜਾਵੇ ਤਾਂ ਪੂਰਾ ਮਾਮਲਾ ਸਾਹਮਣੇ ਆ ਜਾਵੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਉਹ ਇਸ ਐਨਕਾਊਂਟਰ ਸਬੰਧੀ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ।

# ਵਿੱਕੀ ਗੌਂਡਰ ਨਾਲ ਮੈਂ ਨਾ ਪੜ੍ਹਿਆ ਨਾ ਕਦੇ ਖੇਡਿਆਂ : ਇੰਸਪੈਕਟਰ ਬਰਾੜ

**ਲੰਬੀ/ਬਿਊਰੋ ਨਿਊਜ਼:** ਪੰਜਾਬ ਪੁਲੀਸ ਦੇ ਸੰਗਠਿਤ ਜੁਰਮ ਰੋਕੂ ਯੂਨਿਟ ਦੇ ਇੰਸਪੈਕਟਰ ਵਿਕਰਮ ਸਿੰਘ ਬਰਾੜ ਨੇ ਵਿੱਕੀ ਗੌਂਡਰ ਦੇ ਮਾਮੇ ਗੁਰਭੇਜ ਸਿੰਘ ਦੇ ਸੁਮੱਚੇ ਦੋਸ਼ਾਂ ਨੂੰ ਝੂਠਾ ਅਤੇ ਬੇਬੁਨਿਆਦ ਕਰਾਰ ਦਿੱਤਾ ਹੈ। ਇੰਸਪੈਕਟਰ ਬਰਾੜ ਨੇ ਆਖਿਆ ਕਿ ਉਹ ਉਮਰ ਵਿੱਚ ਵਿੱਕੀ ਗੌਂਡਰ ਨਾਲੋਂ ਕਰੀਬ 11 ਸਾਲ ਵੱਡਾ ਹੈ ਤੇ ਉਹ ਜ਼ਿੰਦਗੀ ਵਿੱਚ ਨਾ ਕਦੇ ਵਿੱਕੀ ਗੌਂਡਰ ਨਾਲ ਪੜ੍ਹਿਆ ਹੈ ਅਤੇ ਨਾ ਹੀ ਉਹ ਕਦੇ ਇਕੱਠੇ ਖੇਡੇ ਹਨ। ਹਾਲਾਂਕਿ ਦੂਜੇ ਪਾਸੇ ਵਿੱਕੀ ਗੌਂਡਰ ਦੇ ਮਾਮੇ ਅਤੇ ਚਾਚੇ ਨੇ ਵਿੱਕੀ ਦੀ ਇੰਸਪੈਕਟਰ ਨਾਲ ਮਿੱਤਰਤਾ ਬਾਰੇ ਆਪਣੇ ਕਥਨਾਂ ਦੀ ਦੁਬਾਰਾ ਪ੍ਰੋੜਤਾ ਕੀਤੀ ਹੈ। ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਵਿੱਕੀ ਗੌਂਡਰ ਦੇ ਅੰਤਮ ਸੰਸਕਾਰ ਮੌਕੇ ਉਸ ਦੇ ਮਾਮੇ ਗੁਰਭੇਜ ਸਿੰਘ ਉਰਫ਼ ਬਿੱਟੂ ਬੀਕਾਨੇਰੀਆ' ਨੇ ਇੰਸਪੈਕਟਰ ਬਰਾੜ 'ਤੇ ਧੋਖੇ ਨਾਲ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਨੂੰ ਬੁਲਾ ਕੇ ਝੂਠਾ ਮੁਕਾਬਲਾ ਬਣਾਉਣ ਦੇ ਦੋਸ਼ ਲਾਏ ਸਨ। ਗੁਰਭੇਜ ਸਿੰਘ ਨੇ ਵਿੱਕੀ ਗੌਂਡਰ ਤੇ ਵਿਕਰਮਜੀਤ ਸਿੰਘ ਦੇ ਮੋਬਾਈਲਾਂ ਦੇ ਵੱਟਸਐਪ ਮੈਸੇਜਾਂ ਦੀ ਡੀਟੇਲ ਕਢਵਾਉਣ ਦੀ ਮੰਗ ਕੀਤੀ ਹੈ। ਬਾਕਸਿੰਗ ਦੇ ਬਿਹਤਰੀਨ ਖਿਡਾਰੀ ਰਹੇ ਵਿਕਰਮਜੀਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਸਾਰੀ ਪੜ੍ਹਾਈ ਅਤੇ ਖੇਡ ਸਿਖਲਾਈ ਪਟਿਆਲੇ ਵਿੱਚ ਹੋਈ ਤੇ ਪੁਲੀਸ ਦੀ ਨੌਕਰੀ ਦੌਰਾਨ ਵੀ ਉਨ੍ਹਾਂ ਦੀ ਪੋਸਟਿੰਗ ਕਦੇ ਵੀ ਜਲੰਧਰ ਨਹੀਂ ਰਹੀ।

### *ਇੰਸਪੈਕਟਰ ਨੇ ਕਿਹਾ ਕਿ ਉਸ ਦੀ ਵਿੱਕੀ ਗੌਂਡਰ ਨਾਲ ਗੱਲਬਾਤ ਤਾਂ ਦੂਰ ਜਾਣ-ਪਛਾਣ ਵੀ ਨਹੀਂ ਸੀ*

ਅਬੋਹਰ ਵਿੱਚ ਆਪਣਾ ਸਹੁਰਾ ਘਰ ਹੋਣ ਦੀ ਗੱਲ ਨੂੰ ਕਬੂਲਦਿਆਂ ਵਿਕਰਮਜੀਤ ਸਿੰਘ ਨੇ ਕਿਹਾ ਕਿ ਸਹੁਰਾ ਪਰਿਵਾਰ ਇਥੇ ਨਹੀਂ ਸਗੋਂ ਦਿੱਲੀ ਤੇ ਜ਼ੀਰਕਪੁਰ ਵਿੱਚ ਰਹਿੰਦਾ ਹੈ। ਆਤਮ ਸਮਰਪਣ ਦੇ ਬਹਿਕਾਵੇ ਹੇਠ ਬੁਲਾ ਕੇ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਦਾ ਮੁਕਾਬਲਾ ਬਣਾਉਣ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਵਿਸ਼ੇਸ਼ ਅਪਰੇਸ਼ਨ 'ਤੇ ਪੰਜਾਬ ਪੁਲੀਸ ਦੇ 23 ਅਧਿਕਾਰੀਆਂ 'ਤੇ ਆਧਾਰਿਤ ਟੀਮ ਕੰਮ ਕਰ ਰਹੀ ਸੀ, ਜਿਸ ਦੀ ਅਗਵਾਈ ਦੋ ਸੀਨੀਅਰ ਅਧਿਕਾਰੀ ਏਆਈਜੀ ਗੁਰਮੀਤ



ਸਿੰਘਚੌਹਾਨ ਤੇ ਸੰਦੀਪ ਗੋਇਲ ਕਰ ਰਹੇ ਸਨ। ਇੰਸਪੈਕਟਰ ਬਰਾੜ ਨੇ ਕਿਹਾ ਕਿ ਜੇ ਗੌਂਡਰ ਦੇ ਪਰਿਵਾਰ ਕੋਲ ਲਾਏ ਗਏ ਦੋਸ਼ਾਂ ਦੇ ਹੱਕ ਵਿੱਚ ਕੋਈ ਸਬੂਤ ਹਨ ਤਾਂ ਉਹ ਸਮਾਜ ਤੇ ਪੁਲੀਸ ਸਾਹਮਣੇ ਪੇਸ਼ ਕਰਨ। ਦੂਜੇ ਪਾਸੇ ਵਿੱਕੀ ਗੌਂਡਰ ਨੇ ਮਾਮਾ ਗੁਰਭੇਜ ਸਿੰਘ ਅਤੇ ਚਾਚਾ ਜਗਦੀਸ਼ ਸਿੰਘ ਪੱਪੂ ਨੇ ਇੰਸਪੈਕਟਰ ਵੱਲੋਂ ਗੌਂਡਰ ਨਾਲ ਪੜ੍ਹਨ, ਖੇਡਣ ਅਤੇ ਮਿੱਤਰਤਾ ਸਬੰਧੀ ਖੰਡਨ ਬਾਰੇ ਆਖਿਆ ਕਿ ਇਕੱਠੇ ਪੜ੍ਹਨ ਦੀ ਗੱਲ ਵਿੱਚ ਫ਼ਰਕ ਹੋ ਸਕਦਾ ਹੈ, ਪਰ ਇਹ ਗੱਲ ਸੌ ਫ਼ੀਸਦ ਸੱਚ ਹੈ ਕਿ ਉਹ ਜਲੰਧਰ ਵਿੱਚ ਖੇਡਾਂ ਦੌਰਾਨ ਮਿਲਦੇ ਰਹੇ ਸਨ, ਜਿਥੇ ਉਨ੍ਹਾਂ ਦੀ ਦੋਸਤੀ ਪਈ ਤੇ ਇਸ ਬਾਰੇ ਵਿੱਕੀ ਅਕਸਰ ਜ਼ਿਕਰ ਕਰਦਾ ਸੀ।

### ਦੋ ਛੋਟੀਆਂ ਬੱਚੀਆਂ ਦਾ ਬਾਪ ਸੀ ਵਿੱਕੀ ਗੌਂਡਰ ਨਾਲ ਮਾਰਿਆ ਗਿਆ ਉਸਦਾ ਤੀਜਾ ਸਾਥੀ ਸਵਿੰਦਰ ਸਿੰਘ

**ਅੰਮ੍ਰਿਤਸਰ,ਅਟਾਰੀ/ਬਿਊਰੋ ਨਿਊਜ਼:** ਗੈਂਗਸਟਰ ਵਿੱਕੀ ਗੌਂਡਰ ਨਾਲ ਬੀਤੇ ਦਿਨੀਂ ਮਾਰੇ ਗਏ ਇੱਕ ਨੌਜਵਾਨ ਦੀ ਸ਼ਨਾਖ਼ਤ ਸਵਿੰਦਰ ਸਿੰਘ ਉਰਫ਼ ਬੁੱਢਾ(30 ਸਾਲ) ਵਾਸੀ ਘਰਿੰਡਾ, ਥਾਣਾ ਅੰਮ੍ਰਿਤਸਰ ਵਜੋਂ ਹੋਈ ਹੈ। ਉਹ ਇੱਥੇ ਸਰਹੱਦੀ ਪਿੰਡ ਧਨੋਏ ਖ਼ੁਰਦ ਦਾ ਰਹਿਣ ਵਾਲਾ ਸੀ।

ਜਾਣਕਾਰੀ ਮੁਤਾਬਕ ਉਹ ਪਿਛਲੇ 15 ਦਿਨਾਂ ਤੋਂ ਘਰ ਨਹੀਂ ਪਰਤਿਆ ਸੀ। ਉਹ ਵਿਆਹਿਆ ਹੋਇਆ ਹੈ। ਉਸ ਦੀ ਪਤਨੀ ਪਰਮਜੀਤ ਕੌਰ ਅਤੇ ਦੋ ਛੋਟੀਆਂ ਧੀਆਂ ਨਵਦੀਪ ਕੌਰ (6 ਸਾਲ) ਅਤੇ ਅਮਨਦੀਪ ਕੌਰ (3 ਮਹੀਨੇ) ਹਨ। ਦਿਹਾਤੀ ਪੁਲੀਸ ਦੇ ਐੱਸਐੱਸਪੀ ਪਰਮਪਾਲ ਸਿੰਘ ਨੇ ਦੱਸਿਆ ਕਿ ਇਸ ਨੌਜਵਾਨ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਉਸ ਦੀ ਲਾਸ਼ ਐਤਵਾਰ ਦੇਰ ਸ਼ਾਮੀਂ ਇੱਥੇ ਪੁੱਜੀ ਜਿਸਦਾ ਸਸਕਾਰ ਕਰ ਦਿੱਤਾ ਗਿਆ ਹੈ।

ਸਵਿੰਦਰ ਸਿੰਘ ਦੀ ਮੌਤ ਦੀ ਸੂਚਨਾ ਮਿਲਣ ਮਗਰੋਂ ਪਿੰਡ ਵਿੱਚ ਸੋਗ ਦਾ ਮਾਹੌਲ ਹੈ। ਲੋਕਾਂ ਅਨੁਸਾਰ ਉਸ ਦੀਆਂ ਅਪਰਾਧਿਕ ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਸ ਦੇ ਪਿਤਾ ਬਗੀਚਾ ਸਿੰਘ ਦੀ ਮੌਤ ਹੋ ਚੁੱਕੀ ਹੈ। ਉਸ ਦਾ ਇੱਕ ਭਰਾ ਅਤੇ ਇੱਕ ਭੈਣ ਹੈ, ਜੋ ਵਿਆਹੀ ਹੋਈ ਹੈ। ਪਰਿਵਾਰ ਵੱਲੋਂ ਮੁੱਖ ਤੌਰ 'ਤੇ ਖੇਤੀਬਾੜੀ ਕੀਤੀ ਜਾਂਦੀ ਹੈ। ਪੁਲੀਸ ਰਿਕਾਰਡ ਮੁਤਾਬਕ ਉਸ ਖ਼ਿਲਾਫ਼ ਹੁਣ ਤੱਕ ਕੋਈ ਵੀ ਕੇਸ ਦਰਜ ਨਹੀਂ ਹੈ।

## ਮਾਨ ਨੇ ਮੁਕਾਬਲੇ ਦੀ ਜਾਂਚ ਮੰਗੀ

ਗੈਂਗਸਟਰ ਵਿੱਕੀ ਗੌਂਡਰ ਦੇ ਐਨਕਾਊਂਟਰ ਨੂੰ ਜਿਥੇ ਸੋਸ਼ਲ ਮੀਡੀਆ 'ਤੇ ਫਰਜ਼ੀ ਕਰਾਰ ਦਿੱਤਾ ਜਾ ਰਿਹਾ ਹੈ, ਉਥੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਇਸ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਘਟਨਾ ਸਥਾਨ 'ਤੇ ਜਾ ਕੇ ਸਹੀ ਤੱਥਾਂ ਦਾ ਪਤਾ ਲਾਏਗੀ ਤਾਂ ਜੋ ਲੋਕਾਂ ਸਾਹਮਣੇ ਸੱਚ ਆ ਸਕੇ।



## ਗੈਂਗਸਟਰਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਦੋ ਕਾਬੂ

**ਤਰਨਤਾਰਨ/ਬਿਊਰੋ ਨਿਊਜ਼:** ਥਾਣਾ ਝਬਾਲ ਦੀ ਪੁਲੀਸ ਨੇ ਲਵਪ੍ਰੀਤ ਸਿੰਘ ਉਰਫ ਲਵ ਵਾਸੀ ਨਾਗੋਕੇ ਅਤੇ ਅੰਮ੍ਰਿਤਪਾਲ ਸਿੰਘ ਬਾਠ ਵਾਸੀ ਮੀਆਂਪੁਰ ਨੂੰ ਅੱਜ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੋਂ ਇਕ ਸਿਟੀ ਹਾਂਡਾ ਕਾਰ ਨੰਬਰ ਪੀ ਬੀ 02 ਏ ਐਨ 6262 ਸਮੇਤ ਕਾਬੂ ਕੀਤਾ। ਲਵਪ੍ਰੀਤ ਸਿੰਘ ਨਾਭਾ ਜੇਲ੍ਹ ਬਰੇਕ ਦੇ ਸਰਗਨਾ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ ਨਾਲ ਸ਼ਾਮਲ ਗੋਪੀ ਕੌੜਾ ਦਾ ਸਕਾ ਭਰਾ ਹੈ। ਐਸਐਸਪੀ ਦਰਸ਼ਨ ਸਿੰਘ ਮਾਨ ਨੇ ਦਸਿਆ ਕਿ ਮੁਲਜ਼ਮਾਂ ਖਿਲਾਫ ਦਫਾ 212 , 216, 120 ਬੀ ਅਧੀਨ ਕੇਸ ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਦਸਿਆ ਕਿ ਮੁਲਜ਼ਮ ਅੰਮ੍ਰਿਤਪਾਲ ਸਿੰਘ ਅਤੇ ਲਵਪ੍ਰੀਤ ਸਿੰਘ ਖਿਲਾਫ ਗੋਪੀ ਕੌੜਾਂ ਨੂੰ ਨਾਭਾ ਜੇਲ੍ਹ ਬਰੇਕ ਤੋਂ ਬਾਅਦ ਸ਼ਰਨ ਦੇਣ ਅਤੇ ਉਸਦੀ ਆਰਥਿਕ ਮਦਦ ਕਰਨ ਦੇ ਦੋਸ਼ ਹਨ।

# ਹਰਜਿੰਦਰ ਭੁੱਲਰ ਤੋਂ ਵਿੱਕੀ ਗੌਂਡਰ ਤੱਕ ਦਾ ਸਫ਼ਰ

**ਜਲੰਧਰ/ਬਿਊਰੋ ਨਿਊਜ਼:**
ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਉਰਫ਼ ਹਰਜਿੰਦਰ ਸਿੰਘ ਭੁੱਲਰ ਅਤੇ ਪ੍ਰੇਮਾ ਲਾਹੌਰੀਆ ਨੇ ਜਲੰਧਰ ਤੋਂ ਹੀ ਜੁਰਮ ਦੀ ਸ਼ੁਰੂਆਤ ਕੀਤੀ ਸੀ। ਮੁਕਤਸਰ ਸਾਹਿਬ ਦੇ ਪਿੰਡ ਸਰਾਵਾਂ ਬੋਦਲਾ ਦਾ ਵਸਨੀਕ ਵਿੱਕੀ ਗੌਂਡਰ ਜਲੰਧਰ ਦੇ ਗੌਰਮਿੰਟ ਸਪੋਰਟਸ ਕਾਲਜ ਵਿੱਚ ਪੜ੍ਹਦਾ ਸੀ। ਜਲੰਧਰ ਦੀ ਮਿੱਠੂ ਬਸਤੀ ਦਾ ਵਸਨੀਕ ਪ੍ਰੇਮਾ ਲਾਹੌਰੀਆ ਵੀ ਇਸੇ ਕਾਲਜ ਵਿਚ ਗੌਂਡਰ ਨਾਲ ਪੜ੍ਹਦਾ ਸੀ। ਵਿੱਕੀ ਗੌਂਡਰ ਡਿਸਕਸ ਥਰੋਅ ਦਾ ਖਿਡਾਰੀ ਸੀ ਅਤੇ ਉਸ ਨੇ ਕਈ ਮੁਕਾਬਲੇ ਵੀ ਜਿੱਤੇ ਸਨ। ਆਪਣੀ ਖੇਡ ਦੇ ਦਮ 'ਤੇ ਹੀ ਵਿੱਕੀ ਗੌਂਡਰ ਨੂੰ ਸਪੋਰਟਸ ਕਾਲਜ ਵਿਚ ਦਾਖ਼ਲਾ ਮਿਲਿਆ ਸੀ। ਇੱਥੇ ਹੀ ਗੌਂਡਰ ਦੀ ਮੁਲਾਕਾਤ ਪ੍ਰੇਮਾ ਲਾਹੌਰੀਆ ਤੋਂ ਇਲਾਵਾ ਨਾਮੀਂ ਗੈਂਗਸਟਰ ਸੁੱਖਾ ਕਾਹਲਵਾਂ ਅਤੇ ਦਲਜੀਤ ਭਾਨਾ ਨਾਲ ਹੋਈ। ਇਨ੍ਹਾਂ ਚਾਰਾਂ ਨੇ 2009 ਵਿੱਚ ਇੱਕ ਗੈਂਗ ਬਣਾ ਕੇ ਵਾਰਦਾਤਾਂ ਨੂੰ ਅੰਜਾਮ ਦੇਣਾ ਸ਼ੁਰੂ ਕੀਤਾ।

ਗੌਂਡਰ ਦੇ ਗੈਂਗਸਟਰ ਬਣਨ ਪਿੱਛੇ ਉਸ ਦੇ ਪਰਿਵਾਰ ਵੱਲੋਂ ਇੱਕ ਸਿਆਸੀ ਆਗੂ 'ਤੇ ਸ਼ਹਿ ਦੇਣ ਦੇ ਵੀ ਦੋਸ਼ ਲਾਏ ਸਨ। ਕਰੀਬ ਡੇਢ ਸਾਲ ਵਿੱਕੀ ਗੌਂਡਰ ਸੁੱਖਾ ਕਾਹਲਵਾਂ ਦੇ ਘਰ ਵੀ ਰਿਹਾ, ਪਰ 2014 ਵਿਚ ਵਿੱਕੀ ਗੌਂਡਰ ਤੇ ਸੁੱਖਾ ਕਾਹਲਵਾਂ ਦੀ ਦੋਸਤੀ ਦੁਸ਼ਮਣੀ ਵਿਚ ਬਦਲ ਗਈ, ਜਿਸ ਦਾ ਕਾਰਨ ਪਿੰਡ ਲਿੱਧੜਾਂ ਵਿਚ ਸੁੱਖਾਂ ਕਾਹਲਵਾਂ ਵੱਲੋਂ ਕਤਲ ਕੀਤਾ ਗਿਆ। ਨੌਜਵਾਨ ਲਵਲੀ ਬਾਬਾ ਬਣਿਆ, ਜੋ ਪ੍ਰੇਮਾ ਲਾਹੌਰੀਆ ਅਤੇ ਵਿੱਕੀ ਗੌਂਡਰ ਦਾ ਦੋਸਤ ਸੀ। ਇਸ ਤੋਂ ਬਾਅਦ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਅਤੇ ਸੁੱਖਾ ਕਾਹਲਵਾਂ ਤੇ ਦਲਜੀਤ ਭਾਨਾ ਨੇ ਆਪੋ-ਆਪਣੇ ਗੈਂਗ ਬਣਾ ਲਏ। ਲਵਲੀ ਬਾਬਾ ਦੀ ਮੌਤ ਦਾ ਬਦਲਾ ਲੈਣ ਲਈ 21 ਜਨਵਰੀ 2015 ਨੂੰ ਸੁੱਖਾ ਕਾਹਲਵਾਂ ਦਾ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਨੇ ਸਾਥੀਆਂ ਨਾਲ ਮਿਲ ਕੇ ਫਗਵਾੜਾ ਨੇੜੇ ਪੁਲੀਸ ਹਿਰਾਸਤ ਵਿਚ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ 27 ਨਵੰਬਰ 2016 ਨੂੰ ਪ੍ਰੇਮਾ ਲਾਹੌਰੀਆ ਨੇ ਹੀ ਵਿੱਕੀ ਗੌਂਡਰ ਨੂੰ ਨਾਭਾ ਜੇਲ੍ਹ ਤੋਂ ਭਜਾਇਆ ਸੀ। ਉਸ ਨਾਲ ਖਾਲਿਸਤਾਨੀ ਹਰਮਿੰਦਰ ਸਿੰਘ ਮਿੰਟੂ ਵੀ ਜੇਲ੍ਹ ਵਿੱਚੋਂ ਭੱਜ ਗਿਆ ਸੀ, ਪਰ ਛੇਤੀ ਹੀ ਕਾਬੂ ਆ ਗਿਆ ਸੀ। ਦੂਜੇ ਪਾਸੇ, ਸੁੱਖਾ ਕਾਹਲਵਾਂ ਦੇ ਪਰਿਵਾਰ ਨੇ ਵਿੱਕੀ ਗੌਂਡਰ ਦੇ ਪੁਲੀਸ ਮੁਕਾਬਲੇ ਨੂੰ ਕੁਦਰਤ ਦਾ ਇਨਸਾਫ਼ ਦੱਸਿਆ ਹੈ।



## ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਨਾ ਮਾਰੋ-ਗੌਂਡਰ ਦੀ ਮਾਂ

**ਫਰੀਦਕੋਟ/ਬਿਊਰੋ ਨਿਊਜ਼:** ਸੱਥਰ 'ਤੇ ਬੈਠ ਪੁੱਤ ਦੀ ਯਾਦ ਵਿੱਚ ਰੋ-ਰੋ ਬੇਹਾਲ ਹੋਈ ਗੈਂਗਸਟਰ ਵਿੱਕੀ ਗੌਂਡਰ ਦੀ ਮਾਂ ਦਾ ਕਹਿਣਾ ਹੈ ਕਿ ਉਸ ਦਾ ਪੁੱਤ ਤਾਂ ਤੁਰ ਗਿਆ, ਪਰ ਜਾਣੇ-ਅਣਜਾਣੇ ਗੁਨਾਹਾਂ ਦੀ ਦਲਦਲ ਵਿੱਚ ਧਸ ਚੁੱਕੇ ਹੋਰ ਮਾਵਾਂ ਦੇ ਪੁੱਤਾਂ ਨੂੰ ਫੜ-ਫੜ ਕੇ ਮਾਰ ਮੁਕਾਉਣ ਦੀ ਬਜਾਏ ਸਰਕਾਰ ਨੂੰ ਉਨ੍ਹਾਂ ਦੀ ਵਾਪਸੀ ਜਾਂ ਮੁੱਖ ਧਾਰਾ ਵਿੱਚ ਲਿਆਉਣ ਲਈ ਮੌਕਾ ਦੇਣਾ ਚਾਹੀਦਾ ਹੈ। ਉਸ ਨੇ ਰੋਂਦਿਆਂ ਇਕ ਸੁਨੇਹਾ ਇਸ ਰਸਤੇ 'ਤੇ ਚੱਲ ਚੁੱਕੇ ਸਾਰੇ ਨੌਜਵਾਨ ਲੜਕਿਆਂ ਨੂੰ ਦਿੱਤਾ ਕਿ ਉਹ ਆਪਣੇ ਨਹੀਂ ਬਲਕਿ ਆਪਣੇ ਮਾਪਿਆਂ ਲਈ ਘਰ ਵਾਪਸ ਪਰਤ ਆਉਣ। ਪ੍ਰੇਮਾ ਲਾਹੌਰੀਆ ਨੇ ਦੀ ਮਾਂ ਮਨਜੀਤ ਕੌਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਉਸ ਦਾ ਕਹਿਣਾ ਹੈ ਕਿ ਪੁਲੀਸ ਨੇ ਝੂਠਾ ਮੁਕਾਬਲਾ ਬਣਾ ਕੇ ਮੱਕਾਰੀ ਨਾਲ ਪ੍ਰੇਮਾ ਨੂੰ ਮਾਰਿਆ ਹੈ।



## ਦੋ ਭੈਣਾਂ ਦਾ ਇਕਲੌਤਾ ਭਰਾ

ਵਿੱਕੀ ਗੌਂਡਰ ਦੋ ਭੈਣਾਂ ਮਨਜੀਤ ਕੌਰ ਰਾਣੀ ਅਤੇ ਹਰਪ੍ਰੀਤ ਕੌਰ ਦਾ ਇਕਲੌਤਾ ਭਰਾ ਅਤੇ ਮਾਪਿਆਂ ਦਾ ਲਾਡਲਾ ਪੁੱਤਰ ਸੀ। ਸਾਧਾਰਨ ਕਿਸਾਨ ਪਰਿਵਾਰ ਦੇ ਇਸ ਨੌਜਵਾਨ ਤੋਂ ਮਾਪਿਆਂ ਨੂੰ ਬਹੁਤ ਆਸਾਂ ਸਨ ਅਤੇ ਉਨ੍ਹਾਂ ਪਿੰਡ ਵਿਚ ਮੁੱਢਲੀ ਪੜ੍ਹਾਈ ਕਰਵਾਉਣ ਉਪਰੰਤ ਅਗਲੇਰੀ ਪੜ੍ਹਾਈ ਲਈ ਜਲੰਧਰ ਦੇ ਸਪੋਰਟਸ ਸਕੂਲ ਵਿਚ ਭੇਜ ਦਿੱਤਾ, ਜਿੱਥੋਂ ਉਹ ਕਦੇ ਮੁੜ ਕੇ ਘਰ ਵਾਪਸ ਨਾ ਆ ਸਕਿਆ। ਘਰ ਵਾਲਿਆਂ ਨੇ ਦੱਸਿਆ ਕਿ ਵਿੱਕੀ ਪੜ੍ਹਾਈ ਵਿਚ ਤਾਂ ਹੁਸ਼ਿਆਰ ਸੀ ਹੀ, ਪਿੰਡ ਦੇ ਕੰਮ ਵੀ ਮੂਹਰੇ ਹੋ ਕੇ ਕਰਦਾ ਸੀ। ਵਿੱਕੀ ਦੀ ਇਕ ਭੈਣ ਮਨਜੀਤ ਕੌਰ ਦੀ ਕਰੀਬ 6 ਸਾਲ ਪਹਿਲਾਂ ਸ਼ਾਦੀ ਹੋਈ ਸੀ ਅਤੇ ਉਸ ਦੇ ਦੋ ਬੱਚੇ ਹਨ। ਦੂਜੀ ਭੈਣ ਹਰਪ੍ਰੀਤ ਕੌਰ ਦੀ ਅਜੇ ਸ਼ਾਦੀ ਨਹੀਂ ਹੋਈ। ਵਿੱਕੀ ਗੌਂਡਰ ਦੇ ਚਾਚਾ ਦਰਸ਼ਨ ਸਿੰਘ ਅਤੇ ਤਾਏ ਹਰਜੀਤ ਸਿੰਘ ਨੇ ਪੁਲੀਸ ਮੁਕਾਬਲੇ ਨੂੰ ਝੂਠਾ ਦੱਸਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਨੇ ਸਟਾਰ ਲਵਾਉਣ ਲਈ ਫਰਜ਼ੀ ਪੁਲੀਸ ਮੁਕਾਬਲਾ ਕੀਤਾ ਹੈ। ਉਨ੍ਹਾਂ ਨੇ ਇਲਜ਼ਾਮ ਲਾਇਆ ਕਿ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਸਰੰਡਰ ਕਰਨ ਲਈ ਬੁਲਾ ਕੇ ਧੋਖੇ ਨਾਲ ਉਨ੍ਹਾਂ ਤਿੰਨਾਂ ਦਾ ਕਤਲ ਕੀਤਾ ਹੈ। ਤਾਇਆ ਅਵਤਾਰ ਸਿੰਘ ਨੇ ਕਿਹਾ ਕਿ ਮਹਿਲ ਸਿੰਘ ਭੁੱਲਰ ਉਸ ਨੂੰ ਬੀਐੱਸਐੱਫ ਵਿੱਚ ਭਰਤੀ ਕਰਵਾਉਣਾ ਚਾਹੁੰਦੇ ਸਨ, ਪਰ ਇੰਟਰਵਿਊ ਤੋਂ ਬਹਾਨਾ ਲਗਾ ਕੇ ਉਹ ਖਿਸਕ ਗਿਆ।

# ਗੈਂਗਸਟਰ ਜੈਪਾਲ ਦੀ ਗ੍ਰਿਫ਼ਤਾਰੀ ਲਈ ਪੁਲੀਸ ਹੋਈ ਸਰਗਰਮ

**ਜਲੰਧਰ/ਬਿਊਰੋ ਨਿਊਜ਼,** ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀਆ ਦੀ ਮੌਤ ਤੋਂ ਬਾਅਦ ਹੁਣ ਗੈਂਗਸਟਰਾਂ ਦੀ ਕਮਾਂਡ ਗੈਂਗਸਟਰ ਜੈਪਾਲ ਭੁੱਲਰ ਉਰਫ ਮਨਜੀਤ ਨੇ ਸੰਭਾਲ ਲਈ ਹੈ। ਜੈਪਾਲ ਭੁੱਲਰ ਗੌਂਡਰ ਦਾ ਸਾਥੀ ਰਿਹਾ ਹੈ ਤੇ ਸੁੱਖਾ ਕਾਹਲਵਾਂ ਕਤਲ ਕਾਂਡ ਵਿਚ ਸ਼ਾਮਲ ਰਿਹਾ ਹੈ। ਹੁਣ ਪੰਜਾਬ ਪੁਲੀਸ ਦੇ ਸਾਹਮਣੇ ਭੁੱਲਰ ਨਾਲ ਨਿਬੜਨ ਦੀ ਚੁਣੌਤੀ ਹੈ। ਜੈਪਾਲ ਦੀ ਟੋਲੀ ਵਿਚ ਫਰੀਦਕੋਟ ਨਿਵਾਸੀ ਤੀਰਥ ਸਿੰਘ ਢਿੱਲਵਾਂ, ਲੁਧਿਆਣਾ ਨਿਵਾਸੀ ਬਿੱਲਾ ਖਵਾਜਕੇ, ਉੱਤਰ ਪ੍ਰਦੇਸ਼ ਦਾ ਨਾਮਵਰ ਸ਼ੂਟਰ ਅਸਲਮ ਹੈ, ਜੋ ਪੁਲੀਸ ਦੀ ਮੋਸਟ ਵਾਂਟੇਡ ਸੂਚੀ ਵਿਚ ਹਨ। ਜੈਪਾਲ 'ਤੇ 43 ਮਾਮਲੇ ਦਰਜ ਹਨ। ਇਨ੍ਹਾਂ ਵਿਚ ਫਿਰੋਜ਼ਪੁਰ ਦੇ ਸੇਖੋਂ ਸਮੇਤ ਦੋਹਰੇ ਹੱਤਿਆ ਕਾਂਡ, ਤਰਨਤਾਰਨ ਤੇ ਲੁਧਿਆਣਾ ਵਿਚ ਦੋ ਕਤਲ ਲੁਧਿਆਣਾ ਵਿਚ ਵਪਾਰੀ ਪੰਕਜ ਅਗਨੀਹੋਤਰੀ ਦੇ ਘਰ ਵਿਚ 60 ਲੱਖ ਦੀ ਲੁੱਟ, ਰਾਜਸਥਾਨ ਦੇ ਕਿਸ਼ਨਗੜ੍ਹ ਵਿਚ 2 ਕਰੋੜ ਦੇ ਤਾਂਬੇ ਨਾਲ ਲੱਦਿਆ ਟਰੱਕ ਲੁੱਟਣ, ਲੁਧਿਆਣਾ ਦਾ ਚਿਰਾਗ ਕਿਡਨੈਪਿੰਗ ਕੇਸ ਅਤੇ ਏਅਰਟੈੱਲ ਸ਼ੋਅ ਰੂਮ ਵਿਚ ਡਕੈਤੀ ਦਾ ਮਾਮਲਾ ਸ਼ਾਮਲ ਹੈ। ਗੈਂਗਸਟਰ ਵਿੱਕੀ ਗੌਂਡਰ ਤੇ ਪ੍ਰੇਮਾ ਲਾਹੌਰੀ ਦੇ ਐਨਕਾਊਂਟਰ ਕੀਤੇ ਜਾਣ ਤੋਂ ਬਾਅਦ ਹੁਣ ਗੈਂਗਸਟਰ ਜੈਪਾਲ ਨੇ ਆਪਣਾ ਟਿਕਾਣਾ ਬਦਲ ਲਿਆ ਹੈ। ਖੁਫ਼ੀਆ ਸੂਤਰਾਂ ਅਨੁਸਾਰ ਗੈਂਗਸਟਰ ਜੈਪਾਲ ਐਨਕਾਊਂਟਰ ਦੇ ਸਮੇਂ ਹਿਮਾਚਲ ਵਿਚ ਸੀ, ਪਰ ਹੁਣ ਜਿਵੇਂ ਹੀ ਉਸ ਨੂੰ ਆਪਣੇ ਦੋਸਤ ਗੌਂਡਰ ਤੇ ਲਾਹੌਰੀਆ ਦੇ ਮਾਰੇ ਜਾਣ ਬਾਰੇ ਪਤਾ ਲੱਗਿਆ ਤਾਂ ਉਹ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਸਹਾਰਨਪੁਰ, ਸ਼ਾਮਲੀ ਵਿਖੇ ਚਲਾ ਗਿਆ।

**ਇੰਸਪੈਕਟਰ ਬਰਾੜ ਦੀ ਸੁਰੱਖਿਆ ਵਧਾਈ :** ਗੌਂਡਰ ਤੇ ਉਸ ਦੇ ਸਾਥੀਆਂ ਨੂੰ ਮਾਰਨ ਵਾਲੀ ਟੀਮ ਦੀ ਅਗਵਾਈ ਕਰਨ ਵਾਲੇ ਰਾਜਪੁਰਾ ਕਾਊਂਟਰ ਇੰਟੈਲੀਜੈਂਸ ਦੇ ਇੰਸਪੈਕਟਰ ਵਿਕਰਮ ਬਰਾੜ ਦੀ ਸੁਰੱਖਿਆ ਵਧਾ ਦਿੱਤੀ ਹੈ।



## ਗੌਂਡਰ ਗੈਂਗ ਵੱਲੋਂ ਪੁਲੀਸ ਨੂੰ ਧਮਕੀਆਂ

ਵਿੱਕੀ ਗੌਂਡਰ ਦੇ ਐਨਕਾਊਂਟਰ ਤੋਂ ਬਾਅਦ ਹੁਣ ਫੇਸਬੁੱਕ ਉਤੇ ਗੈਂਗਸਟਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਧਮਕੀ ਦਿੱਤੀ ਹੈ। ਫੇਸਬੁੱਕ ਉਤੇ ਪਾਈ ਪੋਸਟ ਵਿੱਚ ਜੈਪਾਲ ਭੁੱਲਰ ਨਾਂਅ ਦੇ ਗੈਂਗਸਟਰ ਨੇ ਧਮਕੀ ਦਿੰਦਿਆਂ ਮੁੱਖ ਮੰਤਰੀ ਕੈਪਟਨ ਨੂੰ ਕਿਹਾ ਹੈ ਕਿ ਐਨਾ ਖੁਸ਼ ਹੋਣ ਦੀ ਲੋੜ ਨਹੀਂ। ਇਸਦੇ ਨਾਲ ਹੀ ਫੇਸਬੁੱਕ ਉਤੇ ਮੁਕਾਬਲਾ ਕਰਨ ਵਾਲੇ ਪੁਲਸ ਮੁਲਾਜ਼ਮਾਂ ਨੂੰ ਵੀ ਵੇਖ ਲੈਣ ਦੀ ਗੱਲ ਕਹੀ ਗਈ ਹੈ ਸ਼ੇਰਾ ਖੁੱਬਣ ਗਰੁੱਪ ਨੇ ਪੰਜਾਬ ਪੁਲਿਸ ਨੂੰ ਧਮਕੀ ਦਿੱਤੀ ਕੇ ਇੱਕ ਮਾਰੋਗੇ ਤਾਂ ਤੁਹਾਡੇ 6 ਮਾਰਾਂਗੇ।

## ਰਾਜਸਥਾਨ ਪੁਲੀਸ ਨੇ ਸਰਹੱਦ 'ਤੇ ਵਧਾਈ ਚੌਕਸੀ

**ਬਠਿੰਡਾ (ਚਰਨਜੀਤ ਭੁੱਲਰ):** ਵਿੱਕੀ ਗੌਂਡਰ ਪੁਲੀਸ ਮੁਕਾਬਲੇ ਬਾਅਦ ਰਾਜਸਥਾਨ ਪੁਲੀਸ ਨੇ ਅੰਤਰਰਾਜੀ ਸੀਮਾ 'ਤੇ ਚੌਕਸੀ ਵਧਾ ਦਿੱਤੀ ਹੈ, ਜਿਸ ਤਹਿਤ ਚਾਰ ਨਵੀਆਂ ਪੁਲੀਸ ਚੌਕੀਆਂ ਬਣਾਈਆਂ ਗਈਆਂ ਹਨ। ਨਵੀਂ ਪੁਲੀਸ ਚੌਕੀ ਗੰਗ ਨਹਿਰ 'ਤੇ ਬਣਾਈ ਗਈ ਹੈ ਅਤੇ ਉਸ ਦੇ ਆਸ ਪਾਸ ਦੇ ਖੇਤਰ ਵਿੱਚ ਹੋਰ ਤਿੰਨ ਨਵੀਆਂ ਪੁਲੀਸ ਚੌਕੀਆਂ ਬਣਾਈਆਂ ਗਈਆਂ ਹਨ। ਰਾਜਸਥਾਨ ਪੁਲੀਸ ਨੇ ਦੂਜੇ ਰਾਜਾਂ ਦੀ ਪੁਲੀਸ ਦੇ ਬਿਨਾਂ ਇਤਲਾਹ ਦਾਖ਼ਲੇ ਨੂੰ ਦੇਖਦਿਆਂ ਇਹ ਨਵੇਂ ਸੁਰੱਖਿਆ ਪ੍ਰਬੰਧ ਕੀਤੇ ਹਨ। ਦੱਸਣਯੋਗ ਹੈ ਕਿ ਰਾਜਸਥਾਨ 'ਚ ਪਹਿਲਾਂ ਤਿਲੰਗਾਨਾ ਅਤੇ ਹੋਰ ਰਾਜਾਂ ਦੀ ਪੁਲੀਸ ਵੀ ਤਿੰਨ ਪੁਲੀਸ ਮੁਕਾਬਲੇ ਕਰ ਚੁੱਕੀ ਹੈ। ਪੰਜਾਬ ਪੁਲੀਸ ਵੱਲੋਂ ਬਿਨਾਂ ਕੋਈ ਸੂਚਨਾ ਦਿੱਤੇ ਵਿੱਕੀ ਗੌਂਡਰ ਤੇ ਸਾਥੀਆਂ ਨੂੰ ਲੱਖੇ ਦੀ ਢਾਣੀ ਵਿੱਚ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਸ੍ਰੀ ਗੰਗਾਨਗਰ ਪੁਲੀਸ ਦੇ ਅਫ਼ਸਰਾਂ ਨੇ ਪੁਸ਼ਟੀ ਕੀਤੀ ਹੈ ਕਿ ਅੰਤਰਰਾਜੀ ਸੀਮਾ 'ਤੇ ਸੁਰੱਖਿਆ ਪ੍ਰਬੰਧਾਂ ਮਜ਼ਬੂਤ ਕੀਤੇ ਗਏ ਹਨ। ਪੰਜਾਬ ਪੁਲੀਸ ਵੱਲੋਂ ਵੀ ਅੰਤਰਰਾਜੀ ਸੀਮਾ 'ਤੇ 24 ਘੰਟੇ ਪੁਲੀਸ ਨਾਕੇ ਲਾਏ ਗਏ ਹਨ। ਬਠਿੰਡਾ ਜ਼ੋਨ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਦੱਸਿਆ ਕਿ ਫਾਜ਼ਿਲਕਾ ਪੁਲੀਸ ਵੱਲੋਂ ਰਾਜਸਥਾਨ ਸੀਮਾ 'ਤੇ ਦੋ ਪੁਲੀਸ ਨਾਕੇ ਰਾਜਪੁਰਾ ਅਤੇ ਗੁੰਮਜਾਲ ਵਿੱਚ ਲਾਏ ਗਏ ਹਨ, ਜਿਥੇ ਦਿਨ ਰਾਤ ਪਹਿਰਾ ਚੱਲ ਰਿਹਾ ਹੈ। ਜਾਣਕਾਰੀ ਮੁਤਾਬਕ ਰਾਜਸਥਾਨ ਸਰਕਾਰ ਵੱਲੋਂ ਵਿੱਕੀ ਗੌਂਡਰ ਮੁਕਾਬਲੇ ਦੀ ਸ਼ੁਰੂ ਕੀਤੀ ਮੈਜਿਸਟਰੇਟੀ ਜਾਂਚ ਨੇ ਪੰਜਾਬ ਪੁਲੀਸ ਨੂੰ ਵਖ਼ਤ ਪਾ ਦਿੱਤਾ ਹੈ, ਜਿਸ ਕਾਰਨ ਪੰਜਾਬ ਪੁਲੀਸ ਦੇ ਅਧਿਕਾਰੀ ਪੂਰਾ ਦਿਨ ਸ੍ਰੀ ਗੰਗਾਨਗਰ ਜ਼ਿਲ੍ਹੇ 'ਚ ਮੌਜੂਦ ਰਹੇ। ਰਾਜਸਥਾਨ ਪੁਲੀਸ ਵੱਲੋਂ ਗੌਂਡਰ ਪੁਲੀਸ ਮੁਕਾਬਲੇ ਦੌਰਾਨ ਵਰਤੇ ਗਏ ਪੰਜਾਬ ਪੁਲੀਸ ਦੇ ਹਥਿਆਰਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਮੈਜਿਸਟਰੇਟੀ ਜਾਂਚ 'ਚ ਸ਼ਾਮਲ ਅਧਿਕਾਰੀ ਨੇ ਪੁਲੀਸ ਮੁਕਾਬਲੇ 'ਚ ਮਾਰੇ ਗਏ ਵਿੱਕੀ ਗੌਂਡਰ ਅਤੇ ਪ੍ਰੇਮਾ ਲਾਹੌਰੀਆ ਦੇ ਪਰਿਵਾਰਾਂ ਨੂੰ ਸ਼ਾਮਲ ਹੋਣ ਲਈ ਆਖਿਆ ਹੈ।

# ਗੈਂਗਸਟਰ ਰਵੀ ਦਿਓਲ ਨੇ ਝੂਠੇ ਮੁਕਾਬਲੇ ਡਰੋਂ ਅਦਾਲਤ 'ਚ ਕੀਤਾ ਆਤਮ ਸਮਰਪਣ

**ਸੰਗਰੂਰ/ਬਿਊਰੋ ਨਿਊਜ਼,** ਪੰਜਾਬ ਪੁਲੀਸ ਨੂੰ ਜਗਦੀਸ਼ ਭੋਲਾ ਡਰੱਗ ਤਸਕਰੀ ਸਮੇਤ ਤਕਰੀਬਨ 12 ਕੇਸਾਂ 'ਚ ਲੋੜੀਂਦੇ ਤੇ 11 ਸਾਲਾਂ ਤੋਂ ਭਗੌੜੇ ਗੈਂਗਸਟਰ ਰਵੀਚਰਨ ਸਿੰਘ ਉਰਫ਼ ਰਵੀ ਦਿਓਲ ਨੇ ਮੰਗਲਵਾਰ ਨੂੰ ਇੱਥੇ ਬਾਅਦ ਦੁਪਹਿਰ ਸਾਢੇ 12:00 ਵਜੇ ਇਥੇ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਜੇ.ਐਸ. ਮਹਿੰਦੀਰੱਤਾ ਦੀ ਅਦਾਲਤ 'ਚ ਸਮਰਪਣ ਕਰ ਦਿੱਤਾ। ਅਦਾਲਤ ਨੇ ਸੰਗਰੂਰ ਪੁਲੀਸ ਨੂੰ ਇਸ ਬਾਰੇ ਸੂਚਨਾ ਦਿੱਤੀ, ਜਿਸ ਬਾਅਦ ਪੁਲੀਸ ਨੇ ਉਸ ਨੂੰ ਹਿਰਾਸਤ 'ਚ ਲੈ ਕੇ ਅਦਾਲਤ 'ਚ ਪੇਸ਼ ਕੀਤਾ ਅਤੇ 10 ਦਿਨ ਦਾ ਪੁਲੀਸ ਰਿਮਾਂਡ ਮੰਗਿਆ ਪਰ ਅਦਾਲਤ ਨੇ ਚਾਰ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ। ਰਵੀ ਦਿਓਲ ਅਨੁਸਾਰ ਉਸ ਨੇ ਪੰਜਾਬ ਪੁਲੀਸ ਦੇ ਝੂਠੇ ਮੁਕਾਬਲੇ ਡਰੋਂ ਸਮਰਪਣ ਕੀਤਾ ਹੈ। ਜ਼ਿਕਰਯੋਗ ਹੈ ਕਿ ਰਵੀ ਕੌਮੀ ਪੱਧਰ ਦਾ ਮੁੱਕੇਬਾਜ਼ ਰਿਹਾ ਹੈ ਅਤੇ ਗਾਇਕ ਵਜੋਂ ਵੀ ਨਾਮਣਾ ਖੱਟ ਚੁੱਕਾ ਹੈ। ਉਸ ਦਾ ਗੀਤ ਸਾਡਾ ਨੀ ਕਸੂਰ ਸਾਡਾ ਜ਼ਿਲ੍ਹਾ ਸੰਗਰੂਰ' ਕਾਫ਼ੀ ਮਕਬੂਲ ਹੋਇਆ ਸੀ। ਜਾਣਕਾਰੀ ਅਨੁਸਾਰ ਭੋਲਾ ਡਰੱਗ ਕੇਸ 'ਚ ਫਤਹਿਗੜ੍ਹ ਸਾਹਿਬ ਪੁਲੀਸ ਨੇ ਅਪਰੈਲ 2013 ਵਿੱਚ ਕੇਸ ਦਰਜ ਕੀਤਾ ਸੀ,



ਜਿਸ 'ਚ ਰਵੀ ਦਿਓਲ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਉਸ ਸਮੇਂ ਪੁਲੀਸ ਨੇ ਰਵੀ ਦੀ ਸੰਗਰੂਰ ਸਥਿਤ ਰਿਹਾਇਸ਼ 'ਤੇ ਛਾਪੇ ਮਾਰੇ ਸਨ। ਪੁਲੀਸ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਘਰੋਂ 5 ਕਿਲੋ ਆਈਸ ਅਤੇ 90 ਕਿਲੋ ਸੂਡੋਫੈਡਰਾਈਨ ਬਰਾਮਦ ਹੋਈ ਹੈ। ਇਸ ਕੇਸ 'ਚ ਰਵੀ ਦਾ ਜੀਜਾ ਰਾਮ ਸਿੰਘ ਵੀ ਨਾਮਜ਼ਦ ਸੀ, ਜੋ ਪੰਜਾਬ ਪੁਲੀਸ 'ਚ ਹੌਲਦਾਰ ਸੀ। ਰਾਮ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਸੀ। ਗੈਂਗਸਟਰ ਰਵੀ ਨੇ ਵਕੀਲ ਅਸ਼ਵਨੀ ਚੌਧਰੀ ਤੇ ਰਾਜ ਕੁਮਾਰ ਗੋਇਲ ਰਾਹੀਂ ਸਮਰਪਣ ਕੀਤਾ ਹੈ। ਐਡਵੋਕੇਟ ਅਸ਼ਵਨੀ ਨੇ ਦੱਸਿਆ ਕਿ ਰਵੀ ਖ਼ਿਲਾਫ਼ ਇਰਾਦਾ ਕਤਲ, ਲੜਾਈ ਝਗੜੇ ਆਦਿ ਦੇ ਕਰੀਬ ਅੱਠ ਕੇਸ ਸੰਗਰੂਰ 'ਚ ਅਤੇ ਐਨਡੀਪੀਐਸ ਐਕਟ ਤਹਿਤ ਚਾਰ ਕੇਸ ਫਤਹਿਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਦਰਜ ਹਨ। ਉਨ੍ਹਾਂ ਕਿਹਾ ਕਿ ਰਵੀ ਨੇ ਇਸ ਡਰੋਂ ਸਮਰਪਣ ਕੀਤਾ ਹੈ ਕਿ ਕਿਤੇ ਪੁਲੀਸ ਉਸ ਨੂੰ ਝੂਠੇ ਮੁਕਾਬਲੇ 'ਚ ਨਾ ਮਾਰ ਦੇਵੇ। ਉਹ ਹੁਣ ਸ਼ਾਂਤੀ ਨਾਲ ਜ਼ਿੰਦਗੀ ਜਿਊਣਾ ਚਾਹੁੰਦਾ ਹੈ। ਉਨ੍ਹਾਂ ਦੱਸਿਆ ਕਿ 2007 ਬਾਅਦ ਰਵੀ ਮੁੰਬਈ ਚਲਾ ਗਿਆ ਸੀ, ਜਿਥੇ ਉਹ ਫਿਲਮ ਜਗਤ ਵਿੱਚ ਬਤੌਰ ਕਲਾਕਾਰ ਸਥਾਪਤ ਹੋਣ ਲਈ ਸੰਘਰਸ਼ ਕਰਦਾ ਰਿਹਾ। 2010 ਤੋਂ 2012 ਤਕ ਉਹ ਫਿਲਮ ਇੰਸਟੀਚਿਊਟ ਵਿੱਚ ਰਿਹਾ ਹੈ। ਉਨ੍ਹਾਂ ਦੱਸਿਆ ਕਿ 2017 ਬਾਅਦ ਰਵੀ ਦਿਓਲ ਅੱਜ ਪਹਿਲੀ ਵਾਰ ਸੰਗਰੂਰ ਆਇਆ ਹੈ।

# ਸਭ ਲਈ ਆਰਥਿਕ ਵਿਕਾਸ ਵਿੱਚ ਭਾਰਤ ਫਾਡੀ

ਡਾ. ਗਿਆਨ ਸਿੰਘ*
(ਸੰਪਰਕ: 99156-82196)

ਸਵਿਟਜ਼ਰਲੈਂਡ ਦੇ ਸ਼ਹਿਰ ਦਾਵੋਸ ਵਿੱਚ 22 ਜਨਵਰੀ, 2018 ਨੂੰ ਵਿਸ਼ਵ ਆਰਥਿਕ ਮੰਚ (ਡਬਲਿਊਈਐੱਫ) ਦੀ ਸ਼ੁਰੂਆਤ ਮੌਕੇ ਦੱਸਿਆ ਗਿਆ ਕਿ ਸਭ ਲਈ ਆਰਥਿਕ ਵਿਕਾਸ ਦੇ ਆਧਾਰ ਉੱਤੇ ਉੱਭਰ ਰਹੀਆਂ ਅਰਥਚਾਰਿਆਂ ਵਿੱਚੋਂ ਭਾਰਤ ਫਾਡੀ ਰਿਹਾ ਹੈ। ਸਭ ਲਈ ਆਰਥਿਕ ਵਿਕਾਸ ਬਾਰੇ ਦੁਨੀਆਂ ਦੇ ਅਰਥਚਾਰਿਆਂ ਦੀ ਦਰਜਾਬੰਦੀ ਕਰਨ ਲਈ ਜਿਹੜੇ ਸੂਚਕਾਂ ਨੂੰ ਆਧਾਰ ਬਣਾਇਆ ਗਿਆ, ਉਸ ਦੇ ਤਿੰਨ ਪੱਖ ਹਨ। ਇਨ੍ਹਾਂ ਤਿੰਨਾਂ ਪੱਖਾਂ ਵਿੱਚ ਲੋਕਾਂ ਦੇ ਰਹਿਣ-ਸਹਿਣ ਦਾ ਪੱਧਰ, ਵਾਤਾਵਰਨ ਨੂੰ ਲੰਬੇ ਸਮੇਂ ਲਈ ਸਾਫ਼ ਰੱਖਣਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਰ ਕਰਜ਼ੇ ਦੇ ਬੋਝ ਤੋਂ ਬਚਾਉਣਾ ਸ਼ਾਮਲ ਹਨ। ਇਸ ਬਾਬਤ ਦੁਨੀਆਂ ਦੇ ਉਭਰ ਰਹੇ 79 ਅਰਥਚਾਰਿਆਂ ਦੀ ਦਰਜਾਬੰਦੀ ਕੀਤੀ ਗਈ ਜਿਸ ਵਿੱਚੋਂ ਭਾਰਤ ਦਾ ਸਥਾਨ 62ਵਾਂ ਆਇਆ ਹੈ; ਪਾਕਿਸਤਾਨ 47ਵੇਂ, ਸ੍ਰੀਲੰਕਾ 40ਵੇਂ, ਬਰਾਜ਼ੀਲ 39ਵੇਂ, ਬੰਗਲਾਦੇਸ਼ 34ਵੇਂ, ਚੀਨ 26ਵੇਂ ਅਤੇ ਰੂਸ 19ਵੇਂ ਸਥਾਨ ਉਪਰ ਰਹੇ। ਇਨ੍ਹਾਂ ਅਰਥਚਾਰਿਆਂ ਵਿੱਚੋਂ ਪਹਿਲੇ ਪੰਜ ਸਥਾਨ ਕ੍ਰਮਵਾਰ ਲਿਥੂਏਨੀਆ, ਹੰਗਰੀ, ਅਜ਼ਰਬਾਇਜਾਨ, ਲਾਤਵੀਆ ਅਤੇ ਪੋਲੈਂਡ ਦੇ ਹਨ। ਮੰਚ ਦਾ ਕੁੰਜੀਵਤ ਭਾਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੋਣ ਨੂੰ ਦੇਸ਼ ਲਈ ਮਾਣ ਵਾਲੀ ਗੱਲ ਵਜੋਂ ਦੱਸਿਆ ਜਾ ਰਿਹਾ ਹੈ, ਪਰ ਸਭ ਲਈ ਆਰਥਿਕ ਵਿਕਾਸ ਬਾਰੇ ਉੱਭਰ ਰਹੇ ਅਰਥਚਾਰਿਆਂ ਵਿੱਚੋਂ ਭਾਰਤ ਫਾਡੀ ਹੀ ਨਹੀਂ ਰਿਹਾ, ਸਗੋਂ ਪਾਕਿਸਤਾਨ, ਸ੍ਰੀਲੰਕਾ, ਬਰਾਜ਼ੀਲ ਅਤੇ ਬੰਗਲਾਦੇਸ਼ ਤੋਂ ਵੀ ਪਿੱਛੇ ਹੈ। ਇਸ ਤੋਂ ਵੀ ਅਗਾਂਹ, ਪਿਛਲੇ ਸਾਲ ਭਾਰਤ ਦਾ ਇਹ ਦਰਜਾ 60ਵਾਂ ਸੀ ਅਤੇ ਪਾਕਿਸਤਾਨ ਦਾ 52ਵਾਂ।

8 ਚੋਪੇਭਾਰਤ ਦੀ ਆਜ਼ਾਦੀ ਤੋਂ ਬਾਅਦ 1950 ਵਿੱਚ ਯੋਜਨਾ ਕਮਿਸ਼ਨ ਕਾਇਮ ਕੀਤਾ ਗਿਆ ਅਤੇ ਪਹਿਲੀ ਪੰਜ ਸਾਲਾ ਯੋਜਨਾ 1951 ਵਿੱਚ ਸ਼ੁਰੂ ਕੀਤੀ ਗਈ। ਦੇਸ਼ ਵਿੱਚ ਯੋਜਨਾਬੰਦੀ ਦੇ ਦੋ ਮੁੱਖ ਉਦੇਸ਼ ਰੱਖੇ ਗਏ- ਪਹਿਲਾ ਦੇਸ਼ ਦਾ ਸਰਵਪੱਖੀ ਵਿਕਾਸ ਅਤੇ ਦੂਜਾ ਉਸ ਦੇ ਫ਼ਾਇਦੇ ਸਭਨਾਂ ਤੱਕ ਪਹੁੰਚਾਉਣੇ। ਯੋਜਨਾਬੰਦੀ ਦੇ ਪਹਿਲੇ ਉਦੇਸ਼ ਦੀ ਪ੍ਰਾਪਤੀ ਰਲੀ-ਮਿਲੀ ਰਹੀ ਅਤੇ ਇਸ ਦੇ ਦੂਜੇ ਉਦੇਸ਼ ਪੱਖੋਂ ਦੇਸ਼ ਦੇ ਹੁਕਮਰਾਨਾਂ ਦਾ ਰਿਪੋਰਟ ਕਾਰਡ ਘੋਰ ਨਿਰਾਸ਼ਾ ਵਾਲਾ ਰਿਹਾ। ਐੱਨਡੀਏ ਹਕੂਮਤ ਨੇ ਭਾਵੇਂ ਭਾਰਤ ਦੇ ਯੋਜਨਾ ਕਮਿਸ਼ਨ ਦਾ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ ਹੈ, ਪਰ ਭਾਰਤ ਵਿੱਚ ਯੋਜਨਾਬੰਦੀ ਦੇ 6 ਤੋਂ ਵੱਧ ਦਹਾਕਿਆਂ ਦੌਰਾਨ ਸਮੇਂ ਸਮੇਂ ਉੱਪਰ ਅਰਥਚਾਰੇ ਦੇ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦਾ ਵਿਕਾਸ ਹੋਇਆ ਜਿਸ ਵਿੱਚ ਕੁਝ ਊਣਤਾਈਆਂ ਵੀ ਰਹੀਆਂ। 1991 ਤੋਂ ਦੇਸ਼ ਵਿੱਚ ਨਵੀਆਂ ਆਰਥਿਕ ਨੀਤੀਆਂ ਅਪਣਾਈਆਂ ਅਤੇ ਲਾਗੂ ਕੀਤੀਆਂ ਗਈਆਂ ਜਿਸ ਦੇ ਨਤੀਜੇ ਵਜੋਂ ਆਰਥਿਕ ਵਿਕਾਸ ਦੀ ਉੱਚੀ ਦਰ ਦੀਆਂ ਝੜੀਆਂ ਲੱਗ ਗਈਆਂ ਅਤੇ ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ, 20 18 ਦੌਰਾਨ ਭਾਰਤ ਦੀ ਆਰਥਿਕ ਵਿਕਾਸ ਦਰ 7.4 ਫ਼ੀਸਦ ਅਤੇ 2019 ਦੌਰਾਨ 7.8 ਫ਼ੀਸਦ ਰਹਿਣ ਅਤੇ ਨਤੀਜੇ ਵਜੋਂ ਭਾਰਤੀ ਅਰਥਚਾਰੇ ਦੇ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਅਰਥਚਾਰੇ ਬਣ ਜਾਣ ਦਾ ਅਨੁਮਾਨ ਹੈ। ਭਾਰਤ ਵਿੱਚ ਸਭ ਲਈ ਆਰਥਿਕ ਵਿਕਾਸ ਦੇ ਪੱਖ ਬਾਰੇ ਕੋਈ ਰਾਇ ਬਣਾਉਣ ਤੋਂ ਪਹਿਲਾਂ ਦੇਸ਼ ਵਿੱਚ ਰਹਿਣ ਵਾਲੇ ਨਾਗਰਿਕਾਂ ਦੇ ਰਹਿਣ-ਸਹਿਣ ਦੇ ਪੱਧਰ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ। ਸਰਕਾਰ ਅਤੇ ਇਸ ਦੇ ਅਰਥਵਿਗਿਆਨੀਆਂ ਅਨੁਸਾਰ, ਦੇਸ਼ ਵਿੱਚ ਭਾਵੇਂ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਫ਼ੀਸਦੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ, ਪਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਅਰਥ-ਵਿਗਿਆਨ ਦੀ ਪ੍ਰੋਫ਼ੈਸਰ ਉਤਸਾ ਪਟਨਾਇਕ ਅਤੇ ਹੋਰ ਵਿਦਵਾਨਾਂ ਦੇ ਖੋਜ ਅਧਿਐਨਾਂ ਅਨੁਸਾਰ ਇਹ ਫ਼ੀਸਦੀ ਵਧੀ ਹੈ ਅਤੇ ਵਰਤਮਾਨ ਸਮੇਂ ਦੌਰਾਨ ਦੋ-ਤਿਹਾਈ ਤੋਂ ਵੱਧ ਜਨਸੰਖਿਆ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿੱਚ ਸਰੀਰਕ ਕੰਮ ਕਰਨ ਵਾਲੇ ਤਕਰੀਬਨ ਸਾਰੇ ਮਜ਼ਦੂਰ ਘੋਰ ਗ਼ਰੀਬੀ ਦਾ ਸਾਹਮਣਾ ਕਰ ਰਹੇ ਜਿਸ ਕਾਰਨ ਉਹ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਪੂਰੀਆਂ ਕਰਨ ਵਿੱਚ ਅਸਮਰੱਥ ਹਨ।



ਵਾਤਾਵਰਨ ਸਾਫ਼ ਰੱਖਣ ਦੇ ਪੱਖ ਤੋਂ ਭਾਰਤ ਦੀ ਹਾਲਤ ਘੋਰ ਨਿਰਾਸ਼ਾ ਵਾਲੀ ਹੈ। ਭਾਰਤ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਅਤੇ ਅਨਾਜ ਮੰਗਵਾਉਣ ਲਈ ਬਾਹਰਲੇ ਦੇਸ਼ਾਂ ਅੱਗੇ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁਡਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਈ ਗਈ ਜੋ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਨੂੰ ਵਧਾਉਣ ਵਿੱਚ ਵੱਡੇ ਪੱਧਰ ਉੱਪਰ ਕਾਮਯਾਬ ਹੋਈ। ਇਹ ਜੁਗਤ ਅਪਨਾਉਣ ਲਈ ਲੋੜੀਂਦੇ ਪੈਕੇਜ ਵਿੱਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਇਣਾਂ ਦੀ ਵਰਤੋਂ ਅਤੇ ਧਾਨ ਦੀ ਲੁਆਈ ਲਈ ਛੱਪੜ-ਸਿੰਜਾਈ, ਕਣਕ ਦੀ ਨਾੜ ਅਤੇ ਧਾਨ ਦੀ ਪਰਾਲੀ ਨੂੰ ਸਾੜਨ ਆਦਿ ਦੇ ਨਤੀਜੇ ਵਜੋਂ ਦੇਸ਼ ਦੇ ਬਹੁਤੇ ਭਾਗਾਂ, ਖ਼ਾਸ ਕਰਕੇ ਇਸ ਜੁਗਤ ਨੂੰ ਅਪਨਾਉਣ ਵਾਲੇ ਇਲਾਕਿਆਂ ਵਿੱਚ ਧਰਤੀ, ਹਵਾ ਅਤੇ ਪਾਣੀ ਪ੍ਰਦੂਸ਼ਿਤ ਹੋ ਗਏ ਹਨ ਜਿਸ ਦੇ ਨਤੀਜੇ ਵਜੋਂ ਲੋਕ ਵੱਖ ਵੱਖ ਬਿਮਾਰੀਆਂ ਦੀ ਮਾਰ ਝੱਲਣ ਲਈ ਮਜਬੂਰ ਹਨ ਅਤੇ ਗ਼ਰੀਬ ਲੋਕ ਤਾਂ ਆਪਣੀ ਕਮਜ਼ੋਰ ਗ਼ਰੀਬ ਖਰੀਦ ਸ਼ਕਤੀ ਕਾਰਨ ਬਿਮਾਰੀਆਂ ਦਾ ਇਲਾਜ ਕਰਵਾਉਣ ਬਾਰੇ ਸੋਚ ਵੀ ਨਹੀਂ ਸਕਦੇ। ਦੇਸ਼ ਵਿੱਚ ਕਾਰਬਨ-ਡਾਇਆਕਸਾਇਡ, ਨਾਈਟਰੋਜਨ-ਆਕਸਾਈਡ, ਸਲਫਰ-ਡਾਇਆਕਸਾਇਡ, ਕਿਮੇਨ ਅਤੇ ਹੋਰ ਮਾਰੂ ਗੈਸਾਂ ਦੀ ਮਾਤਰਾ ਲਗਾਤਾਰ ਵਧ ਰਹੀ ਹੈ। ਪਿਮੈਂਟਲ ਦੇ ਖੋਜ ਅਧਿਐਨ ਅਨੁਸਰ ਫਸਲਾਂ ਉੱਪਰ ਸਪਰੇਅ ਕੀਤੇ ਗਏ ਰਸਾਇਣਾਂ ਵਿੱਚੋਂ ਸਿਰਫ਼ 0.1 ਫ਼ੀਸਦ ਹੀ ਕੀਟਾਂ ਤੱਕ ਪਹੁੰਚਦਾ ਹੈ ਅਤੇ ਬਾਕੀ ਦਾ 99.9 ਫ਼ੀਸਦ ਧਰਤੀ, ਹਵਾ ਅਤੇ ਪਾਣੀ ਰਾਹੀਂ ਧਰਤੀ ਉੱਪਰਲੀ ਜ਼ਿੰਦਗੀ ਲਈ ਖ਼ਤਰਿਆਂ ਦਾ ਅਹਿਮ ਕਾਰਨ ਬਣਦਾ ਹੈ। ਖੇਤੀਬਾੜੀ ਜਿਨਸਾਂ ਦਾ ਵੱਧ ਉਤਪਾਦਨ ਕਰਨ ਲਈ ਰਸਾਇਣਾਂ ਦੀ ਵਧਦੀ ਵਰਤੋਂ ਕਰਕੇ ਦੇਸ਼ ਦੇ ਕੁਝ ਭਾਗਾਂ ਵਿੱਚ ਭੂਮੀ ਦੀ ਉਪਜਾਊ ਸ਼ਕਤੀ ਵਿੱਚ ਕਮੀ ਆਈ ਅਤੇ ਭੂਮੀ ਬੰਜਰ ਵੀ ਹੋ ਰਹੀ ਹੈ। ਦਰਿਆਵਾਂ, ਨਦੀ-ਨਾਲਿਆਂ, ਨਹਿਰਾਂ, ਟੋਭਿਆਂ ਆਦਿ ਦੀ ਹਾਲਤ ਕਿਸੇ ਤੋਂ ਲੁਕੀ ਹੋਈ ਨਹੀਂ। ਇਨ੍ਹਾਂ ਪਾਣੀ ਦੇ ਸਰੋਤਾਂ, ਜਿਨ੍ਹਾਂ ਦੀ ਵੱਖ ਵੱਖ ਕੰਮਾਂ ਵਿੱਚ ਵਰਤੋਂ ਹੁੰਦੀ ਹੈ, ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਇਨ੍ਹਾਂ ਵਿੱਚੋਂ ਮਨੁੱਖਾਂ ਦੇ ਪੀਣ ਲਈ ਪਾਣੀ ਲੈਣਾ ਖ਼ਤਰਿਆਂ ਤੋਂ ਖਾਲੀ ਨਹੀਂ ਹੈ। ਧਰਤੀ ਉੱਪਰ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਕਿਸੇ ਵੀ ਦੇਸ਼ ਵਿੱਚ ਉਸ ਦੇ ਭੂਗੋਲਿਕ ਖੇਤਰ ਦਾ 33.33 ਫ਼ੀਸਦ ਹਿੱਸਾ ਜੰਗਲਾਂ ਥੱਲੇ ਹੋਣਾ ਚਾਹੀਦਾ ਹੈ, ਪਰ ਨੀਤੀ ਆਯੋਗ ਅਨੁਸਾਰ 2013 ਦੌਰਾਨ ਭਾਰਤ ਵਿੱਚ ਇਹ ਰਕਬਾ 21.23 ਫ਼ੀਸਦ ਹੈ, ਦੇਸ਼ ਦੇ ਅੰਨ ਦੇ ਕਟੋਰੇ ਪੰਜਾਬ ਵਿੱਚ ਤਾਂ ਇਹ ਸਿਰਫ਼ 3.52 ਫ਼ੀਸਦ ਹੀ ਹੈ ਜਿਹੜਾ ਵੱਖ ਵੱਖ ਸਮੱਸਿਆਵਾਂ/ ਉਲਝਣਾਂ ਸਾਹਮਣੇ ਲਿਆ ਰਿਹਾ ਹੈ। ਦੇਸ਼ ਦੇ ਅਨਾਜ-ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਪੰਜਾਬ ਅਤੇ ਹਰਿਆਣੇ ਸੂਬਿਆਂ ਸਿਰ ਥੋਪੀ ਗਈ ਧਾਨ ਦੀ ਫਸਲ ਧਰਤੀ ਹੇਠਲੇ ਪਾਣੀ ਦੀ ਸਤਿਹ ਨੂੰ ਖ਼ਤਰਨਾਕ ਪੱਧਰ ਤੱਕ ਥੱਲੇ ਲੈ ਗਈ ਹੈ ਜੋ ਅੱਜ ਵੀ ਇਨ੍ਹਾਂ ਸੂਬਿਆਂ ਵਿੱਚ ਰਹਿਣ ਵਾਲਿਆਂ ਲੋਕਾਂ ਲਈ ਅਸਹਿ ਸਮੱਸਿਆਵਾਂ ਪੈਦਾ ਕਰ ਰਿਹਾ ਹੈ ਅਤੇ ਆਉਣ ਵਾਲਿਆਂ ਸਮਿਆਂ ਦੌਰਾਨ ਹੋਰ ਕਿਹੜੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਵੇਗਾ, ਦਾ ਕਿਸੇ ਨੂੰ ਕੋਈ ਪਤਾ ਨਹੀਂ। ਸਰਕਾਰ ਭਾਵੇਂ ਸਮਾਰਟ ਸ਼ਹਿਰ ਬਣਾਉਣ ਬਾਰੇ ਬਹੁਤ ਕੁਝ ਕਹਿ ਰਹੀ ਹੈ, ਪਰ ਦੁਨੀਆਂ ਦੇ 20 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 13 ਭਾਰਤ ਵਿੱਚ ਹਨ।

ਸਭ ਲਈ ਆਰਥਿਕ ਵਿਕਾਸ ਬਾਰੇ ਤੀਜਾ ਪੱਖ ਲੋਕਾਂ ਸਿਰ ਕਰਜ਼ੇ ਦਾ ਹੈ। ਇਸ ਲੇਖਕ ਅਤੇ ਸਹਿਯੋਗੀਆਂ ਦੁਆਰਾ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਲਈ ਪੰਜਾਬ ਵਿੱਚ 2014-15 ਦੌਰਾਨ ਕੀਤੇ ਗਏ ਸਰਵੇਖਣ ਤੋਂ ਸਾਹਮਣੇ ਆਇਆ ਕਿ ਕਿਸਾਨਾਂ ਸਿਰ 69000 ਕਰੋੜ ਰੁਪਏ ਤੋਂ ਵੱਧ ਕਰਜ਼ਾ ਹੈ ਜਿਸ ਦੇ ਹੁਣ 90000 ਕਰੋੜ ਰੁਪਏ ਹੋਣ ਬਾਰੇ ਅਨੁਮਾਨ ਹਨ। ਵੱਡੇ ਕਿਸਾਨਾਂ ਨੂੰ ਛੱਡ ਕੇ

ਬਾਕੀ ਸਫ਼ਾ 29 'ਤੇ

# ਸਿੱਖਾਂ ਦੀ ਵੱਖਰੀ ਪਛਾਣ: ਅਕਾਲੀ ਕਿਉਂ ਹਟੇ ਪਿੱਛੇ ?

**ਕੇ.ਐੱਸ. ਚਾਵਲਾ**
(ਸੰਪਰਕ: 99886-44244)

ਪੰਜਾਬ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਰਮਨਾਕ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਯੂ-ਟਰਨ ਲੈਂਦਿਆਂ ਸੰਵਿਧਾਨ ਦੀ ਧਾਰਾ '25 ਬੀ' ਰੱਦ ਕਰਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ। ਖੈਰ, ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਲਈ ਮੁੜ ਇੱਕ ਪੰਥਕ ਏਜੰਡਾ ਅਪਣਾਇਆ ਹੈ ਕਿਉਂਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਖਾਂ ਦੀ ਨਾਰਾਜ਼ਗੀ ਕਾਰਨ ਹੀ ਅਕਾਲੀ ਦਲ ਨੂੰ ਵਿਰੋਧੀ ਧਿਰ ਵਿੱਚ ਬਣੇ ਰਹਿਣ ਜੋਗੀਆਂ ਸੀਟਾਂ ਵੀ ਨਹੀਂ ਮਿਲੀਆਂ।

ਸਾਲ 1997 ਤੋਂ 2017 ਦਰਮਿਆਨ 2002-2007 ਤਕ ਕੈਪਟਨ ਅਮਰਿੰਦਰ ਸਿੰਘ ਦੇ ਕਾਰਜ ਕਾਲ ਨੂੰ ਛੱਡ ਕੇ ਅਕਾਲੀ ਦਲ ਨੇ ਪੰਜਾਬ 'ਤੇ 15 ਸਾਲ ਰਾਜ ਕੀਤਾ ਹੈ। ਇਸ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪ੍ਰਕਾਸ਼ ਸਿੰਘ ਬਾਦਲ ਤੋਂ ਵੱਖ ਹੋ ਕੇ ਆਪਣੀ ਪਾਰਟੀ 'ਸਰਬ ਹਿੰਦ ਅਕਾਲੀ ਦਲ' ਬਣਾ ਲਈ ਅਤੇ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ 'ਤੇ ਬਾਦਲ ਧੜੇ ਖ਼ਿਲਾਫ਼ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ 2002 ਦੀ ਚੋਣ ਹਾਰ ਗਿਆ। ਹਾਲਾਂਕਿ ਸਰਬ ਹਿੰਦ ਦਾ ਖਾਤਾ ਨਹੀਂ ਖੁੱਲ੍ਹਿਆ, ਪਰ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ 'ਬੇੜੀ ਵੱਟੇ' ਜ਼ਰੂਰ ਪਾ ਦਿੱਤੇ।

ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਭਾਈਵਾਲ ਪਾਰਟੀ ਭਾਜਪਾ ਨਾਲ ਰਲ ਕੇ 1997 ਦੌਰਾਨ ਪੰਜਾਬ ਵਿੱਚ ਆਪਣੀ ਸਰਕਾਰ ਬਣਾ ਲਈ ਸੀ, ਪਰ ਸਿੱਖਾਂ ਦਾ ਬਾਦਲ ਨਾਲ ਵਖਰੇਵਾਂ ਉਦੋਂ ਹੀ ਸ਼ੁਰੂ ਹੋਇਆ। ਫਰਵਰੀ 1996 ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਮੋਗਾ ਵਿੱਚ ਕਾਨਫਰੰਸ ਕੀਤੀ ਅਤੇ ਇਸ ਨੂੰ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦਾ ਨਾਅਰਾ ਦਿੱਤਾ। ਦੂਜੇ ਪਾਸੇ ਅਕਾਲੀ ਦਲ ਵੱਲੋਂ ਹਿੰਦੂਆਂ ਤੇ ਮੁਸਲਮਾਨਾਂ ਲਈ ਪਾਰਟੀ ਦੀ ਮੈਂਬਰਸ਼ਿਪ ਖੋਲ੍ਹ ਦਿੱਤੀ ਗਈ। ਸਾਕਾ ਨੀਲਾ ਤਾਰਾ ਤੋਂ ਬਾਅਦ ਭਾਜਪਾ ਨੇ ਮਿੱਤਰਤਾ ਲਈ ਅਕਾਲੀ ਦਲ ਵੱਲ ਹੱਥ ਵਧਾਇਆ ਸੀ।

ਪੰਜਾਬ ਵਿੱਚ ਅਤਿਵਾਦ ਦੇ ਦੌਰ ਮਗਰੋਂ ਪ੍ਰਕਾਸ਼ ਸਿੰਘ ਬਾਦਲ ਸੂਬੇ ਵਿੱਚ ਸੰਪਰਦਾਇਕਤਾ ਵਾਲਾ ਮਾਹੌਲ ਸਿਰਜ ਕੇ ਭਾਜਪਾ ਨਾਲ ਗੱਠਜੋੜ ਕਰਨ ਦੇ ਇੱਛੁਕ ਸਨ। ਬਾਦਲ ਟਕਸਾਲੀ ਆਗੂਆਂ ਜਥੇਦਾਰ ਟੌਹੜਾ ਅਤੇ ਜਗਦੇਵ ਸਿੰਘ ਤਲਵੰਡੀ ਤੋਂ 'ਕਿਨਾਰਾ' ਕਰਨਾ ਚਾਹੁੰਦੇ ਸਨ। 2007 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਉਪਰੋਥਲੀ ਦੋ ਵਿਧਾਨ ਸਭਾ ਚੋਣਾਂ ਜਿੱਤਿਆ ਅਤੇ ਸੁਖਬੀਰ ਬਾਦਲ ਨੇ ਬਤੌਰ ਪਾਰਟੀ ਪ੍ਰਧਾਨ ਐਲਾਨ ਕੀਤਾ ਕਿ ਅਕਾਲੀ ਦਲ ਸੂਬੇ ਵਿੱਚ 25 ਸਾਲ ਰਾਜ ਕਰੇਗਾ। ਪਰ ਅਕਾਲੀ ਧਾਰਾ 25 ਬੀ ਨੂੰ ਭੁੱਲ ਗਏ। 2012 ਵਿੱਚ ਸੁਖਬੀਰ ਸਿੰਘ ਬਾਦਲ ਨੇ ਵੱਡੀ ਗਿਣਤੀ ਹਿੰਦੂ ਉਮੀਦਵਾਰਾਂ ਨੂੰ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦਿੱਤੀਆਂ। ਜਥੇਦਾਰ ਟੌਹੜਾ ਦੀ ਮੌਤ ਮਗਰੋਂ ਬਾਦਲ ਪਿਉ-ਪੁੱਤ ਅਕਾਲੀ ਦਲ ਵਿੱਚ ਨਿਰਵਿਰੋਧ ਆਗੂਆਂ ਵਜੋਂ ਉੱਭਰੇ।

2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ ਹੱਕ ਵਿੱਚ ਪ੍ਰਚਾਰ ਦੀ ਹਨੇਰੀ ਝੁਲ ਗਈ ਸੀ, ਪਰ 'ਆਪ' ਲੀਡਰਸ਼ਿਪ



ਦੀਆਂ 'ਆਪਹੁਦਰੀਆਂ' ਕਾਰਨ ਸੱਤਾ ਕਾਂਗਰਸ ਦੇ ਹੱਥ ਆ ਗਈ। ਇਨ੍ਹਾਂ ਚੋਣ ਨਤੀਜਿਆਂ ਨੇ ਅਕਾਲੀ ਦਲ ਦੇ ਪੰਜਾਬ 'ਤੇ 25 ਸਾਲ ਰਾਜ ਕਰਨ ਦੇ ਸੁਪਨਿਆਂ ਨੂੰ ਮਿੱਟੀ ਵਿੱਚ ਮਧੋਲ ਦਿੱਤਾ।

ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਨਵਾਂ ਮੋੜ ਆਇਆ ਜਦੋਂ ਅਕਾਲੀ ਦਲ ਨੇ ਗ਼ੈਰ-ਸਿੱਖਾਂ ਲਈ ਪਾਰਟੀ ਦੀ ਮੈਂਬਰਸ਼ਿਪ ਖੋਲ੍ਹੀ। ਇਸ ਸਬੰਧੀ ਬਲਵੰਤ ਸਿੰਘ ਖਹਿਰਾ ਵੱਲੋਂ ਭਾਰਤੀ ਚੋਣ ਕਮਿਸ਼ਨ ਕੋਲ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਅਕਾਲੀ ਦਲ ਧਰਮ-ਨਿਰਪੱਖ ਪਾਰਟੀ ਨਹੀਂ ਹੈ। ਅਕਾਲੀ ਦਲ ਨੇ 2000 ਵਿੱਚ ਐੱਨ.ਡੀ.ਏ. ਸਰਕਾਰ ਵੱਲੋਂ ਬਣਾਏ ਗਏ ਵੈਂਕੇਟ ਚਲੱਈਆ ਕਮਿਸ਼ਨ ਕੋਲ ਸਿੱਖਾਂ ਦੀ 'ਵੱਖਰੀ ਪਛਾਣ' ਲਈ ਪਟੀਸ਼ਨ ਦਾਇਰ ਕੀਤੀ ਸੀ। ਕਮਿਸ਼ਨ ਨੇ ਅਕਾਲੀ ਦਲ ਦੀ ਗੱਲ ਸਵੀਕਾਰ ਕਰ ਲਈ ਸੀ ਅਤੇ ਸਿੱਖਾਂ ਨੂੰ 'ਵੱਖਰੀ ਪਛਾਣ' ਐਲਾਨਣ ਲਈ ਸਹਿਮਤੀ ਦਿੱਤੀ ਸੀ। ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ ਨੇ ਪਿਛਲੇ ਕਰੀਬ ਤਿੰਨ ਦਹਾਕੇ ਤੋਂ ਵੱਧ ਵਕਫ਼ੇ ਤੋਂ ਇਹ ਮੁੱਦਾ ਉਭਾਰਨ ਦੀ ਲੋੜ ਨਹੀਂ ਸਮਝੀ। ਹੁਣ ਜਦੋਂ 2017 ਦੀਆਂ ਚੋਣਾਂ ਹਾਰਨ ਨਾਲ 'ਠੋਕਰ' ਲੱਗੀ ਤਾਂ ਸਿੱਖਾਂ ਦੀ 'ਵੱਖਰੀ ਪਛਾਣ' ਦਾ ਚੇਤਾ ਆ ਗਿਆ। ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਸਥਿਤ ਧਰਮ ਯੁੱਧ ਮੋਰਚੇ ਦੌਰਾਨ ਪਾਰਟੀ ਦੇ ਪ੍ਰਧਾਨ ਹੁੰਦਿਆਂ ਧਾਰਾ 25-ਬੀ ਦੀਆਂ ਕਾਪੀਆਂ ਸਾੜੀਆਂ ਸਨ, ਜਿਸ ਦੀ ਅਟਲ ਬਿਹਾਰੀ ਵਾਜਪਾਈ ਸਮੇਤ ਸਾਰੀਆਂ ਧਿਰਾਂ ਨੇ ਨਿਖੇਧੀ ਕੀਤੀ ਸੀ।

ਸਾਲ 2014 ਦੌਰਾਨ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੱਤਾ ਵਿੱਚ ਆਈ ਐੱਨ.ਡੀ.ਏ. ਸਰਕਾਰ ਤੋਂ ਬਾਅਦ ਆਰ. ਐੱਸ.ਐੱਸ. ਨੇ ਪੰਜਾਬ ਵਿੱਚ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਅਤੇ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਿਆ ਸੀ, ਪਰ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਗਠਜੋੜ ਦੀ ਹਾਰ ਤੋਂ ਬਾਅਦ ਆਰ.ਐੱਸ.ਐੱਸ. ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਸਿੱਖਾਂ ਦੀ ਵੱਖਰੀ ਪਛਾਣ ਦਾ ਰਾਗ ਅਲਾਪਿਆ। ਸੁਖਬੀਰ ਬਾਦਲ ਨੇ ਐਲਾਨ ਕੀਤਾ ਕਿ ਉਹ ਸਿੱਖਾਂ ਦੀ 'ਵੱਖਰੀ ਪਛਾਣ' ਬਾਰੇ ਸੰਸਦ ਵਿੱਚ ਬਿੱਲ ਲੈ ਕੇ ਆਉਣਗੇ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਸਿੱਖ ਸੰਸਦ ਮੈਂਬਰਾਂ ਦਾ ਵਫ਼ਦ ਕੇਂਦਰੀ ਮੰਤਰੀ ਅਰੁਣ ਜੇਤਲੀ ਅਤੇ ਰਵੀ ਸ਼ੰਕਰ ਪ੍ਰਸਾਦ ਨੂੰ ਵੀ ਮਿਲ ਚੁੱਕਿਆ ਹੈ। ਉੱਧਰ, ਆਰ.ਐੱਸ.ਐੱਸ. ਦੀ ਮਾਨਤਾ ਵਾਲੀ ਰਾਸ਼ਟਰੀ ਸਿੱਖ ਸੰਗਤ ਨੇ ਅਕਾਲੀ ਦਲ ਵੱਲੋਂ ਇਹ ਮੁੱਦਾ ਚੁੱਕਣ ਦੀ ਆਲੋਚਨਾ ਕੀਤੀ ਕਿ ਇਹ ਤਾਂ ਪਹਿਲਾਂ ਹੀ ਸਪੱਸ਼ਟ ਹੋ ਚੁੱਕਿਆ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ ਹੈ।

ਅਕਾਲੀ ਦਲ ਦੇ ਵੱਖਰੇ ਧੜੇ ਨੇ ਸਿੱਖ ਕੌਮ ਦੇ ਵੱਖਰੇ ਰਾਜ ਦਾ ਮੁੱਦਾ ਉਭਾਰਿਆ ਹੈ। ਇਸ ਸਬੰਧੀ ਅਕਾਲ ਤਖ਼ਤ ਵੱਲੋਂ 1994 ਵਿੱਚ ਵੱਖ-ਵੱਖ ਗਰੁੱਪਾਂ ਦੇ ਸਿੱਖ ਆਗੂਆਂ ਨੂੰ ਤਲਬ ਕਰਕੇ ਸਿੱਖਾਂ ਦੇ ਵੱਖਰੇ ਰਾਜ ਦੇ ਮੁੱਦੇ 'ਤੇ ਗੱਲਬਾਤ ਕੀਤੀ ਗਈ ਸੀ। ਫਿਰ ਚਾਰ ਰੋਜ਼ਾ ਸੰਮੇਲਨ ਤੋਂ ਬਾਅਦ ਅੰਮ੍ਰਿਤਸਰ ਐਲਾਨਨਾਮਾ ਹੋਂਦ ਵਿੱਚ ਆਇਆ। ਇਸ ਵਿੱਚ ਸੰਘੀ ਸੰਵਿਧਾਨ ਦੀ ਮੰਗ ਕੀਤੀ ਗਈ। ਇਸ ਐਲਾਨਨਾਮੇ ਦੀ ਪੈਰਵਾਈ ਇਕੱਲੇ ਸਿਮਰਨਜੀਤ ਸਿੰਘ ਮਾਨ ਨੇ ਕੀਤੀ। ਪ੍ਰਕਾਸ਼ ਸਿੰਘ ਬਾਦਲ ਨੇ ਇਸ ਸੰਮੇਲਨ ਵਿੱਚ ਸ਼ਿਰਕਤ ਨਹੀਂ ਕੀਤੀ ਸੀ। ਸਿੱਖਾਂ ਦੀ ਵੱਖਰੀ ਪਛਾਣ ਦਾ ਪੈਂਤੜਾ ਅਕਾਲੀ ਦਲ ਵੱਲੋਂ ਪਾਰਟੀ ਦੇ ਲਾਹੇ ਲਈ ਖੇਡਿਆ ਗਿਆ ਹੈ, ਪਰ ਇਹ ਤਾਂ ਸਮਾਂ ਹੀ ਦੱਸੇਗਾ ਕਿ ਬਲਾਤਕਾਰ ਦੇ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਵੋਟਾਂ ਮੰਗਣ ਵਾਲੇ ਅਕਾਲੀਆਂ ਨੂੰ ਲੋਕ ਮੂੰਹ ਲਾਉਣਗੇ ਜਾਂ ਨਹੀਂ?

# ਉਜੱਡਾਂ ਵਿੱਚ ਘਿਰਿਆ ਅਹਿਮਕ...

**ਹਰੀਸ਼ ਖਰੇ**

ਮਾਈਕਲ ਵੂਲਫ ਦੀ ਪੁਸਤਕ ਫਾਇਰ ਐਂਡ ਫਯੂਰੀ- ਇਨਸਾਈਡ ਦਿ ਟਰੰਪ ਵਾਈਟ ਹਾਊਸ' (ਰੋਹ ਤੇ ਦਵੇਸ਼: ਟਰੰਪ ਦੇ ਵਾਈਟ ਹਾਊਸ ਦਾ ਅੰਦਰੂਨੀ ਜਗਤ) ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਵਿੱਚ ਸ਼ੁਮਾਰ ਹੋ ਗਈ ਹੈ ਕਿਉਂਕਿ ਇਸ ਵਿੱਚ ਇੱਕ ਮਸਾਲੇਦਾਰ ਕ੍ਰਿਤ ਵਾਲੇ ਸਾਰੇ ਗੁਣ ਮੌਜੂਦ ਹਨ- ਇਹ ਇੱਕ ਅਜਿਹੇ ਵਿਅਕਤੀ ਦੇ ਮਨ ਤਕ ਰਸਾਈ ਅਤੇ ਪ੍ਰਭਾਵ ਪਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਬੰਨ੍ਹ ਕੇ ਬਿਠਾਉਣ ਯੋਗ ਤੇ ਦਿਲਚਸਪ ਢੰਗ ਨਾਲ ਲਿਖੀ ਗਈ ਕਹਾਣੀ ਹੈ ਜੋ ਦੁਨੀਆਂ ਦੇ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਅਹਿਮ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ।






ਮੁੱਢਲੇ ਰੂਪ ਵਿੱਚ ਇਹ ਬਹੁਤ ਦਿਲਚਸਪ ਹੋਣ ਦੇ ਨਾਲ ਨਾਲ ਮਨ ਨੂੰ ਡੂੰਘਾਈਆਂ ਤਕ ਅਸ਼ਾਂਤ ਕਰ ਦੇਣ ਵਾਲੀ ਪੁਸਤਕ ਵੀ ਹੈ ਕਿਉਂਕਿ ਇਹ (ਵਾਈਟ ਹਾਊਸ ਦੇ) ਅੰਦਰੂਨੀ ਸਰੋਤਾਂ ਅਤੇ ਉਨ੍ਹਾਂ ਦੀਆਂ ਕੁਸੈਲੀਆਂ ਤਾਜ਼ਾ ਯਾਦਾਂ 'ਤੇ ਆਧਾਰਿਤ ਹੈ। ਟਰੰਪ ਦੀ ਅਗਵਾਈ ਵਾਲਾ ਵਾਈਟ ਹਾਊਸ ਪੂਰੀ ਤਰ੍ਹਾਂ ਧੜੇਬਾਜ਼ੀ ਵਾਲੀ ਥਾਂ ਹੈ ਜਿੱਥੇ ਤਿਕੜਮਬਾਜ਼ਾਂ ਦਾ ਹਜੂਮ ਅਤੇ ਵਿਚਾਰਵਾਨ ਆਪੋ ਆਪਣੇ ਹਿਸਾਬ ਨਾਲ ਕੰਮਕਾਜੀ ਪ੍ਰੋਟੋਕੋਲ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੁੱਢਲਾ ਝਗੜਾ ਜਾਰਵਾਂਕਾ (ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਇਵਾਂਕਾ, ਉਸ ਦਾ ਪਤੀ ਜੇਅਰਡ ਕੁਸ਼ਨਰ ਅਤੇ ਇਸ ਜੋੜੇ ਵੱਲੋਂ ਵਾਈਟ ਹਾਊਸ ਵਿੱਚ ਸੁਰੱਖਿਆ ਤੇ ਵਿੱਤੀ ਸਲਾਹਕਾਰਾਂ ਵਜੋਂ ਨਿਯੁਕਤ ਕਰਵਾਏ ਗਏ ਉੱਘੀ ਬਹੁਕੌਮੀ ਵਿੱਤੀ ਕੰਪਨੀ ਗੋਲਡਮੈਨ ਸੈਕਸ ਦੇ ਸਾਬਕਾ ਅਧਿਕਾਰੀ) ਅਤੇ ਬੈਨਨਾਈਟਸ (ਨਿਰਪੇਖਤਾਵਾਦੀ ਸੱਜੇ-ਪੱਖੀ ਤੇ ਬੁਨਿਆਦੀ ਤੌਰ 'ਤੇ ਸਥਾਪਤੀ ਵਿਰੋਧੀ ਸ਼ਖ਼ਸ ਸਟੀਵ ਬੈਨਨ ਅਤੇ ਉਸ ਦੇ ਵਿਚਾਰਧਾਰਕ ਮਿੱਤਰਾਂ) ਦਰਮਿਆਨ ਹੈ। ਬੈਨਨ ਦੇ ਹਮਾਇਤੀ ਕੁਸ਼ਨਰ ਨੂੰ ਅੰਤਾਂ ਦਾ ਮੂਰਖ ਅਤੇ ਉਪਹਾਸ ਦਾ ਪਾਤਰ' ਸਮਝਦੇ ਹਨ। ਦੂਜੀ ਧਿਰ ਵੱਲੋਂ ਬੈਨਨ ਨੂੰ ਅਧਖੜ ਉਮਰ ਪਾਰ ਕਰ ਚੁੱਕੇ ਗ਼ੈਰ-ਸਮਾਜੀ ਤੇ ਕੁਜੋੜ' ਵਿਅਕਤੀ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਨੂੰ ਹੋਰਾਂ ਨਾਲ ਨਿਭਾਉਣ ਲਈ ਬਹੁਤ ਜ਼ਿਆਦਾ ਕੋਸ਼ਿਸ਼ਾਂ ਕਰਨੀਆਂ ਪਈਆਂ ਜੋ ਕਾਮਯਾਬ ਨਹੀਂ ਹੋ ਸਕੀਆਂ'

ਜਾਰਵਾਂਕਾ ਜੁੰਡਲੀ ਜਿੱਤ ਗਈ ਅਤੇ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਸਟੀਵ ਬੈਨਨ ਨੂੰ ਬੇਇੱਜ਼ਤ ਕਰਕੇ ਅਹੁਦੇ ਤੋਂ ਹਟਾ ਦਿੱਤਾ ਗਿਆ (ਜੋ ਮਾਈਕਲ ਵੂਲਫ ਦੀ ਪੁਸਤਕ ਲਈ ਮੁੱਢਲਾ ਸਰੋਤ ਬਣਿਆ)।

ਟਰੰਪ ਦਾ ਵਾਈਟ ਹਾਊਸ ਪੂਰੀ ਤਰ੍ਹਾਂ ਪਰਿਵਾਰ ਕੇਂਦਰਿਤ ਵਿਵਸਥਾ ਬਣ ਗਿਆ ਹੈ। ਦੁਨੀਆਂ ਦੀ ਸਭ ਤੋਂ ਵਧੇਰੇ 'ਸੰਸਥਾਗਤ' ਜਮਹੂਰੀਅਤ ਦਾ ਰੁਤਬਾ ਘਟਾ ਕੇ ਇਸ ਨੂੰ ਮੱਧਯੁਗੀ ਦਰਬਾਰ ਵਰਗਾ ਬਣਾ ਦਿੱਤਾ ਗਿਆ ਹੈ ਜਿੱਥੇ ਪਰਿਵਾਰਕ ਵੰਡੀਆਂ ਧੜੇਬੰਦੀ ਦਾ ਰੂਪ ਧਾਰਨ ਕਰ ਲੈਂਦੀਆਂ ਸਨ ਤੇ ਇਹ ਧੜੇ ਬਾਦਸ਼ਾਹ ਦਾ ਧਿਆਨ ਖਿੱਚਣ ਲਈ ਆਪਸ ਵਿੱਚ ਝਗੜਦੇ ਰਹਿੰਦੇ ਸਨ।

ਕਿਹੋ ਜਿਹਾ ਬਾਦਸ਼ਾਹ ਹੈ! ਵੂਲਫ ਦੇ ਵੇਰਵਿਆਂ ਤੋਂ ਸਮੁੱਚੇ ਤੌਰ 'ਤੇ ਬਹੁਤ ਹੀ ਨਿਕੰਮੇ ਰਾਸ਼ਟਰਪਤੀ ਦੀ ਤਸਵੀਰ ਉੱਘੜਦੀ ਹੈ। ਉਸ ਨੇ ਅਮਰੀਕੀ ਰਾਸ਼ਟਰਪਤੀ ਲਈ ਖ਼ਬਤੀ, ਅਜੀਬ, ਦਿਮਾਗ਼ ਦੇ ਢਿੱਲੇ ਪੇਚਾਂ ਵਾਲਾ, ਅਸਥਿਰ, ਖ਼ਰਦਿਮਾਗ਼ ਅਤੇ ਡਾਵਾਂਡੋਲ ਮਾਨਸਿਕਤਾ ਵਾਲਾ ਵਿਅਕਤੀ ਜਿਹੇ ਸ਼ਬਦ ਆਮ ਹੀ ਵਰਤੇ ਹਨ। ਉਸ ਨੂੰ ਕਿਸੇ ਕਿਸਮ ਦੇ ਸਮਾਜਿਕ ਅਨੁਸ਼ਾਸਨ ਤੋਂ ਵਿਹੂਣੇ ਆਦਮੀ ਵਜੋਂ ਪੇਸ਼ ਕੀਤਾ ਗਿਆ ਹੈ ਜੋ 'ਨਫ਼ਾਸਤ ਦੇ ਨੇੜੇ-ਤੇੜੇ ਢੁਕਣ ਦੀ ਕੋਸ਼ਿਸ਼ ਵੀ ਨਹੀਂ ਕਰਦਾ।' ਟਰੰਪ ਅਜਿਹਾ ਸ਼ਖ਼ਸ ਹੈ ਜਿਸ ਦੀ 'ਅਸੂਲਾਂ ਮੁਤਾਬਿਕ ਕੰਮ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਜਾਂ ਉਸ ਵਿੱਚ ਅਸੂਲ ਮੁਤਾਬਿਕ ਚੱਲਣ ਦੀ ਸਮਰੱਥਾ ਹੀ ਨਹੀਂ।' ਉਹ ਜ਼ਾਲਿਮਾਨਾ ਕਾਰਵਾਈਆਂ ਵੀ ਬੜੇ ਸੁਭਾਵਿਕ ਢੰਗ ਨਾਲ ਕਰ ਸਕਦਾ ਹੈ। ਇਸ ਤੋਂ ਵੀ ਉਪਰਲੀ ਗੱਲ ਹੈ ਕਿ ਉਹ ਪੂਰਾ ਬੇਸ਼ਊਰ ਹੈ।

ਜਦੋਂ ਪਾਠਕ ਇਨ੍ਹਾਂ ਖ਼ੁਸ਼ਨੁਮਾ ਵੇਰਵਿਆਂ 'ਤੇ ਝਾਤ ਮਾਰਦਾ ਹੈ ਤਾਂ ਇੱਕ ਵਿਚਾਰ ਮਨ ਵਿੱਚ ਵਾਰ ਵਾਰ ਆਉਂਦਾ ਹੈ: ਅਮਰੀਕਾ ਵਰਗੇ ਮੁਲਕ- ਜੋ ਵਿਕਸਿਤ ਸੰਸਥਾਵਾਂ, ਮਜ਼ਬੂਤ ਨੀਂਹਾਂ ਅਤੇ ਯੂਨੀਵਰਸਿਟੀਆਂ 'ਤੇ ਮਾਣ ਕਰਦਾ ਹੈ- ਨੇ ਇਸ ਆਦਮੀ ਨੂੰ ਰਾਸ਼ਟਰਪਤੀ ਕਿਵੇਂ ਚੁਣ ਲਿਆ? ਵੂਲਫ ਮੁਤਾਬਿਕ ਇਸ ਆਦਮੀ ਨੇ ਬੁਰੀ ਤਰ੍ਹਾਂ ਪ੍ਰੇਸ਼ਾਨ ਆਪਣੀ ਪਤਨੀ ਨੂੰ ਗੰਭੀਰਤਾ ਨਾਲ ਗਾਰੰਟੀ ਦਿੱਤੀ ਕਿ 'ਉਹ ਕਿਸੇ ਵੀ ਹਾਲਤ ਵਿੱਚ ਚੋਣਾਂ ਨਹੀਂ ਜਿੱਤੇਗਾ।' ਇਸ ਦੇ ਬਾਵਜੂਦ ਉਸ ਨੂੰ ਵੋਟਾਂ ਦੇ ਕੇ ਰਾਸ਼ਟਰਪਤੀ ਦੇ ਅਹੁਦੇ ਨਾਲ ਨਿਵਾਜ ਦਿੱਤਾ ਗਿਆ। ਇਸ ਨਾਲ ਇੱਕ ਹੋਰ ਵਿਚਾਰ ਮਨ ਵਿੱਚ ਆਉਂਦਾ ਹੈ: ਜਾਂ ਤਾਂ ਉਸ ਦੀ ਵਿਰੋਧੀ ਹਿਲੇਰੀ ਕਲਿੰਟਨ ਨੇ ਬਹੁਤ ਹੀ ਨਾਕਾਮ ਪ੍ਰਚਾਰ ਮੁਹਿੰਮ ਚਲਾਈ ਤੇ ਜਾਂ ਫਿਰ ਅਮਰੀਕਾ ਨਿਊ ਯੌਰਕ ਟਾਈਮਜ਼' ਅਤੇ 'ਵਾਸ਼ਿੰਗਟਨ ਪੋਸਟ' ਦੇ ਪਾਠਕਾਂ ਦੇ ਮਨਾਂ ਵਿਚਲੇ ਭਿਅੰਕਰ ਮੁਲਕ ਵਾਲੇ ਪ੍ਰਭਾਵ ਨਾਲੋਂ ਵੀ ਕਿਤੇ ਭਿਆਨਕ ਥਾਂ ਬਣ ਚੁੱਕਾ ਹੈ।

ਸਾਰੀ ਦੁਨੀਆਂ ਦੇ ਕੂਟਨੀਤਕਾਂ ਨੂੰ ਮਾਈਕਲ ਵੂਲਫ ਦੀ ਪੁਸਤਕ ਪੜ੍ਹਨੀ ਚਾਹੀਦੀ ਹੈ। ਇੰਨਾ ਕੁਝ ਆਖੇ ਜਾਣ ਦੇ ਬਾਵਜੂਦ ਅਮਰੀਕਾ ਹਾਲੇ ਵੀ ਧਰਤੀ ਉੱਤੇ ਸਭ ਤੋਂ ਸ਼ਕਤੀਸ਼ਾਲੀ ਮੁਲਕ ਹੈ। ਇਸ ਨੇ ਹਾਲੇ ਵੀ ਦੁਨੀਆਂ ਵਿੱਚ ਵਿਵਸਥਾ ਦੇ ਰਾਖੇ ਵਾਲਾ ਆਪਣਾ ਅਕਸ ਕਾਇਮ ਰੱਖਿਆ ਹੋਇਆ ਹੈ; ਭਾਵੇਂ ਕਿ ਵਾ੍ਹੀਟ ਹਾਊਸ ਵਿੱਚ ਇੱਕ ਅਜਿਹਾ ਸ਼ਖ਼ਸ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਰਾਜਮਾਨ ਹੈ ਜੋ ਅਮਰੀਕਾ ਦੀ ਆਲਮੀ ਭੂਮਿਕਾ ਨਾਲ ਜੁੜੇ ਫ਼ਰਜ਼ਾਂ ਨੂੰ ਨਿਭਾਉਣ ਲਈ ਬੌਧਿਕ ਪੱਖੋਂ ਪੂਰੀ ਤਰ੍ਹਾਂ ਸਮਰੱਥ ਨਹੀਂ ਹੈ। ਜ਼ਾਹਿਰ ਹੈ, ਭਾਰਤੀਆਂ ਨੂੰ ਟਰੰਪ ਦੇ ਪਲੜੇ ਵਿੱਚ ਤੁਲਣ ਤੋਂ ਖ਼ਬਰਦਾਰ ਹੋਣਾ ਚਾਹੀਦਾ ਹੈ।

ਮੰਗਲਵਾਰ ਨੂੰ ਅਸੀਂ ਨਾਥੂ ਰਾਮ ਗੋਡਸੇ ਹੱਥੋਂ ਮਹਾਤਮਾ ਗਾਂਧੀ ਦੀ ਹੱਤਿਆ ਦਾ ਦਿਹਾੜਾ ਮਨਾਉਣ ਨਾਲ ਜੁੜੀਆਂ ਰਹੁਰੀਤਾਂ ਅਦਾ ਕੀਤੀਆਂ। ਕੈਮਰਿਆਂ ਪ੍ਰਤੀ ਸਦਾ ਚੌਕੰਨੇ ਰਹਿਣ ਵਾਲੇ ਸਾਡੇ ਨੇਤਾਗਣ ਰਾਜ ਘਾਟ 'ਤੇ ਜਾਣਗੇ। ਹਰ ਸਾਲ ਦੀ ਤਰ੍ਹਾਂ ਉਸ ਦਿਨ ਚੈਨਲਾਂ 'ਤੇ ਬ੍ਰਿਟਿਸ਼ ਨਿਰਦੇਸ਼ਕ ਰਿਚਰਡ ਐਟਨਬਰੋ ਦੀ ਫ਼ਿਲਮ ਗਾਂਧੀ' ਵੀ ਦਿਖਾਈ ਗਈ ਅਤੇ ਭਾਰਤ ਦੇ ਕੁਝ ਲੋਕਾਂ ਨੂੰ ਵੀਹਵੀਂ ਸਦੀ ਦੇ ਸਭ ਤੋਂ ਮਹਾਨ ਵਿਅਕਤੀ ਬਾਰੇ ਘਸਿਆ-ਪਿਟਿਆ ਪੁਰਾਣਾ ਕਾਫ਼ੀ ਕੁਝ ਜਾਣਨ/ਸੁਣਨ ਨੂੰ ਮਿਲਿਆ।

ਹਰ ਕੀਮਤ ਉੱਤੇ ਸੱਤਾ 'ਤੇ ਕਾਬਜ਼ ਹੋਣ ਦੇ ਤੁੱਛ ਮੰਤਵ ਨਾਲ ਜੁੜੇ ਰੁਝੇਵਿਆਂ ਕਾਰਨ ਅਸੀਂ ਮਹਾਤਮਾ ਦੀ ਚਤੁਰ ਬਾਣੀਆ' ਆਖ ਕੇ ਭੰਡੀ

**ਬਾਕੀ ਸਫ਼ਾ 29 'ਤੇ**

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St. #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਧਾਰਮਿਕ ਅਜ਼ਾਦੀਆਂ ਦੇ ਪਹਿਰੇਦਾਰ ਸਿੱਖ ਧਰਮ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਇਤਿਹਾਸਕ ਦੇਣ
ਮੁਗਲ ਬਾਦਸ਼ਾਹ ਵਲੋਂ ਕਿਲ੍ਹੇ 'ਚ ਕੈਦ ਕੀਤੇ 52 ਹਿੰਦੂ ਰਾਜਿਆਂ ਦੀ ਬਿਨਾਂ ਸ਼ਰਤ ਮੁਕਤੀ

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 1 ਫੱਗਣ ੫੪੯ (12 ਫਰਵਰੀ, 2018) ਦਿਨ ਸੋਮਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਸ਼ਿਕਾਗੋ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਹੋਣ ਤੇ ਸੰਗਤਾਂ ਵੱਲੋਂ ਖ਼ੁਸ਼ੀਆਂ ਮਨਾਈਆਂ ਗਈਆਂ ਸਨ। ਗੁਰੂ ਸਾਹਿਬ ਨੇ ਆਪਣੇ ਨਾਲ ਕਿਲੇ ਵਿਚੋਂ 52 ਹਿੰਦੂ ਰਾਜਿਆਂ ਦੀ ਵੀ ਰਿਹਾਈ ਕਰਵਾਈ ਸੀ।



ਸੋਮਵਾਰ 12 ਫਰਵਰੀ, 2018 ਨੂੰ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਸ਼ਬਦ ਕੀਰਤਨ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਗੁਰਦੁਆਰਾ ਸਾਹਿਬ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਤੇ ਕੀਰਤਨੀ ਜਥਾ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਜਥਾ ਹਾਜਰੀ ਭਰੇਗਾ। ਐਤਵਾਰ 18 ਫਰਵਰੀ, 2018 ਨੂੰ ਵੀ ਬੰਦੀ ਛੋੜ ਦਿਵਸ ਸਬੰਧੀ ਸਵੇਰੇ 9:00 ਵਜੇ ਤੋਂ 1:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਸ ਦੇ ਨਾਲ ਹੀ 12 ਫਰਵਰੀ ਨੂੰ ਦਮਦਮੀ ਟਕਸਾਲ ਦੇ 14ਵੇਂ ਮੁੱਖੀ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਇਆ ਜਾਵੇਗਾ।

SIKH Religious Society
PALATINE GURDWARA

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

WWW.CHAATBHAVAN.COM



ਖੁਸ਼ਖ਼ਬਰੀ
ਖੁਸ਼ਖ਼ਬਰੀ
ਖੁਸ਼ਖ਼ਬਰੀ
ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗ਼ਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279




Website Design & Development
ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓WEB DEVELOPMENT
✓WEB DESIGNING
✓WEB RE-DESIGN
✓LOGO DESIGN
✓SEO SERVICES
✓TECHNICAL SUPPORT
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
Web Media Art
info@webmediaart.com
www.webmediaart.com

ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥

ੴ ਬਸੰਤ ਕੀਰਤਨ ਦਰਬਾਰ

ਕੀਰਤਨ ਦਰਬਾਰ ਵਿਚ ਪਹੁੰਚ ਰਹੇ ਰਾਗੀ ਜਥੇ

ਭਾਈ ਗੁਰਮੇਲ ਸਿੰਘ
ਸਾਬਕਾ ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

ਭਾਈ ਇੰਦਰਜੀਤ ਸਿੰਘ
ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

ਡਾ. ਗੁਰਨਾਮ ਸਿੰਘ
ਮੁਖੀ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

03 ਫਰਵਰੀ, 2018, ਦਿਨ ਸ਼ਨਿੱਚਰਵਾਰ
ਸ਼ਾਮ 6:30 ਤੋਂ 9:30 ਵਜੇ ਤੱਕ
ਗੁਰਦੁਆਰਾ ਸਾਹਿਬ, ਫਰੀਮਾਂਟ

ਹੋਰ ਜਾਣਕਾਰੀ ਲਈ ਸੰਪਰਕ ਕਰੋ :
510-790-0177



SINGH TRANSPORT INC



ਔਕਲੈਂਡ ਪੋਰਟ,
ਲਾਸ ਏਂਜਲਸ ਪੋਰਟ ਅਤੇ
ਲੌਂਗ ਬੀਚ ਪੋਰਟ 'ਤੇ ਕੰਮ
ਕਰਨ ਲਈ ਏ ਕਲਾਸ ਡਰਾਈਵਰਾਂ
ਅਤੇ ਓਨਰ ਆਪ੍ਰੇਟਰਾਂ
ਦੀ ਲੋੜ ਹੈ।

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲੱਬਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Seattle ਵਾਸਤੇ ਹਰ ਵੇਲੇ ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



NOW OPEN IN MODESTO/CERES



G.S. Pannu
Immigration Consultant-LDA

PANNU'S
LEGAL SERVICES (Regd. & Bonded)
510.677.5200
ivisapass@gmail.com

IMMIGRATION
- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307


Watch Your Favorite Channel
FREE PREVIEW
jus
punjabi
MUDDA
Daily Dose
KHIDI
DUPEHAR
PRIME TIME
NEWS
Kitty Party
Sadde
Jalwe
AMERICAN
VISION
FIRELINE
Ithaas
De
Panne
The 1st American-Punjabi Television Channel
WATCH jus punjabi ON CHANNEL 736 ON
dish
sling
TELEVISION
for advertisement & more information call: +1-718-752-9290 x 202
www.jusbroadcasting.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores

# ਸਿਕਲੀਗਰ ਸਿੱਖਾਂ 'ਤੇ ਪੁਲੀਸ ਕਰ ਰਹੀ ਏ ਜ਼ੁਲਮ

- **ਸਰਕਾਰ ਉਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਥਾਂ 'ਤੇ ਧੱਕ ਰਹੀ ਏ ਜੇਲ੍ਹਾਂ 'ਚ**
- **ਬ੍ਰਿਟਿਸ਼ ਸਿੱਖ ਕੌਂਸਲ ਪ੍ਰਸ਼ਾਸ਼ਣ ਤੇ ਸਰਕਾਰ ਨੂੰ ਮਿਲ ਕੇ ਕਹਿ ਚੁੱਕਿਆ ਏ ਕਿ ਇਨ੍ਹਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਜਾਂ ਸਰਕਾਰੀ ਹਥਿਆਰ ਬਨਾਉਣ ਵਾਲੀਆਂ ਕੰਪਨੀਆਂ 'ਚ ਭਰਤੀ ਕੀਤਾ ਜਾਵੇ ਤਾਂ ਜੋ ਉਹ ਆਪਣੇ ਪੁਰਾਣੇ ਧੰਦੇ ਤੋਂ ਮੁਕਤ ਹੋ ਸਕਣ**
- **ਬ੍ਰਿਟਿਸ਼ ਸਿਖ ਕੌਂਸਲ, ਦੇ ਉਦਮ ਸਦਕਾ 15,000 ਸਿਕਲੀਗਰ ਛੱਕ ਚੁੱਕੇ ਹਨ ਅੰਮ੍ਰਿਤ**



***ਮੱਧ ਪ੍ਰਦੇਸ਼ ਦੇ ਇੰਦੌਰ ਸੰਭਾਗ ਵਿੱਚ ਅਜਿਹੇ ਕਈ ਪਿੰਡ ਹਨ, ਜਿੱਥੇ ਗ਼ੈਰ-ਕਾਨੂੰਨੀ ਹਥਿਆਰਾਂ ਦੇ ਨਿਰਮਾਣ ਦੀਆਂ ਫੈਕਟਰੀਆਂ ਵੱਡੀਆਂ ਸਨਅਤਾਂ ਦੀ ਤਰ੍ਹਾਂ ਚੱਲ ਰਹੀਆਂ ਹਨ। ਇੱਥੇ ਬਾਕਾਇਦਾ ਨਾਜਾਇਜ਼ ਹਥਿਆਰਾਂ ਦੀ ਮੰਡੀ ਲੱਗਦੀ ਹੈ, ਜਿੱਥੇ ਖ਼ਰੀਦਦਾਰ ਦੇਸੀ ਕੱਟਾ ਹੀ ਨਹੀਂ, ਪਿਸਤੌਲ ਤੇ ਏਕੇ-47 ਜਿਹੇ ਅਤਿ-ਆਧੁਨਿਕ ਹਥਿਆਰਾਂ ਦੀ ਖ਼ਰੀਦਦਾਰੀ ਕਰਦੇ ਹਨ। ਨਾਜਾਇਜ਼ ਹਥਿਆਰ ਨਿਰਮਾਣ ਵਿੱਚ ਲੱਗੇ ਉਕਤ ਪਿੰਡਾਂ ਵਿੱਚ ਜ਼ਿਆਦਾਤਰ ਲੋਕ ਸਿਕਲੀਗਰ ਸਿੱਖਾਂ ਦੇ ਨਾਮ ਨਾਲ ਜਾਣੇ ਜਾਂਦੇ ਹਨ। ਅਜਿਹਾ ਕਿਹਾ ਜਾਂਦਾ ਹੈ ਕਿ ਮੁਗਲਾਂ ਦੇ ਖ਼ਿਲਾਫ਼ ਅਜ਼ਾਦੀ ਦੀ ਲੜਾਈ ਦੌਰਾਨ ਸਿਕਲੀਗਰ ਸਿੱਖ ਪਹਿਲਾਂ ਗੁਰੂ ਸਾਹਿਬਾਨਾਂ ਲਈ ਹਥਿਆਰ ਬਣਾਉਂਦੇ ਸਨ। ਫਿਰ ਬਾਬਾ ਬੰਦਾ ਸਿੰਘ ਬਹਾਦਰ ਤੇ ਸਿੱਖ ਮਿਸਲਦਾਰਾਂ ਤੇ ਮਹਾਰਾਜਾ ਰਣਜੀਤ ਸਿੰਘ ਲਈ ਤਲਵਾਰ ਤੋਂ ਲੈ ਕੇ ਬੰਦੂਕ ਤੇ ਤੋਪਾਂ ਤੱਕ ਹਥਿਆਰ ਬਨਾਉਣ ਲੱਗੇ।***

**ਪ੍ਰੋ. ਬਲਵਿੰਦਰਪਾਲ ਸਿੰਘ**

**ਘਰ-ਘਰ ਵਿੱਚ ਬਣ ਰਹੇ ਹਨ ਨਜਾਇਜ਼ ਹਥਿਆਰ**

ਮੱਧ ਪ੍ਰਦੇਸ਼ ਦੀ ਆਰਥਿਕ ਰਾਜਧਾਨੀ ਇੰਦੌਰ ਸੰਭਾਗ ਦੇ ਕਈ ਜ਼ਿਲ੍ਹਿਆਂ ਵਿੱਚ ਸਿਕਲੀਗਰਾਂ ਸਿੱਖਾਂ ਦੀ ਆਬਾਦੀ ਹੈ। ਇੱਥੋਂ ਦੇ ਪਿੰਡ ਦੇ ਲਗਪਗ ਹਰੇਕ ਘਰ ਵਿੱਚ ਨਾਜਾਇਜ਼ ਹਥਿਆਰ ਨਿਰਮਾਣ ਦੀਆਂ ਫੈਕਟਰੀਆਂ ਮਿਲ ਜਾਣਗੀਆਂ। ਇਸ ਕਾਰੋਬਾਰ ਵਿੱਚ ਪੂਰੇ ਦਾ ਪੂਰਾ ਪਰਿਵਾਰ ਲੱਗਭੱਗ ਰੁਜ਼ਗਾਰ 'ਚ ਲੱਗਿਆ ਹੈ। ਉਕਤ ਪਿੰਡ ਦੀ ਕਿਸੇ ਵੀ ਝੌਂਪੜੀ ਵਿੱਚ ਲੋਹਾ ਪਿਘਲਾਉਣ ਵਾਲੀ ਭੱਠੀ ਅਰਾਮ ਨਾਲ ਮਿਲ ਜਾਵੇਗੀ। ਇੱਥੇ ਸਭ ਤਰ੍ਹਾਂ ਦੇ ਦੇਸੀ ਤੇ ਅਤਿ ਆਧੁਨਿਕ ਹਥਿਆਰ ਬਣਾਏ ਜਾਂਦੇ ਹਨ ਤੇ ਇਨ੍ਹਾਂ ਦੀ ਵਿਕਰੀ ਲਈ ਬਕਾਇਦਾ ਬਾਜ਼ਾਰ ਲੱਗਦਾ ਹੈ ਤੇ ਖ਼ਰੀਦਣ ਲਈ ਵੱਡੀ ਗਿਣਤੀ ਵਿੱਚ ਲੋਕ ਵੀ ਇੱਥੇ ਪੁੱਜਦੇ ਹਨ। ਇੱਥੇ ਵਿਕਰੀ ਲਈ ਮੁਹੱਈਆ ਹਥਿਆਰਾਂ ਦੀ ਕੀਮਤ ਬਹੁਤ ਹੀ ਨਾਮੀਨਲ ਹੈ। ਜਿਵੇਂ, ਇੱਥੇ ਬਣੇ ਹਥਿਆਰਾਂ ਦੀ ਕੀਮਤ 1000 ਰੁਪਏ ਤੋਂ ਸ਼ੁਰੂ ਹੋ ਕੇ 2500 ਰੁਪਏ ਤੱਕ ਹੈ, ਹਾਲਾਂ ਕਿ ਕਈ ਵਾਰ ਗਾਹਕਾਂ ਦੀ ਜੇਬ ਦੇਖ ਕੇ ਵੀ ਹਥਿਆਰਾਂ ਦੀ ਕੀਮਤ ਤੈਅ ਕੀਤੀ ਜਾਂਦੀ ਹੈ। ਸਿਕਲੀਗਰ ਸਿੱਖ ਪਰਿਵਾਰ ਕਈ ਪੀੜੀਆਂ ਤੋਂ ਨਾਜਾਇਜ਼ ਹਥਿਆਰ ਬਣਾਉਣ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ ਤੇ ਬੇਰੋਕ-ਟੋਕ ਅੱਜ ਵੀ ਦੇਸੀ ਤੇ ਅਤਿ-ਆਧੁਨਿਕ ਹਥਿਆਰਾਂ ਦਾ ਨਿਰਮਾਣ ਬਦਸਤੂਰ ਜਾਰੀ ਹੈ। ਹੁਣ ਤਾਂ ਨਵੀਂ ਪੀੜੀ ਨੇ ਵੀ ਇਸ ਧੰਦੇ ਨੂੰ ਰੁਜ਼ਗਾਰ ਦੇ ਰੂਪ ਵਿੱਚ ਅਪਣਾ ਲਿਆ ਹੈ। ਸਿਕਲੀਗਰ ਸਿੱਖ ਗ਼ੈਰ-ਕਾਨੂੰਨੀ ਹਥਿਆਰਾਂ ਦਾ ਨਿਰਮਾਣ ਭੰਗਾਰ (ਸਕਰੈਪ) ਤੋਂ ਤਿਆਰ ਕਰਦੇ ਹਨ। ਭੰਗਾਰ ਤੋਂ ਹਥਿਆਰ ਬਣਾਉਣ ਲਈ ਸਿਕਲੀਗਰ ਸਿੱਖ ਭੱਠੀ, ਹਥੌੜੀ, ਛੈਣੀ, ਕਿੱਲ, ਫਾਇਲ ਜਿਹੇ ਛੋਟੇ ਹਥਿਆਰਾਂ ਦੀ ਵਰਤੋਂ ਕਰਦੇ ਹਨ, ਜੋ ਪਿੰਡ ਦੇ ਹਰੇਕ ਘਰਾਂ ਦੀ ਝੌਂਪੜੀ ਵਿੱਚ ਅਸਾਨੀ ਨਾਲ ਦਿੱਸ ਜਾਣਗੇ। ਇਨ੍ਹਾਂ ਛੋਟੇ ਔਜ਼ਾਰਾਂ ਦੀ ਮਦਦ ਨਾਲ ਸਿਕਲੀਗਰ ਸਿੱਖ ਦੇਸੀ ਪਿਸਤੌਲ ਤੋਂ ਲੈ ਕੇ ਅਤਿ ਆਧੁਨਿਕ ਪਿਸਤੌਲ ਤੇ ਏਕੇ-47 ਜਿਹੇ ਹਥਿਆਰ ਬਣਾਉਂਦੇ ਹਨ। ਇਹੀ ਨਹੀਂ, ਸਿਕਲੀਗਰ ਚਾਕੂ ਤੇ ਤਲਵਾਰ ਜਿਹੇ ਕਈ ਪਰੰਪਰਿਕ ਹਥਿਆਰਾਂ ਦਾ ਨਿਰਮਾਣ ਵੀ ਕਰਦੇ ਹਨ। ਇੰਦੌਰ ਸੰਭਾਗ ਵਿੱਚ ਧਾਰ, ਖਰਗੋਨ, ਬਡਵਾਨੀ, ਬੁਰਹਾਨਪੁਰ ਇਲਾਕਿਆਂ ਵਿੱਚ ਸਿਕਲੀਗਰ ਪਾਏ ਜਾਂਦੇ ਹਨ, ਇੱਕ-ਇੱਕ ਪਿੰਡ ਵਿੱਚ 50 ਤੋਂ 100 ਘਰ ਹਨ, ਜੋ ਇਹੀ ਕਾਰੋਬਾਰ ਕਰਦੇ ਹਨ। ਜਾਣਕਾਰ ਕਹਿੰਦੇ ਹਨ ਕਿ ਸਿਕਲੀਗਰ ਸਿੱਖ ਕਦੇ ਮੁਗ਼ਲਾਂ ਨਾਲ ਲੜਨ ਤੇ ਅੰਗਰੇਜ਼ਾਂ ਦੇ ਖ਼ਿਲਾਫ਼ ਦੇਸ ਦੀ ਅਜ਼ਾਦੀ ਲਈ ਹਥਿਆਰ ਨਿਰਮਾਣ ਕਰਦੇ ਸਨ। ਹਾਲਾਂ ਕਿ ਹੁਣ ਹਰੇਕ ਸਿਕਲੀਗਰ ਸਿੱਖ ਇਸ ਧੰਦੇ ਤੋਂ ਬਾਹਰ ਨਿਕਲਣਾ ਚਾਹੁੰਦਾ ਹੈ, ਪਰ ਉਨ੍ਹਾਂ ਨੂੰ ਉਤਸ਼ਾਹ ਦੇਣਦੀ ਬਜਾਏ ਉਨ੍ਹਾਂ ਨੂੰ ਹਥਿਆਰ ਐਕਟ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ।

**ਸਿਕਲੀਗਰਾਂ ਦਾ ਇਤਿਹਾਸ**

ਸਿਕਲੀਗਰਾਂ ਦੇ ਸੰਬੰਧ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਨਾਲ ਡੂੰਘੇ ਸਨ। ਜਦੋਂ ਗੁਰੂ ਸਾਹਿਬ ਨੇ ਕੌਮ ਨੂੰ ਹਥਿਆਰਬੰਦ ਕਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਲੜਾਈਆਂ ਵਿਚ ਵਧੀਆ ਹਥਿਆਰਾਂ ਦੀ ਲੋੜ ਮਹਿਸੂਸ ਹੋਈ ਅਤੇ ਉਨ੍ਹਾਂ ਨੇ ਕੁਝ ਸਿਖ ਮਾਰਵਾੜ ਭੇਜੇ ਤਾਂ ਜੋ ਉਥੋਂ ਰਾਜਪੂਤ ਲੁਹਾਰ ਲੈ ਕੇ ਆਉਣ। ਸਭ ਤੋਂ ਪਹਿਲਾਂ ਕੇਹਰ ਸਿੰਘ ਨਾਮੀਂ ਰਾਜਪੂਤ ਨੇ ਆਪਣੀਆਂ ਸੇਵਾਵਾਂ ਗੁਰੂ ਸਾਹਿਬ ਲਈ ਪੇਸ਼ ਕੀਤੀਆਂ ਜਿਸ ਦੀ ਪ੍ਰੇਰਨਾ ਨਾਲ ਕਈ ਪਰਿਵਾਰ ਪੰਜਾਬ ਆਏ। ਛੇਵੇਂ ਪਾਤਸ਼ਾਹ ਤੋਂ ਉਪਰੰਤ ਨੌਵੇਂ ਪਾਤਸ਼ਾਹ ਤਕ ਲੱਗਭੱਗ ਸ਼ਾਂਤੀ ਦਾ ਸਮਾਂ ਰਹਿਣ ਕਰਕੇ ਇਨ੍ਹਾਂ ਨੇ ਢਿੱਡ ਭਰਨ ਲਈ ਰਜਵਾੜਾਸ਼ਾਹੀ ਲਈ ਵੀ ਭੂਮਿਕਾ ਨਿਭਾਉਂਦੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਸਮੇਂ ਮਾਰਵਾੜੀ ਲੁਹਾਰਾਂ ਦੇ ਗੁਰੂ ਸਾਹਿਬ ਦੇ ਸੰਪਰਕ ਵਿਚ ਆਉਣ ਦੀ ਘਟਨਾ ਇਸ ਪ੍ਰਕਾਰ ਹੈ-ਲਾਹੌਰ ਦਾ ਇਕ ਪ੍ਰਸਿੱਧ ਲੁਹਾਰ 'ਮੌਲਾ ਬਖਸ਼) ਗੁਰੂ ਸਾਹਿਬ ਦੀਆਂ ਫੌਜਾਂ ਵਾਸਤੇ ਹਥਿਆਰ ਬਣਾਇਆ ਕਰਦਾ ਸੀ। ਉਸ ਦੀ ਵਧੀਆ ਹਥਿਆਰ ਬਣਾਉਣ ਵਿਚ ਬਹੁਤ ਧਾਂਕ ਸੀ। ਮੁਗਲ ਫੌਜਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ 'ਮੌਲਾ ਬਖਸ਼' ਨੂੰ ਬਹੁਤ ਡਰਾਇਆ ਧਮਕਾਇਆ। 'ਮੌਲਾ ਬਖਸ਼' ਨੇ ਸਿਖ ਫੌਜਾਂ ਦੇ ਹਥਿਆਰ ਬਣਾਉਣੇ ਤਾਂ ਬੰਦ ਨਾ ਕੀਤੇ ਪ੍ਰੰਤੂ ਬਣਾਏ ਹਥਿਆਰਾਂ ਦਾ ਮਿਆਰ ਬਹੁਤ ਘਟੀਆ ਕਰ ਦਿੱਤਾ। ਸਿਖਾਂ ਨੂੰ ਹਥਿਆਰਾਂ ਦੇ ਇਸ ਘਟੀਆਪਨ ਦਾ ਪਤਾ ਲੱਗਾ ਤਾਂ ਉਨ੍ਹਾਂ ਗੁਰੂ ਪਾਤਸ਼ਾਹ ਪਾਸ ਸ਼ਿਕਾਇਤ ਕੀਤੀ। ਮੌਲਾ ਬਖਸ਼ ਨੇ ਆਪਣਾ ਗੁਨਾਹ ਤਾਂ ਕਬੂਲ ਕਰ ਲਿਆ ਪ੍ਰੰਤੂ ਗੁਰੂ ਸਾਹਿਬ ਨੇ ਉਸ ਤੋਂ ਹਥਿਆਰ ਬਣਵਾਉਣੇ ਬੰਦ ਕਰ ਦਿੱਤੇ।

ਇਸ ਤੋਂ ਬਾਅਦ ਗੁਰੂ ਸਾਹਿਬ ਨੇ ਕੁਝ ਸਿਖਾਂ ਨੂੰ ਮਾਰਵਾੜ ਭੇਜਿਆ ਤਾਂ ਜੋ ਕੁਝ ਰਾਜਪੂਤ ਲੁਹਾਰ ਮੰਗਵਾਏ ਜਾਣ, ਕਿਉਂਕਿ ਰਾਜਪੂਤ ਲੁਹਾਰਾਂ ਦੁਆਰਾ ਬਣਾਏ ਹਥਿਆਰਾਂ ਦੀ ਪੁਖਤਗੀ ਬੇਮਿਸਾਲ ਸੀ। ਮਾਰਵਾੜ ਤੋਂ ਸਭ ਤੋਂ ਪਹਿਲਾਂ ਭਾਈ ਕੇਹਰ ਸਿੰਘ ਰਾਜਪੂਤ, ਸਿੱਖਾਂ (ਭਾਈ ਜੇਠਾ ਜੀ, ਭਾਈ ਬਿਧੀ ਚੰਦ ਜੀ) ਨਾਲ ਆਇਆ ਅਤੇ ਆਪਣੀਆਂ ਸੇਵਾਵਾਂ ਗੁਰੂ ਸਾਹਿਬ ਨੂੰ ਸਮਰਪਿਤ ਕੀਤੀਆਂ। ਉਸ ਦੁਆਰਾ ਤਿਆਰ ਕੀਤੇ ਹਥਿਆਰਾਂ ਦੀ ਪ੍ਰਬੀਨਤਾ ਅਤੇ ਮਜ਼ਬੂਤੀ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਉਸ ਨੂੰ ਹੋਰ ਰਾਜਪੂਤ ਲੁਹਾਰ ਲਿਆਉਣ ਲਈ ਕਿਹਾ। ਕੇਹਰ ਸਿੰਘ ਉਥੋਂ ਕਾਫੀ ਪਰਿਵਾਰ ਗੁਰੂ ਸਾਹਿਬ ਪਾਸ ਲੈ ਕੇ ਆਇਆ। ਇਹ ਪਰਿਵਾਰ ਗੁਰੂ ਸਾਹਿਬ ਦੀਆਂ ਫ਼ੌਜਾਂ ਲਈ ਹਥਿਆਰ ਤਿਆਰ ਕਰਨ ਲੱਗੇ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੁਗਲਾਂ ਨਾਲ ਹੋਈਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਲੜਾਈਆਂ ਵਿਚ ਇਨ੍ਹਾਂ ਮਾਰਵਾੜੀ ਲੁਹਾਰਾਂ ਨੇ ਸਿਖ ਫੌਜਾਂ ਦਾ ਡਟ ਕੇ ਸਾਥ ਦਿੱਤਾ-

(ੳ) ਸੰਮਤ 1685 ਵਿਚ ਮੁਖਲਿਸ ਖਾਨ ਸੈਨਾਨੀ ਨਾਲ (ਅੰਮ੍ਰਿਤਸਰ)

(ਅ) ਸੰਮਤ 1687 ਵਿਚ ਜਲੰਧਰ ਦੇ ਹਾਕਮ ਅਬਦੁਲਾ ਖਾਨ ਨਾਲ (ਸ੍ਰੀ ਹਰਿਗੋਬਿੰਦਪੁਰ)

(ੲ) ਸੰਮਤ 1688 ਵਿਚ ਮੇਹਰਾਜ ਪਾਸ (ਗੁਰੂਸਰ ਦੇ ਮਕਾਮ ਪੁਰ) ਕਰਮ ਬੇਗ ਸੈਨਾਨੀ ਨਾਲ

(ਸ) ਸੰਮਤ 1691 ਵਿਚ ਕਾਲੇ ਖਾਂ, ਪੈਂਦੇ ਖਾਂ ਨਾਲ (ਕਰਤਾਰਪੁਰ।

ਇਹ ਮਾਰਵਾੜੀ ਲੁਹਾਰ ਮੈਦਾਨੇ ਜੰਗ ਵਿਚ ਵੀ ਬਹਾਦਰੀ ਦੇ ਜੌਹਰ ਦਿਖਾਉਂਦੇ ਸਨ ਅਤੇ ਹਥਿਆਰ ਵੀ ਬਣਾਉਂਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਸਮੇਂ ਤਿਆਰ ਕੀਤੇ ਗਏ, ਹਥਿਆਰਾਂ ਦੀਆਂ ਵੰਨਗੀਆਂ ਅੱਜ ਵੀ ਸਿਖ ਅਜਾਇਬ ਘਰਾਂ ਵਿਚ ਕਾਇਮ ਹਨ। ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਦਾ ਸਮਾਂ ਮੁਹਿੰਮਾਂ ਤੋਂ ਰਹਿਤ ਰਿਹਾ, ਜਿਸ ਕਰਕੇ ਮਾਰਵਾੜੀਆਂ ਦੇ ਸ਼ਸਤਰ ਤਿਆਰੀ ਕਾਰਜ ਉੱਪਰ ਕਾਫੀ ਬੁਰਾ ਅਸਰ ਪਿਆ। ਕੁਝ ਮਾਰਵਾੜੀ ਤਾਂ ਇਸ ਸਮੇਂ ਵਾਪਸ ਮਾਰਵਾੜ ਚਲੇ ਗਏ ਤੇ ਕੁਝ ਸਥਾਨਕ ਰਜਵਾੜਿਆਂ ਪਾਸ ਹਥਿਆਰ ਬਣਾ, ਵੇਚ ਕੇ ਰੋਜ਼ੀ ਰੋਟੀ ਚਲਾਉਣ ਲੱਗੇ।

ਪੰਜਾਬ ਵਿਚ ਕੁਝ ਤਾਂ ਘੁਮੱਕੜ ਕਬੀਲਿਆਂ ਦੇ ਰੂਪ ਵਿਚ ਘੁੰਮਦੇ ਰਹੇ ਤੇ ਕੁਝ ਗੁਰੂ ਸਾਹਿਬਾਨ ਪਾਸ ਰਹੇ। ਭਾਈ ਮੱਖਣ ਸ਼ਾਹ ਲੁਬਾਣੇ ਨੇ ਬਾਬੇ ਬਕਾਲੇ ਪੁੱਜ ਕੇ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਵਜੋਂ ਪਛਾਣ ਸਥਾਪਤ ਕੀਤੀ ਸੀ ਅਤੇ ਕੋਠੇ 'ਤੇ ਚੜ੍ਹ ਕੇ ਹੋਕਾ ਦਿੱਤਾ ਸੀ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਭਾਈ ਲੱਖੀ ਸ਼ਾਹ ਵਣਜਾਰੇ ਨੇ ਚਾਂਦਨੀ ਚੌਕ ਵਿੱਚੋਂ ਲੰਘਣ ਸਮੇਂ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਆਪਣੇ ਗਡੇ ਵਿਚ ਰੱਖ ਕੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਭਾਈ ਉਦੇ ਸਿੰਘ ਅਤੇ ਭਾਈ ਬਚਿੱਤਰ ਸਿੰਘ ਦੋਵੇਂ ਸਕੇ ਭਰਾ ਵਣਜਾਰੇ ਸਨ। ਜ਼ਿਕਰਯੋਗ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਰਾਜਾ ਬਿਸ਼ਨ ਸਿੰਘ ਦੀ ਮਦਦ 'ਤੇ ਅਸਾਮ ਗਏ ਸਨ ਤਾਂ ਉਦੋਂ ਵੀ ਮਾਰਵਾੜੀ ਕਬੀਲੇ ਨਾਲ ਸੰਬੰਧਿਤ ਸੂਰਬੀਰਾਂ ਨੇ ਉਨ੍ਹਾਂ ਦਾ ਤਨਦਿਲੀ ਨਾਲ ਸਾਥ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰਗਦੀ 'ਤੇ ਬਿਰਾਜਮਾਨ ਹੋਏ ਤਾਂ ਮਾਰਵਾੜੀ ਕਬੀਲੇ ਦੀ ਕਿਸਮਤ ਜਾਗ ਪਈ। ਸਿਕਲੀਗਰ ਭਾਈਚਾਰਾ ਅਤੇ ਵਣਜਾਰੇ ਸਿਖਾਂ ਦੀ ਖਾਲਸਾ ਪੰਥ ਲਈ ਬਹੁਤ ਵੱਡੀ ਕੁਰਬਾਨੀ ਹੈ।

ਦਸਵੇਂ ਪਾਤਸ਼ਾਹ ਵੇਲੇ ਫਿਰ ਇਨ੍ਹਾਂ ਦੀ ਕਾਬਲੀਅਤ ਸਿਖ ਪੰਥ ਦੇ ਕੰਮ ਆਈ। ਭਾਈ ਰਾਮ ਸਿੰਘ ਪਹਿਲਾ ਮਾਰਵਾੜੀ ਲੁਹਾਰ ਸੀ ਜਿਸ ਨੇ ਗੁਰੂ ਜੀ ਪਾਸੋਂ ਅੰਮ੍ਰਿਤ ਛੱਕਿਆ। ਸਿਕਲੀਗਰ ਯੋਧੇ ਬਾਬਾ ਬਚਿਤਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ ਮੁਗਲ ਸ਼ਾਹੀ ਫ਼ੌਜ ਦੇ ਸ਼ਰਾਬੀ ਹਾਥੀ ਦੇ ਮੱਥੇ ਵਿਚ ਨਾਗਣੀ ਬਰਛਾ ਮਾਰ ਕੇ ਮਾਰ ਭਜਾਇਆ ਸੀ। ਭਾਈ ਬਚਿਤਰ ਸਿੰਘ ਹੁਰੀਂ ਪੰਜੇ ਭਰਾ ਜੋ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ, ਇਨ੍ਹਾਂ ਨਾਲ ਹੀ ਸੰਬੰਧਿਤ ਸਨ। ਇਨ੍ਹਾਂ ਵਿਚੋਂ ਭਾਈ ਬਦਨ ਸਿੰਘ ਤੇ ਭਾਈ ਮੋਦਨ ਸਿੰਘ ਨਾਂਦੇੜ ਤੱਕ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਗਏ ਤੇ ਉਨ੍ਹਾਂ ਦੇ ਹੁਕਮ 'ਤੇ ਉਥੋਂ ਵਾਪਸ ਪਰਤੇ।

'ਸਿਕਲੀਗਰ' ਸ਼ਬਦ ਦਾ ਉਚਾਰਨ ਕਰਦਿਆਂ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਨੰਦਪੁਰੀ ਦਰਬਾਰ ਵਿਖੇ ਵਾਪਰੀ ਇਕ ਮਹਾਨ ਘਟਨਾ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਜਿਥੋਂ ਇਹ ਸ਼ਬਦ 'ਸਿਕਲੀਗਰ' ਪ੍ਰਚੱਲਿਤ ਹੋਇਆ। ਭਾਈ ਰਾਮ ਸਿੰਘ (ਮਾਰਵਾੜੀ ਲੁਹਾਰ) ਜਿਨ੍ਹਾਂ ਕੋਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਫ਼ੌਜਾਂ ਦੇ ਹਥਿਆਰ ਬਣਾਉਣ ਦੀ ਜ਼ਿੰਮੇਵਾਰੀ ਸੀ, ਕਿਲ੍ਹਾ ਲੋਹਗੜ੍ਹ ਵਿਖੇ ਹੀ ਸ਼ਸ਼ਤਰ ਤਿਆਰ ਕਰਿਆ ਕਰਦੇ ਸਨ। ਕਾਰੀਗਰਾਂ ਦੇ ਜਥੇ (ਜਿਹੜਾ ਭਾਈ ਰਾਮ ਸਿੰਘ ਦੀ ਅਗਵਾਈ ਹੇਠ ਸ਼ਸਤਰ ਨਿਰਮਾਣ ਕਰਦਾ ਸੀ) ਨੂੰ ਮਾਰਵਾੜੀ ਲੁਹਾਰ ਕਿਹਾ ਜਾਂਦਾ ਸੀ। ਗੁਰੂ ਸਾਹਿਬ ਹਥਿਆਰਾਂ ਪਰਖਣ ਆਏ ਅਤੇ ਜਿਸ ਸ਼ਰਧਾ ਅਤੇ ਪ੍ਰੇਮ ਪਿਆਰ ਨਾਲ ਭਾਈ ਰਾਮ ਸਿੰਘ ਦੀ ਅਗਵਾਈ ਵਿਚ ਕਾਰੀਗਰਾਂ ਨੂੰ ਹਥਿਆਰ ਬਣਾਉਂਦੇ ਅਤੇ ਚਮਕਾਉਂਦੇ (ਸਿਕਲ ਕਰਦੇ) ਦੇਖਿਆ, ਗੁਰੂ ਸਾਹਿਬ ਨੇ ਪਿਆਰ ਨਾਲ 'ਸਿਕਲੀਗਰ' ਦੀ ਉਪਾਧੀ ਬਖਸ਼ਿਸ਼ ਕੀਤੀ। ਅਰਬੀ ਭਾਸ਼ਾ ਵਿਚ ਹਥਿਆਰ ਚਮਕਾਉਣ ਨੂੰ 'ਸ਼ਿਕਲ' ਕਰਨਾ ਕਿਹਾ ਜਾਂਦਾ ਹੈ ਅਤੇ ਗੁਰੂ ਸਾਹਿਬ ਵਲੋਂ ਹੀ ਇਹ ਨਾਮ ਇਸ ਕਬੀਲੇ ਨੂੰ ਉਪਾਧੀ ਵਜੋਂ ਬਖ਼ਸ਼ਿਸ਼ ਕੀਤਾ ਗਿਆ। ਉਪਰੋਕਤ ਸਾਰੀ ਇਤਿਹਾਸਕ ਘਟਨਾ ਸਿਕਲੀਗਰ ਕਬੀਲੇ ਵਿਚ ਸੀਨਾ-ਬ-ਸੀਨਾ ਪ੍ਰਚੱਲਿਤ ਹੈ ਅਤੇ ਇਹ ਘਟਨਾ ਕਬੀਲੇ ਦੇ ਬਜ਼ੁਰਗ ਲੋਕ ਬੜੇ ਫਖ਼ਰ ਨਾਲ ਦੱਸਦੇ ਹਨ ਪ੍ਰੰਤੂ ਇੱਥੇ ਇਕ ਗੱਲ ਜ਼ਿਕਰਯੋਗ ਹੈ ਕਿ ਭਾਈ ਰਾਮ ਸਿੰਘ ਕੌਣ ਸਨ ? ਗੁਰੂ ਪਾਤਸ਼ਾਹ ਦੇ ਦੋ ਸਿੰਘ ਸੂਰਮਿਆਂ ਦਾ ਨਾਮ ਰਾਮ ਸਿੰਘ ਕਰਕੇ ਆਉਂਦਾ ਹੈ।

1. ਰਾਮ ਸਿੰਘ-ਆਪ ਬੁੱਘੇਵਾਣਾ (ਬੁੱਘੇਆਣਾ) ਦੇ ਵਸਨੀਕ ਸਨ ਅਤੇ ਆਪ ਦਾ

ਪਹਿਲਾ ਨਾਮ ਰਾਮ ਚੰਦ ਸੀ। ਆਪ ਗੁਰੂ ਸਾਹਿਬ ਕੋਲੋਂ ਅੰਮ੍ਰਿਤ ਦੀ ਦਾਤ ਲੈ ਕੇ ਰਾਮ ਸਿੰਘ ਬਣੇ ਅਤੇ ਚਮਕੌਰ ਸਾਹਿਬ ਵਿਖੇ ਵੈਰੀ ਦਲ ਨਾਲ ਜੂਝਦਿਆਂ ਸ਼ਹੀਦੀ ਪ੍ਰਾਪਤ ਕੀਤੀ।

2. ਰਾਮ ਸਿੰਘ ਪਰਮਾਰ-ਆਪ ਭਾਈ ਬਚਿੱਤਰ ਸਿੰਘ ਦੇ ਬੇਟੇ ਅਤੇ ਭਾਈ ਮਨੀ ਸਿੰਘ ਜੀ ਦੇ ਪੋਤਰੇ ਸਨ। ਆਪ ਚਮਕੌਰ ਦੀ ਜੰਗ ਸਮੇਂ ਗੁਰੂ ਸਾਹਿਬ ਦੇ ਨਾਲ ਸਨ ਅਤੇ ਗੁਰੂ ਸਾਹਿਬ ਦੇ ਨਾਲ ਹੀ ਗੜ੍ਹੀ ਵਿਚੋਂ ਸਹੀ ਸਲਾਮਤ ਨਿਕਲੇ ਸਨ। ਆਪ ਦੱਖਣ ਤਕ ਗੁਰੂ ਸਾਹਿਬ ਦੇ ਨਾਲ ਗਏ। ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਆਪ ਪੰਜਾਬ ਆ ਗਏ। ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਹਰ ਮੁਹਿੰਮ ਵਿਚ ਹਿੱਸਾ ਲਿਆ। ਆਪ ਸ਼ਸਤਰ ਚਲਾਉਣ ਅਤੇ ਸ਼ਸਤਰ ਵਿਦਿਆ ਬਾਰੇ ਖਾਸ ਮੁਹਾਰਤ ਰੱਖਦੇ ਸਨ। ਆਪ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ ਬਾਬਾ ਬੰਦਾ ਸਿੰਘ ਜੀ ਨਾਲ ਗ੍ਰਿਫ਼ਤਾਰ ਕਰ ਲਏ ਗਏ ਅਤੇ ਦਿਲੀ ਵਿਖੇ ਸ਼ਹੀਦ ਕਰ ਦਿੱਤੇ ਗਏ।

ਜੇਕਰ ਸਰੋਤਾਂ ਦੀ ਘੋਖ ਕੀਤੀ ਜਾਵੇ ਤਾਂ ਆਪ ਦੇ ਵਡੇਰੇ ਭਾਈ ਬੱਲੂ (ਪੁੱਤਰ ਭਾਈ ਮੂਲਾ ਅਤੇ ਪੋਤਰਾ ਭਾਈ ਰਾਉ) ਦਾ ਸੰਬੰਧ ਪਰਮਾਰ ਰਾਜਪੂਤਾਂ ਦੇ ਨਾਲ ਸੀ। ਜਿਹੜੇ ਇਤਿਹਾਸਕ ਸਰੋਤ ਰਾਮ ਸਿੰਘ ਨੂੰ (ਮਾਰਵਾੜੀ ਲੁਹਾਰ) ਲਿਖਦੇ ਹਨ, ਉਹ ਸ਼ਾਇਦ ਭਾਈ ਰਾਮ ਸਿੰਘ ਪਰਮਾਰ ਬਾਰੇ ਹੀ ਬਿਆਨ ਕਰਦੇ ਹਨ, ਕਿਉਂਕਿ ਕੁਝ ਇਤਿਹਾਸਕ ਸਰੋਤ ਭਾਈ ਮਨੀ ਸਿੰਘ ਨੂੰ ਵੀ ਮੁਲਤਾਨ ਦੇ ਮਾਰਵਾੜ ਕਬੀਲੇ ਨਾਲ ਸੰਬੰਧਿਤ ਦੱਸਦੇ ਹਨ। ਸੋ ਇਸ ਸਿਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ਼ਸਤਰ ਕਾਰੀਗਰੀ ਦੇ ਮੁਖੀ ਭਾਈ ਰਾਮ ਸਿੰਘ ਪਰਮਾਰ (ਸਪੁੱਤਰ ਭਾਈ ਬਚਿੱਤਰ ਸਿੰਘ) ਹੀ ਸਨ। ਇਤਿਹਾਸਕ ਸਰੋਤਾਂ ਅਨੁਸਾਰ ਭਾਈ ਮਨੀ ਸਿੰਘ ਜੀ ਦਾ ਸਹੁਰਾ ਪਰਿਵਾਰ ਲੱਖੀ ਸ਼ਾਹ ਵਣਜਾਰਾ ਸੀ ਅਤੇ ਵਣਜਾਰੇ, ਲੁਬਾਣੇ ਅਤੇ ਮਾਰਵਾੜ ਰਾਜਪੂਤ ਆਪਸ ਵਿਚ ਗਹਿਰੇ ਤੌਰ 'ਤੇ ਜੁੜੇ ਹੋਏ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਤਿੰਨਾਂ ਹੀ ਵੰਸ਼ ਪ੍ਰਣਾਲੀਆਂ ਨਾਲ ਸੰਬੰਧਿਤ ਯੋਧਿਆਂ ਨੇ ਸਿੱਖ ਸੰਘਰਸ਼ ਵਿਚ ਅਹਿਮ ਹਿੱਸਾ ਪਾਇਆ ਅਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਉਦਾਹਰਣ ਵਜੋਂ-ਰਾਠੌਰ-ਇਸ ਪਰਿਵਾਰ ਵਿਚੋਂ ਤਕਰੀਬਨ 25 ਸਿੰਘਾਂ ਨੇ ਅਤੇ ਇਕ ਸਿੰਘਣੀ (ਬੀਬੀ ਭਿੱਖਾਂ ਸੁਪਤਨੀ ਭਾਈ ਆਲਮ ਸਿੰਘ ਨੱਚਣਾ) ਨੇ ਸ਼ਹੀਦੀ ਪ੍ਰਾਪਤ ਕੀਤੀ। ਪਵਾਰ (ਪਰਮਾਰ)-ਭਾਈ ਮਨੀ ਸਿੰਘ ਜੀ ਨਾਲ ਸੰਬੰਧਿਤ ਇਸ ਪਰਿਵਾਰ ਦੇ 43 ਸਿੰਘਾਂ ਨੇ ਸ਼ਹੀਦੀ ਜਾਮ ਪੀਤਾ।

ਚੌਹਾਨ-ਇਸ ਪਰਿਵਾਰ ਦੇ ਘੱਟੋ ਘੱਟ 13 ਸਿੰਘਾਂ ਨੇ ਸ਼ਹੀਦੀ ਜਾਮ ਪੀਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਅਤੇ ਸਰਹੰਦ ਉੱਤੇ ਹਮਲੇ ਸਮੇਂ ਵਣਜਾਰੇ ਤੇ ਸਿਕਲੀਗਰ ਸਿਖਾਂ ਨੇ ਸੰਗਤ ਸ਼ਕਤੀ, ਰੁਪਈਆਂ ਅਤੇ ਹਥਿਆਰਾਂ ਨਾਲ ਭਾਰੀ ਮਦਦ ਕੀਤੀ ਸੀ। ਭਾਈ ਬਾਜ ਸਿੰਘ ਸਿਕਲੀਗਰ ਸਿਖ, ਬਾਬਾ ਬੰਦਾ ਸਿੰਘ ਬਹਾਦਰ ਦਾ ਡਿਪਟੀ ਅਤੇ ਸਰਹੰਦ ਦਾ ਪਹਿਲਾ ਗਵਰਨਰ ਬਣਿਆ।

ਫਿਰ ਮਿਸਲਾਂ ਦੇ ਵੇਲੇ ਅਤੇ ਉਸ ਤੋਂ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਕ੍ਰਿਪਾਨਾਂ ਦੇ ਨਾਲ ਨਾਲ ਬੰਦੂਕਾਂ ਆਦਿ ਇਹੀ ਬਣਾਉਂਦੇ ਸਨ। ਆਂਧਰਾ ਪ੍ਰਦੇਸ਼ ਵਿਚ ਵਸੇ ਭਾਰੀ ਗਿਣਤੀ ਦੇ ਵਣਜਾਰੇ ਸਿਖ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਨਿਜ਼ਾਮ ਹੈਦਰਾਬਾਦ ਦੀ ਸਹਾਇਤਾ ਲਈ 19ਵੀਂ ਸਦੀ ਦੇ ਆਰੰਭ ਵਿਚ ਭੇਜੀ ਗਈ 1200 ਸਿਖਾਂ ਦੀ ਫ਼ੌਜ, ਦੇ ਵਾਰਸ ਦੱਸ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਇਹ ਖ਼ਾਲਸਾ ਫੌਜ ਹੈਦਰਾਬਾਦ ਦੇ ਨਿਜ਼ਾਮ ਸਿਕੰਦਰ ਖਾਂ ਦੀ ਬੇਨਤੀ 'ਤੇ ਸਟੇਟ ਵਿਚ ਅਮਨ ਤੇ ਕਾਨੂੰਨ ਨੂੰ ਕਾਇਮ ਰੱਖਣ ਵਿਚ ਸਹਾਇਤਾ ਕਰਨ ਲਈ ਭੇਜੀ ਸੀ। ਇਹ ਸਿਖ ਫੌਜ ਰਿਆਸਤ ਦੀਆਂ 12 ਥਾਵਾਂ ਉੱਤੇ ਤਾਇਨਾਤ ਕੀਤੀ ਗਈ। ਨਿਜ਼ਾਮ ਹੈਦਰਾਬਾਦ ਨੇ ਇਨ੍ਹਾਂ ਲਈ ਰਿਆਸਤ ਵਿਚ ਕਈ ਗੁਰਦੁਆਰੇ ਵੀ ਬਣਾਏ ਸਨ।

ਸਿਖ ਰਾਜ ਖਤਮ ਹੋਣ ਤੋਂ ਬਾਅਦ ਬਗਾਵਤਾਂ ਨੂੰ ਰੋਕਣ ਲਈ ਅੰਗਰੇਜ਼ਾਂ ਨੇ ਹਥਿਆਰਾਂ 'ਤੇ ਕਾਨੂੰਨੀ ਪਾਬੰਦੀ ਲਗਾ ਦਿੱਤੀ ਅਤੇ ਕਈਆਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ, ਜਿਸ ਕਰਕੇ

ਇਹ ਕਬੀਲੇ ਹੌਲੀ ਹੌਲੀ ਅਤਿ ਗ਼ਰੀਬ ਟੱਪਰੀਵਾਸ ਬਣ ਕੇ ਰਹਿ ਗਏ। ਇਸ ਤਰ੍ਹਾਂ ਗੁਰੂ ਸਾਹਿਬਾਨ ਸਮੇਂ ਸਿਕਲੀਗਰ ਭਾਈਚਾਰੇ ਦੇ ਵਡੇਰੇ ਇਸ ਖੇਤਰ ਵਿਚ ਆਏ ਸਨ ਅਤੇ ਉਸ ਸਮੇਂ ਤੋਂ ਹੀ ਉਨ੍ਹਾਂ ਨੂੰ ਸਿਖੀ ਦੀ ਪਿਊਂਦ ਚੜ੍ਹੀ ਹੈ। ਗੁਰੂ ਸਾਹਿਬ ਦੇ ਕਾਰਜ ਕਾਲ ਤੋਂ ਬਾਅਦ ਇਨ੍ਹਾਂ ਲੋਕਾਂ ਦਾ ਸਿਖ ਧਰਮ ਦੇ ਆਗੂਆਂ ਨਾਲੋਂ ਸਿਧਾ ਸੰਪਰਕ ਟੁੱਟ ਗਿਆ। ਪ੍ਰੰਤੂ ਸਿਖੀ ਬਾਰੇ ਜਿੰਨੀ ਕੁ ਲਗਨ ਤੇ ਨਿਸਚਾ ਉਨ੍ਹਾਂ ਦੇ ਵਡੇਰਿਆਂ ਵਿਚ ਗੁਰੂ ਸਾਹਿਬਾਨ ਸਮੇਂ ਭਰਿਆ ਸੀ, ਉਸ ਨੂੰ ਕਈ ਪੀੜ੍ਹੀਆਂ ਬੀਤ ਜਾਣ ਬਾਅਦ ਇਹ ਲੋਕ ਕੜੀ ਵਣਜਾਰੇ ਸਿਖ ਸ਼ਿੱਦਤ ਨਾਲ ਸੰਭਾਲੀ ਬੈਠੇ ਹਨ।

ਵਣਜਾਰਿਆਂ ਦੇ ਦੇਸ਼ ਭਰ ਵਿਚ 20 ਹਜ਼ਾਰ ਟਾਂਡੇ ਹਨ। ਵਣਜਾਰੇ, ਜਿਸ ਸ਼ਹਿਰ ਅਤੇ ਕਸਬੇ ਲਾਗੇ ਆਪਣੀ ਵੱਖਰੀ ਬਸਤੀ ਵਸਾਉਂਦੇ ਹਨ, ਉਸ ਨੂੰ ਟਾਂਡਾ ਕਿਹਾ ਜਾਂਦਾ ਹੈ। ਇਹ ਆਪਣਾ ਸੰਬੰਧ ਰਾਜਪੂਤਾਣੇ ਨਾਲ ਜੋੜਦੇ ਹਨ ਅਤੇ ਆਪਣੇ ਆਪ ਨੂੰ ਰਾਜਪੂਤ ਵੀ ਕਹਾਉਂਦੇ ਹਨ। ਇਹ ਰਾਜਪੂਤਾਂ ਦੀਆਂ ਯਾਦਵ, ਰਾਠੌਰ, ਚੌਹਾਨ ਅਤੇ ਪਵਾਰ ਜਾਤਾਂ ਨਾਲ ਸੰਬੰਧਿਤ ਹਨ। ਵਣਜਾਰੇ ਘੁੰਮ-ਫਿਰ ਕੇ ਵਪਾਰ ਕਰਦੇ ਸਨ। ਈਸਟ ਇੰਡੀਆ ਕੰਪਨੀ ਦੇ ਭਾਰਤ ਵਿਚ ਪ੍ਰਵੇਸ਼ ਕਰਨ ਨਾਲ ਵਪਾਰ ਦਾ ਰੁਖ ਬਦਲ ਗਿਆ। ਵਣਜਾਰਿਆਂ ਨੂੰ ਵੀ ਆਪਣੇ ਜੱਦੀ ਪੁਸ਼ਤੀ ਚਲੇ ਆ ਰਹੇ ਕਾਰੋਬਾਰ ਦਾ ਰੁਖ ਬਦਲਣਾ ਪਿਆ। ਜਿਹੜੇ ਜਿਹੜੇ ਸ਼ਹਿਰਾਂ ਅਤੇ ਨਗਰਾਂ ਦੇ ਨੇੜੇ-ਤੇੜੇ ਇਹ ਟਿਕੇ ਹੋਏ ਸਨ ਉਥੇ ਹੀ ਪੱਕੇ ਟਾਂਡੇ ਕਾਇਮ ਕਰਕੇ ਖੇਤੀ ਦੇ ਕੰਮ ਵਿਚ ਲੱਗ ਗਏ। ਟਾਂਡੇ ਦੇ ਮੁਖੀ ਨੂੰ ਨਾਇਕ ਕਿਹਾ ਜਾਂਦਾ ਹੈ। ਸਾਧਨਾਂ ਦੀ ਘਾਟ ਕਾਰਨ ਮਾਲੀ ਤੌਰ 'ਤੇ ਇਹ ਬਹੁਤ ਔਕੜਾਂ ਵਿਚੋਂ ਦੀ ਲੰਘ ਰਹੇ ਹਨ। ਇਨ੍ਹਾਂ ਵਿਚ ਇਕ ਪੁਰਾਤਨ ਰਵਾਇਤ ਚਲੀ ਆ ਰਹੀ ਹੈ ਕਿ ਕਿਸੇ ਸਮੇਂ ਇਨ੍ਹਾਂ ਦਾ ਗੁਰੂ ਗੋਸਵਾਮੀ ਵਿਭਚਾਰੀ ਹੋ ਗਿਆ ਤਾਂ ਵਣਜਾਰਿਆਂ ਨੇ ਉਸ ਨੂੰ ਕਤਲ ਕਰ ਦਿੱਤਾ। ਗੁਰੂ ਹੱਤਿਆ ਕਾਰਨ ਕੋਈ ਵੀ ਧਰਮ ਇਨ੍ਹਾਂ ਨੂੰ ਗਲੇ ਲਾਉਣ ਲਈ ਤਿਆਰ ਨਹੀਂ ਸੀ। ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਆਪਣੇ ਸਿਖ ਸਵੀਕਾਰ ਕੀਤਾ ਅਤੇ ਧਾਰਮਿਕ ਜੀਵਨ ਜਿਊਣ ਦੀ ਜਾਚ ਸਿਖਾਈ। ਤਦੋਂ ਤੋਂ ਇਹ ਨਾਅਰਾ ਬਣ ਗਿਆ-

"ਜਿਸ ਘਰ ਨਾਨਕ ਪੂਜਾ, ਤਿਸ ਘਰ ਦੇਉ ਨਾ ਦੂਜਾ।"

ਵਣਜਾਰੇ ਸਿਖਾਂ ਦੇ ਨਾਂ ਪ੍ਰਾਚੀਨ ਸਿੰਘਾਂ ਵਾਲੇ ਜਿਵੇਂ ਕਿ ਦਯਾ ਸਿੰਘ, ਜੌਹਰ ਸਿੰਘ, ਬਿਜੇ ਸਿੰਘ ਯਾਦਵ, ਬਦਲ ਸਿੰਘ, ਸੂਰਤ ਸਿੰਘ, ਸਕੂਰ ਸਿੰਘ, ਮਾਨ ਸਿੰਘ ਰਾਠੌਰ, ਖੇਮਾ ਰਸਾਲ ਸਿੰਘ ਅਤੇ ਪੰਨੂ ਸਿੰਘ ਆਦਿ ਹਨ। ਹਰ ਟਾਂਡੇ ਵਿਚ ਇਕ ਅਰਦਾਸੀਆ ਹੁੰਦਾ ਹੈ। ਦੋ ਧੜਿਆਂ ਵਿਚਕਾਰ ਲੜਾਈ ਹੋ ਰਹੀ ਹੋਵੇ ਅਤੇ ਅਰਦਾਸੀਆ ਗੁਰੂ ਨਾਨਕ ਸਾਹਿਬ ਦੀ ਅਰਦਾਸ ਕਰ ਦੇਵੇ ਤਾਂ ਦੋਵੇਂ ਧੜੇ ਲੜਾਈ ਅਧਵਾਟੇ ਛੱਡ ਕੇ ਆਪੋ ਆਪਣੇ ਘਰਾਂ ਨੂੰ ਤੁਰ ਜਾਂਦੇ ਹਨ। ਲੜਕੇ ਦੇ ਵਿਆਹ ਸਮੇਂ ਪੱਗੜੀ ਵਿਚ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਰੁਪਈਆ ਬੰਨ੍ਹੇ ਬਗੈਰ ਵਿਆਹ ਨਹੀਂ ਹੋ ਸਕਦਾ। ਇਹ ਰੁਪਈਆ ਵਿਆਹ ਵਿਚ ਸਭ ਤੋਂ ਕੀਮਤੀ ਅਤੇ ਜ਼ਰੂਰੀ ਵਸਤੂ ਮੰਨਿਆ ਜਾਂਦਾ ਹੈ। ਵਿਆਂਹਦੜ ਲੜਕੀ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਚੂੜਾ ਪਹਿਨਦੀ ਹੈ। ਵਿਆਹ ਸਮੇਂ, ਸੂਈ ਗਰਮ ਕਰਕੇ ਲਾੜੇ ਦੀ ਬਾਂਹ ਉੱਤੇ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਦਾਗ ਦਿੱਤਾ ਜਾਂਦਾ ਹੈ।

75 ਫੀਸਦੀ ਵਣਜਾਰਿਆਂ ਪਾਸ ਜ਼ਮੀਨ ਹੈ ਪਰ ਉਪਜ ਲੈਣ ਲਈ ਸਾਧਨਾਂ ਦੀ ਘਾਟ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਵਣਜਾਰੇ ਆਪੋ ਆਪਣੇ ਟਾਂਡਿਆਂ ਵਿਚ ਨਗਾਰੇ ਰੱਖਦੇ ਚਲੇ ਆ ਰਹੇ ਹਨ। ਗੁਰੂ ਨਾਨਕ ਸਾਹਿਬ ਨਾਮ ਦੀ ਛਾਪ ਇਨ੍ਹਾਂ ਦੇ ਮਨਾਂ ਉੱਤੇ ਅਮਿਟ ਹੈ। ਨਾਨਕਪੁਰਾ ਆਸ਼ਰਮ ਤੋਂ ਢਾਈ ਕਿਲੋਮੀਟਰ ਦੂਰੀ ਦੇ ਫਾਸਲੇ 'ਤੇ ਸਿਕਲੀਗਰਾਂ ਦੀ ਬਸਤੀ ਹੈ ਜੋ ਸਭ ਕੇਸਾਧਾਰੀ ਹਨ। ਸਰਕਾਰ ਨੇ ਸਭ ਨੂੰ ਰਹਿਣ ਲਈ ਛੋਟੇ ਛੋਟੇ ਪਲਾਟ ਦਿੱਤੇ ਹੋਏ ਹਨ। ਬਸਤੀ ਦੇ ਕੁਲ 13 ਘਰ ਹਨ ਅਤੇ ਵਸੋਂ 125 ਦੇ ਲੱਗਭੱਗ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਇਹ ਲੋਕ ਕਿਰਪਾਨਾਂ, ਬੰਦੂਕਾਂ ਅਤੇ ਪਿਸਤੌਲ ਤਿਆਰ ਕਰਦੇ ਹੁੰਦੇ ਸਨ ਪ੍ਰੰਤੂ ਪਾਬੰਦੀ ਲੱਗਣ ਕਾਰਨ ਹੁਣ ਲੋਹੇ ਦੀਆਂ ਤਵੀਆਂ ਤੇ ਕੜਾਹੀਆਂ ਆਦਿ ਬਣਾਉਂਦੇ ਹਨ।

ਨਾਗਪੁਰ ਦੇ ਆਲੇ-ਦੁਆਲੇ ਵਣਜਾਰਿਆਂ ਦੇ ਟਾਂਡਿਆਂ, ਸਿਕਲੀਗਰਾਂ ਦੀਆਂ ਬਸਤੀਆਂ ਮੌਜੂਦ ਹਨ, ਜਿਥੇ ਅਸੀਂ 15 ਸਾਲਾਂ ਤੋਂ ਬ੍ਰਿਟਿਸ਼ ਸਿਖ ਕੌਂਸਲ ਵੱਲੋਂ ਸਿਕਲੀਗਰਾਂ ਨੂੰ ਸਿਖ ਲਹਿਰ ਨਾਲ ਜੋੜ ਰਹੇ ਹਾਂ। ਵੱਖ-ਵੱਖ ਸੂਬਿਆਂ ਵਿਚ ਬਿਖਰਨ 'ਤੇ ਕਈ ਸਦੀਆਂ ਤੋਂ ਇਹ ਭਾਈਚਾਰਾ ਜੰਗਲੀ ਜੀਵਨ ਬਿਤਾਉਂਦਾ ਆ ਰਿਹਾ ਹੈ। ਇਨ੍ਹਾਂ ਲੋਕਾਂ ਦੀ ਭਾਸ਼ਾ ਤੇ ਖਾਣ ਪੀਣ ਆਦਿ ਵਿਚ ਭਾਵੇਂ ਕੁਝ ਵਖਰੇਵੇਂ ਆ ਗਏ ਹਨ, ਪ੍ਰੰਤੂ ਜੰਗਲੀ ਜੀਵਾਂ ਦੇ ਸ਼ਿਕਾਰ ਖੇਡਣ ਅਤੇ ਲੋਹੇ ਤੋਂ ਤੇਜ਼ਧਾਰ ਹਥਿਆਰ, ਘਰੇਲੂ ਵਰਤੋਂ ਦਾ ਸਾਮਾਨ ਜਾਂ ਹੋਰ ਔਜ਼ਾਰ ਬਣਾ ਕੇ ਵੇਚਣ ਦਾ ਸਦੀਆਂ ਪੁਰਾਣਾ ਧੰਦਾ ਇਨ੍ਹਾਂ ਨੇ ਅਜੇ ਵੀ ਨਹੀਂ ਤਿਆਗਿਆ। ਵੱਖ-ਵੱਖ ਸੂਬਿਆਂ ਵਿਚ ਰਹਿੰਦੇ ਸਿਕਲੀਗਰ ਸਿਖ ਹਰ ਥਾਂ ਸਿਖ ਅਖਵਾਏ ਜਾਣ ਉਪਰ ਮਾਣ ਵੀ ਮਹਿਸੂਸ ਕਰਦੇ ਹਨ।

ਜੰਗਲਾਂ ਵਿਚ ਜ਼ਿੰਦਗੀ ਬਤੀਤ ਕਰਦਿਆਂ ਹੁਣ ਉਹ ਵੱਡੀ ਗਿਣਤੀ ਵਿਚ ਸ਼ਹਿਰਾਂ ਜਾਂ ਪਿੰਡਾਂ ਦੇ ਬਾਹਰਵਾਰ ਝੁਗੀ ਝੌਂਪੜੀ ਬਣਾ ਕੇ ਰਹਿਣ ਲੱਗ ਪਏ ਹਨ। ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੇ ਇਸ ਕਬੀਲੇ ਦੇ ਵਿਕਾਸ ਲਈ ਕਦੇ ਸੋਚਿਆ ਹੀ ਨਹੀਂ। ਇਹ ਲੋਕ ਵੀ ਸਰਕਾਰਾਂ ਤੇ ਉਚ ਜਾਤੀ ਸਮਾਜ ਦੇ ਵਿਤਕਰੇ ਅਤੇ ਧਕੇ ਦਾ ਸ਼ਿਕਾਰ ਹਨ, ਪਰ ਸਰਕਾਰ ਦੇ ਵਿਤਕਰੇ ਤੇ ਧੱਕੇ ਬਾਰੇ ਇਨ੍ਹਾਂ ਲੋਕਾਂ ਵਿਚ ਸੋਝੀ ਅਜੇ ਹੁਣ ਪੈਦਾ ਹੋਣੀ ਸ਼ੁਰੂ ਹੋਈ ਹੈ।



ਇਸ ਵਰਗ ਵਿਚ ਲੋਕ ਅਜੇ ਵੀ ਅਨਪੜ੍ਹ ਹੀ ਤੁਰੇ ਆ ਰਹੇ ਹਨ ਤੇ ਹੁਣ ਦੇ ਬੱਚਿਆਂ ਨੂੰ ਸਕੂਲ ਭੇਜਣ ਦਾ ਵੀ ਅਜੇ ਕੋਈ ਬਹੁਤਾ ਰੁਝਾਨ ਨਹੀਂ, ਸਿਰਫ ਸ਼ਹਿਰਾਂ ਨੇੜੇ ਆ ਵਸੇ ਕੁਝ ਲੋਕਾਂ ਦੇ ਬੱਚੇ ਹੀ ਪੜ੍ਹਾਈ ਲਈ ਸਕੂਲ ਜਾਣ ਲਗੇ ਹਨ। ਬ੍ਰਿਟਿਸ਼ ਸਿਖ ਕੌਂਸਲ ਵੱਲੋਂ ਅਸੀਂ ਇਨ੍ਹਾਂ ਦੀ ਵਿਦਿਆ ਵਲ ਧਿਆਨ ਦੇਣਾ ਸ਼ੁਰੂ ਕੀਤਾ ਹੈ। ਦਸਵੀਂ ਜਾਂ ਇਸ ਤੋਂ ਅਗੇ ਦੀ ਪੜ੍ਹਾਈ ਵੱਲ ਵੀ ਅਸੀਂ ਹੁਣ ਜ਼ੋਰ ਦੇ ਰਹੇ ਹਾਂ। ਆਰਥਿਕ ਪੱਖੋਂ ਇਹ ਭਾਈਚਾਰਾ ਕਾਫੀ ਕਮਜ਼ੋਰ ਹੈ। ਜ਼ਮੀਨ ਕਿਸੇ ਕੋਲ ਨਹੀਂ। ਸਨਅਤਾਂ ਵਿਚ ਕੰਮ ਵਾਲੇ ਪਾਸੇ ਗਏ ਨਹੀਂ ਤੇ ਨੌਕਰੀਆਂ ਲਈ ਇਨ੍ਹਾਂ ਲੋਕਾਂ ਕੋਲ ਸਾਧਨ ਤੇ ਯੋਗਤਾ ਨਹੀਂ। ਇਸ ਕਰਕੇ ਲੋਹੇ ਦਾ ਸਮਾਨ ਬਣਾਉਣਾ ਤੇ ਫਿਰ ਇਸ ਨੂੰ ਸੜਕਾਂ ਉੱਪਰ ਖੜੋ ਕੇ ਜਾਂ ਪਿੰਡ ਵਿਚ ਫੇਰੀ ਦੇ ਕੇ ਵੇਚ ਲੈਣਾ, ਬਸ ਇਹੀ ਰੋਜ਼ੀ ਦਾ ਵੱਡਾ ਸਾਧਨ ਹੈ। ਆਰਥਿਕ ਤੌਰ 'ਤੇ ਮਜ਼ਬੂਤ ਨਾ ਹੋਣ ਕਾਰਨ ਰਹਿਣ-ਸਹਿਣ ਦਾ ਪੱਧਰ ਏਨਾ ਨੀਵਾਂ ਹੈ ਕਿ ਛੋਟੀਆਂ ਮੋਟੀਆਂ ਝੁੱਗੀਆਂ ਵਿਚ 10-10, 15-15 ਜੀਅ ਗੁਜ਼ਾਰਾ ਕਰ ਰਹੇ ਹਨ ਅਤੇ ਇਨ੍ਹਾਂ ਦੇ ਰੁਜ਼ਗਾਰ ਲਈ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਲਈ ਇਨ੍ਹਾਂ ਲਈ ਉਥੇ ਪੱਕੇ ਘਰ ਬਣਾ ਕੇ ਦਿਤੇ ਜਾ ਰਹੇ ਹਨ। ਮਹਾਂਰਾਸ਼ਟਰ ਵਿਚ ਬ੍ਰਿਟਿਸ਼ ਸਿਖ ਕੌਂਸਲ ਵੱਲੋਂ 200 ਤੋਂ ਵਧ ਪੱਕੇ ਘਰ ਬਣਾ ਕੇ ਦਿੱਤੇ ਗਏ ਹਨ। ਇਨ੍ਹਾਂ ਦੇ 35 ਪਿੰਡਾਂ ਨੂੰ ਸਾਫ ਪਾਣੀ ਦਿਤਾ ਜਾ ਚੁਕਾ ਹੈ। ਜਿਹੜੀਆਂ ਜਵਾਨੀ ਦੀ ਉਮਰ ਵਿਚ ਇਸਤਰੀਆਂ ਵਿਧਵਾ ਹੋ ਗਈਆਂ ਹਨ, ਉਨ੍ਹਾਂ ਨੂੰ ਬ੍ਰਿਟਿਸ਼ ਸਿਖ ਕੌਂਸਲ ਵਲੋਂ 2000 ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ। 8 ਸਿਕਲੀਗਰ ਸਿਖ ਬੱਚਿਆਂ ਨੂੰ ਇੰਜੀਨੀਅਰਿੰਗ ਦਾ ਕੋਰਸ ਕਰਵਾਇਆ ਜਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਇਕ ਪਿੰਡ ਪਖਨਾਰ ਵਿਚ ਸ਼ਾਪਿੰਗ ਸੈਂਟਰ ਬਣਾਇਆ ਜਾ ਰਿਹਾ ਹੈ ਤਾਂ ਜੋ ਸਿਕਲੀਗਰ ਸਿਖਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਸਿਕਲੀਗਰ ਸਿਖ ਬੀਬੀਆਂ ਲਈ ਵੀ ਸਿਲਾਈ ਸੈਂਟਰ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ ਤਾਂ ਜੋ ਉਹ ਆਪਣੇ ਰੁਜ਼ਗਾਰ ਦਾ ਪ੍ਰਬੰਧ ਕਰ ਸਕਣ। ਮੱਧ ਪ੍ਰਦੇਸ਼ ਵਿਚ ਕਈ ਸਿਖ ਨੌਜਵਾਨ ਗਲਤ ਢੰਗ ਨਾਲ ਨਾਜਾਇਜ਼ ਹਥਿਆਰ ਬਣਾ ਰਹੇ ਹਨ, ਉਨ੍ਹਾਂ ਨੂੰ ਬ੍ਰਿਟਿਸ਼ ਸਿਖ ਕੌਂਸਲ ਵਲੋਂ ਰੋਕਿਆ ਜਾ ਰਿਹਾ ਹੈ ਤੇ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਪਿਛੇ ਜਿਹੇ ਬਹਿਰਾਮਪੁਰ, ਖੰਡਵਾ ਤੇ ਹੋਰ ਕੁਝ ਜ਼ਿਲ੍ਹਿਆਂ ਵਿਚ ਇਨ੍ਹਾਂ ਕੋਲੋਂ ਪੁਲੀਸ ਨੇ ਹਥਿਆਰ ਫੜੇ ਸਨ, ਪਰ ਅਸੀਂ ਇਨ੍ਹਾਂ ਦੀਆਂ ਜ਼ਮਾਨਤਾਂ ਵੀ ਕਰਵਾਈਆਂ ਹਨ। ਪ੍ਰਸ਼ਾਸ਼ਣ ਨੂੰ ਲੈਟਰਾਂ ਵੀ ਲਿਖੀਆਂ ਹਨ ਤੇ ਮਿਲੇ ਵੀ ਹਾਂ ਕਿ ਇਨ੍ਹਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਤਾਂ ਜੋ ਉਹ ਅਜਿਹਾ ਕੰਮ ਨਾ ਕਰਨ। ਪਰ ਸ਼੍ਰੋਮਣੀ ਕਮੇਟੀ ਨੇ ਇਸ ਸੰਬੰਧ ਵਿਚ ਕੋਈ ਧਿਆਨ ਨਹੀਂ ਦਿੱਤਾ ਤੇ ਨਾ ਹੀ ਇਨ੍ਹਾਂ ਦੀ ਮਦਦ ਕੀਤੀ ਹੈ। ਕਈ ਸਦੀਆਂ ਤੋਂ ਸਿਕਲੀਗਰਾਂ ਦਾ ਕੋਈ ਗੁਰਦੁਆਰਾ ਨਹੀਂ ਸੀ। ਇਸ ਲਈ ਬ੍ਰਿਟਿਸ਼ ਸਿਖ ਕੌਂਸਲ ਵੱਲੋਂ ਉਨ੍ਹਾਂ ਲਈ ਮਹਾਂਰਾਸ਼ਟਰ, ਮੱਧ ਪ੍ਰਦੇਸ਼ ਵਿਚ ਕਈ ਗੁਰਦੁਆਰੇ ਬਣਾ ਕੇ ਦਿੱਤੇ ਹਨ ਤਾਂ ਜੋ ਉਹ ਸਿਖ ਧਰਮ ਨੂੰ ਸਹੀ ਢੰਗ ਨਾਲ ਸਮਝ ਸਕਣ। ਇਥੇ ਉਨ੍ਹਾਂ ਨੂੰ ਧਾਰਮਿਕ ਸੋਝੀ ਮਿਲ ਰਹੀ ਹੈ, ਪੰਜਾਬੀ ਪੜ੍ਹਾਈ ਦਾ ਪ੍ਰਬੰਧ ਹੈ ਤੇ ਵੱਡੀ ਗੱਲ ਮਿਲ ਬੈਠ ਸੋਚਣ ਵਿਚਾਰਨ ਦੇ ਇਕ ਕੇਂਦਰ ਬਣ ਗਏ ਹਨ।

ਜਿਹੜੇ ਗੁਰਦੁਆਰਿਆਂ ਦੀ ਸਥਾਪਨਾ ਬ੍ਰਿਟਿਸ਼ ਸਿਖ ਕੌਂਸਲ ਵੱਲੋਂ ਕੀਤੀ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ-

1. ਗੁਰੂ ਨਾਨਕ ਵਰੂੜ ਗੁਰਦੁਆਰਾ ਮਹਾਂਰਾਸ਼ਟਰ
2. ਗੁਰੂ ਗੋਬਿੰਦ ਸਿੰਘ ਗੁਰਦੁਆਰਾ ਕਮਲੇਸ਼ਵਰ ਮਹਾਂਰਾਸ਼ਟਰ
3. ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਦੁਰਗਾਪੁਰ (ਚੰਦਰਪੁਰ)
4. ਗੁਰੂ ਨਾਨਕ ਗੁਰਦੁਆਰਾ ਵਾਰਧਾ ਮਹਾਂਰਾਸ਼ਟਰ
5. ਗੁਰੂ ਨਾਨਕ ਗੁਰਦੁਆਰਾ ਤਲੇਗਾਉਂ
6. ਗੁਰੂ ਨਾਨਕ ਗੁਰਦੁਆਰਾ ਥਾਣੇਗਾਉਂ
7. ਸਿੰਘ ਸਭਾ ਗੁਰਦੁਆਰਾ ਰਾਮ ਦੀ
8. ਗੁਰੂ ਨਾਨਕ ਗੁਰਦੁਆਰਾ ਦਾਊਸਾ
9. ਸਿੰਘ ਸਭਾ ਗੁਰਦੁਆਰਾ ਇੰਦਰਾ ਨਗਰ (ਚੰਦਰਪੁਰ)
10. ਗੁਰੂ ਨਾਨਕ ਗੁਰਦੁਆਰਾ ਹਾਰਟਾ (ਡੂੰਗਰਗਾਂਵ)
11. ਸਿੰਘ ਸਭਾ ਗੁਰਦੁਆਰਾ ਇੰਦਰਾ ਨਗਰ ਮੱਧ ਪ੍ਰਦੇਸ਼
12. ਗੁਰੂ ਨਾਨਕ ਗੁਰਦੁਆਰਾ ਅਰੋਨ (ਗੁਣਾ)
13. ਗੁਰੂ ਗੋਬਿੰਦ ਸਿੰਘ ਗੁਰਦੁਆਰਾ ਮਥਾਣਾ ਅਸ਼ੋਕ ਨਗਰ ਮੱਧ ਪ੍ਰਦੇਸ਼
14. ਸਿੰਘ ਸਭਾ ਗੁਰਦੁਆਰਾ ਨੰਦਪੁਰ ਚੱਕ (ਮੱਧ ਪ੍ਰਦੇਸ਼)
15. ਗੁਰੂ ਨਾਨਕ ਗੁਰਦੁਆਰਾ ਲਫਤੋਰਾ (ਮੱਧ ਪ੍ਰਦੇਸ਼)
16. ਗੁਰੂ ਨਾਨਕ ਗੁਰਦੁਆਰਾ ਸ਼ਾਲਪੀ
17. ਗੁਰੂ ਨਾਨਕ ਗੁਰਦੁਆਰਾ ਖਖਨਾਰ ਮੱਧ ਪ੍ਰਦੇਸ਼
18. ਗੁਰੂ ਗੋਬਿੰਦ ਸਿੰਘ ਗੁ: ਲਾਲ ਬਾਗ ਜ਼ਿਲ੍ਹਾ ਧਾਰ ਮੱਧ ਪ੍ਰਦੇਸ਼
19. ਗੁਰੂ ਨਾਨਕ ਗੁ: (ਸ਼ਾਹਪੁਰ) ਜ਼ਿਲ੍ਹਾ ਬੜਵਾਨੀ ਮੱਧ ਪ੍ਰਦੇਸ਼
20. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗੁ: ਖੁਰਮਾ (ਮੱਧ ਪ੍ਰਦੇਸ਼)
21. ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਉਸਾਵੜ ਮੱਧ ਪ੍ਰਦੇਸ਼
22. ਸਿੰਘ ਸਭਾ ਗੁਰਦੁਆਰਾ ਉਸਵਾੜਾ ਮੱਧ ਪ੍ਰਦੇਸ਼

ਬ੍ਰਿਟਿਸ਼ ਸਿਖ ਕੌਂਸਲ, ਦੇ ਉਦਮ ਸਦਕਾ 15,000 ਸਿਕਲੀਗਰ ਅੰਮ੍ਰਿਤ ਛੱਕ ਚੁੱਕੇ ਹਨ। ਗੁਰਦੁਆਰਿਆਂ 'ਚ ਛੋਟੇ ਛੋਟੇ ਬੱਚੇ ਜ਼ੁਬਾਨੀ ਨਿਤਨੇਮ ਕਰਦੇ ਹਨ ਤੇ ਰਹਿਰਾਸ ਦਾ ਪਾਠ ਖੁਦ ਕਰਨ ਜਾਣਦੇ ਹਨ। ਇਸ ਸੰਬੰਧ ਵਿਚ ਅਸੀਂ ਹਰ ਸਾਲ 300-400 ਦਾ ਸਿਖ ਸਿਕਲੀਗਰਾਂ ਦਾ ਜਥਾ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਲੈ ਕੇ ਜਾਈਦਾ ਹੈ। 25 ਤੋਂ ਵਧ ਗ੍ਰੰਥੀ ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿਚ ਨਿਯੁਕਤ ਕੀਤੇ ਹਨ। ਅਨਪੜ੍ਹ ਹੋਣ ਕਰਕੇ ਉਹ ਸਿਖ ਧਰਮ ਦੀਆਂ ਪੁਸਤਕਾਂ ਵੀ ਨਹੀਂ ਪੜ੍ਹ ਸਕਦੇ, ਫਿਰ ਵੀ ਉਹ ਸਿਖ ਧਰਮ ਵਿਚ ਪੱਕਾ ਵਿਸ਼ਵਾਸ ਰੱਖਦੇ ਹਨ ਅਤੇ ਉਨ੍ਹਾਂ ਨੇ ਕਦੇ ਵੀ ਆਪਣਾ ਧਰਮ ਤਬਦੀਲ ਨਹੀਂ ਕੀਤਾ। ਉਹ ਹਿੰਦੂਆਂ ਤੋਂ ਪ੍ਰਭਾਵਿਤ ਹੋ ਕੇ ਕਰਮਕਾਂਡਾਂ, ਸਮਾਧ ਪੂਜਾ ਵਿਚ ਵੀ ਨਹੀਂ ਪਏ ਤੇ ਨਾ ਹੀ ਲਾਲਚ ਕਾਰਨ ਹੋਰ ਧਰਮ ਗ੍ਰਹਿਣ ਕੀਤਾ ਹੈ। ਪਰ ਡੂੰਘੀ ਸਾਜ਼ਿਸ਼ ਅਧੀਨ ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਤੇ ਜਨ ਗਣਨਾ ਕਰਨ ਵਾਲੇ ਅਦਾਰੇ ਸਿਕਲੀਗਰ ਸਿਖਾਂ ਨੂੰ ਪਿਛਲੇ ਪੰਜਾਹ ਸਾਲ ਤੋਂ ਸਿਕਲੀਗਰ ਲਿਖ ਕੇ ਹਿੰਦੂ ਧਰਮ ਦੇ ਖਾਨੇ ਵਿਚ ਹੀ ਪਾਉਂਦੇ ਆ ਰਹੇ ਹਨ। ਕਦੇ ਵੀ ਏਨੀ ਵੱਡੀ ਗਿਣਤੀ ਵਿਚ ਰਹਿ ਰਹੇ ਲੋਕਾਂ ਦੀ ਗਿਣਤੀ ਸਿਖਾਂ ਵਿਚ ਨਹੀਂ ਕੀਤੀ ਜਾਂਦੀ। ਰਾਖਵੇਂਕਰਨ ਦੀ ਨੀਤੀ ਅਧੀਨ ਵੀ ਉਨ੍ਹਾਂ ਨੂੰ ਕਦੇ ਸਹੂਲਤ ਸਰਕਾਰ ਵਲੋਂ ਨਹੀਂ ਮਿਲੀ, ਭਾਵੇਂ ਕਿ ਉਹ ਪੱਛੜੇ ਭਾਈਚਾਰੇ ਵਿਚ ਆਉਂਦੇ ਹਨ। ਨਵੰਬਰ '84 ਦੇ ਸਿਖ ਵਿਰੋਧੀ ਕਤਲੇਆਮ ਦਾ ਸ਼ਿਕਾਰ ਦਿੱਲੀ, ਬੋਕਾਰੋ, ਕਾਨ੍ਹਪੁਰ ਤੇ ਹੋਰ ਬਹੁਤ ਸਾਰੇ ਸ਼ਹਿਰ ਦੇ ਸਿਖਾਂ ਨੂੰ ਹੋਣਾ ਪਿਆ ਸੀ। ਪਰ ਇਨ੍ਹਾਂ ਸਿਕਲੀਗਰ ਸਿਖਾਂ ਨਾਲ ਵੀ ਘਟ ਨਹੀਂ ਗੁਜ਼ਰੀ ਅਰਥਾਤ ਇਸ ਹਿੰਸਾ ਦਾ ਸ਼ਿਕਾਰ ਸਿਕਲੀਗਰ ਸਿਖਾਂ ਨੂੰ ਵੀ ਹੋਣਾ ਪਿਆ। ਨਾਗਪੁਰ ਤੋਂ ਕਰੀਬ ਸਵਾ ਕੁ ਸੌ ਕਿਲੋਮੀਟਰ ਦੂਰ ਮਹਾਤਮਾ ਗਾਂਧੀ ਦੇ ਆਸ਼ਰਮ ਨਾਲ ਮਸ਼ਹੂਰ ਸ਼ਹਿਰ ਵਾਰਧਾ ਲਾਗੇ 30 ਦੇ ਕਰੀਬ ਸਿਕਲੀਗਰ ਸਿਖਾਂ ਦੇ ਘਰ ਹਨ। ਕੁਝ ਮੁਤਸਬੀ ਹਿੰਦੂਤਵੀ ਅਨਸਰਾਂ ਨੇ ਹਜੂਮ ਇਕੱਠਾ ਕਰਕੇ ਇਨ੍ਹਾਂ ਲੋਕਾਂ ਨੂੰ ਸਮੇਤ ਬੱਚੇ, ਔਰਤਾਂ ਘਰਾਂ ਵਿਚੋਂ ਬਾਹਰ ਕੱਢ ਕੇ ਲਿਆਂਦਾ, ਕੁਟਾਪਾ ਚਾੜ੍ਹਿਆ ਅਤੇ ਉਨ੍ਹਾਂ ਦੇ ਸਾਹਮਣੇ ਹੀ ਸਮੇਤ ਸਮਾਨ ਘਰਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ। ਪ੍ਰਸ਼ਾਸਨ ਨੇ ਮਦਦ ਦੀ ਬਜਾਏ ਇਨ੍ਹਾਂ ਸਾਰੇ ਸਿਖਾਂ ਨੂੰ ਝੂਠੇ ਕੇਸ ਮੜ੍ਹ ਕੇ ਔਰਤਾਂ ਤੇ ਬਚਿਆਂ ਸਮੇਤ ਜੇਲ੍ਹ ਵਿਚ ਡਕ ਦਿੱਤਾ। ਬਾਅਦ ਵਿਚ ਉਨ੍ਹਾਂ ਦੇ ਘਰਾਂ ਵਾਲੀ ਜਗ੍ਹਾ ਉਪਰ ਸਕੂਲ ਉਸਾਰ ਦਿੱਤਾ। ਇਕ ਸਾਲ ਜੇਲ੍ਹ ਕਟਣ ਬਾਅਦ ਜਦ ਉਹ ਬਾਹਰ ਆਏ ਤਾਂ ਉਨ੍ਹਾਂ ਨੂੰ ਮੁੜ ਘਰ ਨਹੀਂ ਬਣਾਉਣ ਦਿਤੇ। ਪੂਰੇ ਵੀਹ ਸਾਲ ਉਹ ਆਪਣੇ ਘਰ ਵਾਪਸ ਲੈਣ ਲਈ ਲੜਦੇ ਰਹੇ ਪਰ ਕਿਸੇ ਨੇ ਸੁਣਵਾਈ ਨਹੀਂ ਕੀਤੀ। ਇਸ ਸੰਬੰਧ ਵਿਚ ਬ੍ਰਿਟਿਸ਼ ਸਿਖ ਕੌਂਸਲ ਵੱਲੋਂ ਉਨ੍ਹਾਂ ਦੀ ਮਦਦ ਕੀਤੀ ਗਈ ਹੈ ਤੇ ਪੱਕੇ ਘਰ ਉਸਾਰ ਕੇ ਦਿੱਤੇ ਗਏ ਹਨ।

# ਨਾਜਾਇਜ਼ ਧੰਦੇ ਤੋਂ ਮੁਕਤੀ ਚਾਹੁੰਦੇ ਨੇ ਸਿਕਲੀਗਰ

ਬ੍ਰਿਟਿਸ਼ ਸਿੱਖ ਕੌਂਸਲ ਦੇ ਮੁੱਖ ਬੁਲਾਰੇ ਤਰਸੇਮ ਸਿੰਘ ਦਿਉਲ ਜੋ ਕਿ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਹੋਰ ਇਲਾਕਿਆਂ ਵਿਚ ਸਿਕਲੀਗਰ ਸਿੱਖਾਂ ਦੇ ਲਈ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਉਨ੍ਹਾਂ ਦੇ ਵਿਕਾਸ, ਰਹਿਣ ਸਹਿਣ, ਰੁਜ਼ਗਾਰ ਤੇ ਵਿਦਿਆ ਤੇ ਸਿੱਖ ਧਰਮ ਨਾਲ ਜੋੜਨ ਲਈ ਉੱਦਮ ਕਰ ਰਹੇ ਹਨ, ਉਹ ਇਸ ਸੰਬੰਧੀ ਪ੍ਰਸ਼ਾਸ਼ਣ ਤੇ ਮੁੱਖ ਮੰਤਰੀ ਨੂੰ ਵੀ ਮਿਲ ਚੁੱਕੇ ਹਨ ਕਿ ਸਿਕਲੀਗਰ ਸਿੱਖਾਂ ਨੂੰ ਇਸ ਧੰਦੇ ਵਿਚੋਂ ਕੱਢਣ ਦੇ ਲਈ ਰੁਜ਼ਗਾਰ ਦਿੱਤਾ ਜਾਵੇ। ਪਰ ਹਾਲੇ ਤੱਕ ਇਸ ਸੰਬੰਧੀ ਸਰਕਾਰੀ ਕਾਰਵਾਈ ਨਹੀਂ ਹੋਈ। ਪਰ ਪੁਲੀਸ ਸਿਕਲੀਗਰ ਸਿੱਖਾਂ ਨੂੰ ਬੁਰੀ ਤਰ੍ਹਾਂ ਤੰਗ ਕਰ ਰਹੀ ਹੈ। ਹਾਲਾਂਕਿ ਸਿਕਲੀਗਰ ਸਿੱਖ ਇਸ ਪਰੰਪਰਿਕ ਧੰਦੇ ਤੋਂ ਹੁਣ ਮੁਕਤ ਹੋਣਾ ਚਾਹੁੰਦੇ ਹਨ ਤੇ ਸਰਕਾਰ ਦੀ ਸਹਾਇਤਾ ਚਾਹੁੰਦੇ ਹਨ। ਉਹ ਆਪਣੀ ਨਵੀਂ ਪੀੜੀ ਨੂੰ ਇਸ ਗ਼ੈਰ-ਕਾਨੂੰਨੀ ਹਥਿਆਰ ਦੇ ਧੰਦੇ ਤੋਂ ਦੂਰ ਰੱਖਣਾ ਚਾਹੁੰਦੇ ਹਨ, ਪਰ ਕੋਈ ਬਦਲ ਨਾ ਹੋਣ ਕਾਰਨ ਮਜਬੂਰੀਵੱਸ ਸਿਕਲੀਗਰ ਇਸ ਤੋਂ ਮੁਕਤ ਨਹੀਂ ਹੋ ਪਾ ਰਹੇ ਹਨ। ਸਿਕਲੀਗਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਤੇ ਮੌਤ ਦਾ ਸਾਮਾਨ ਬਣਾਉਣ ਵਾਲੇ ਧੰਦੇ ਤੋਂ ਦੂਰ ਰਹਿ ਕੇ ਸੁਕੂਨ ਦੀ ਜ਼ਿੰਦਗੀ ਬਿਤਾਉਣ, ਪਰ ਉਨ੍ਹਾਂ ਦੇ ਮੁੜ-ਵਸੇਬੇ ਲਈ ਸਰਕਾਰ ਮਦਦ ਨਹੀਂ ਕਰ ਰਹੀ। ਇਹੀ ਨਹੀਂ, ਸਿਕਲੀਗਰਾਂ ਸਿੱਖਾਂ ਨੇ ਇਸ ਸਬੰਧੀ ਕਈ ਅਰਜ਼ੀਆਂ ਵੀ ਸਰਕਾਰ ਨੂੰ ਭੇਜੀਆਂ ਹਨ। ਇਸ ਵੇਲੇ ਦੁਨੀਆਂ ਦੀ ਆਬਾਦੀ ਵਿਚ ਸਿਖਾਂ ਦੀ ਗਿਣਤੀ 2 ਕਰੋੜ ਮੰਨੀ ਜਾਂਦੀ ਹੈ। ਜੇਕਰ ਸਿਕਲੀਗਰ ਤੇ ਵਣਜਾਰੇ ਸਿਖਾਂ ਨੂੰ ਖਾਲਸਾ ਪੰਥ ਦਾ ਅੰਗ ਮੰਨ ਲਿਆ ਜਾਵੇ ਤਾਂ ਗਿਣਤੀ ਵਧ ਕੇ 15 ਕਰੋੜ ਬਣ ਜਾਵੇਗੀ। ਇਥੇ ਜ਼ਿਕਰਯੋਗ ਹੈ ਕਿ ਸਿਕਲੀਗਰਾਂ ਨੇ ਸਿਖ ਧਰਮ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗ੍ਰਹਿਣ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਸਿਕਲੀਗਰਾਂ ਨੂੰ ਸਿਖ ਬਣਾਇਆ ਸੀ ਤੇ ਉਨ੍ਹਾਂ ਨੂੰ ਉਪਦੇਸ਼ ਦਿੱਤੇ ਸਨ, ਜੋ ਅੱਜ ਤਕ ਉਨ੍ਹਾਂ ਨੂੰ ਯਾਦ ਹਨ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਤਕ ਇਨ੍ਹਾਂ ਦਾ ਸਿਖ ਪੰਥ ਨਾਲ ਅਟੁੱਟ ਸੰਬੰਧ ਰਿਹਾ ਹੈ। ਪਰ ਜਦੋਂ 18ਵੀਂ ਸਦੀ ਦੇ ਦੌਰਾਨ ਮੁਗਲ ਹਕੂਮਤ ਦੇ ਜ਼ੁਲਮ ਤੇਜ਼ ਹੋ ਗਏ ਅਤੇ ਸਰਕਾਰੀ ਪੱਧਰ 'ਤੇ ਤਿੰਨ ਵਾਰੀ ਇਹ ਐਲਾਨ ਕੀਤਾ ਗਿਆ ਕਿ ਕਿਸੇ ਕਤਲ ਕੀਤੇ ਸਿਖ ਦਾ ਸਿਰ ਵੀ ਕੋਈ ਲਿਆ ਦੇਵੇ ਤਾਂ ਉਸ ਨੂੰ ਇਨਾਮ ਵਜੋਂ ਵੱਡੀ ਰਕਮ ਦਿੱਤੀ ਜਾਵੇਗੀ। ਇਸ ਇਤਿਹਾਸਕ ਕਾਰਨ ਕਰਕੇ, ਮੁਗਲ ਹਕੂਮਤ ਦੇ ਜ਼ੁਲਮਾਂ ਕਰਕੇ ਅਜਿਹੀਆਂ ਪ੍ਰਸਥਿਤੀਆਂ ਬਣ ਗਈਆਂ ਜਿਸ ਕਰਕੇ ਇਹ ਪੰਜਾਬ ਦੇ ਸਿਖਾਂ ਨਾਲੋਂ ਟੁੱਟ ਗਏ। ਇਨ੍ਹਾਂ ਨੂੰ ਭਾਰਤ ਦੇ ਲੋਕ ਵਣਜਾਰਿਆਂ ਅਤੇ ਸਿਕਲੀਗਰਾਂ ਵਜੋਂ ਜਾਣਦੇ ਹਨ, ਸਿਖ ਵਜੋਂ ਨਹੀਂ। ਪਰ ਇਨ੍ਹਾਂ ਸਿਕਲੀਗਰਾਂ ਨੂੰ ਖਾਲਸਾ ਪੰਥ ਦੀ ਮੁੱਖ ਧਾਰਾ ਵਿਚ ਲਿਆਉਣ ਦਾ ਉਪਰਾਲਾ ਬ੍ਰਿਟਿਸ਼ ਸਿਖ ਕੌਂਸਲ ਨੇ ਕੀਤਾ ਹੈ। ਭਾਰਤ ਵਿਚ ਸਿਖ ਘੱਟ ਗਿਣਤੀ ਵਿਚ ਹੋਣ ਕਰਕੇ ਉਨ੍ਹਾਂ ਦੀ ਕਦਰ ਨਹੀਂ ਪੈ ਰਹੀ। ਹਾਲਾਂ ਕਿ ਦੇਸ ਦੀ ਅਜ਼ਾਦੀ ਲਈ ਉਨ੍ਹਾਂ ਨੇ 85% ਕੁਰਬਾਨੀਆਂ ਦਿੱਤੀਆਂ ਹਨ। ਇਸ ਲਈ ਸਿਖ ਕੌਮ ਨੂੰ ਭਾਰਤ ਵਿਚ ਚੜ੍ਹਦੀਕਲਾ ਵਲ ਲਿਜਾਣ ਲਈ ਸਿਖ ਕੌਮ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਕਿ ਜੇਕਰ ਅਸੀਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦੇ ਗੁਰੂ ਸਿਧਾਂਤ ਉਪਰ ਪਹਿਰਾ ਦੇਵਾਂਗੇ। ਭਾਈ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਅੱਜ ਪੰਜਾਬ ਅੰਦਰ ਜਨਸੰਖਿਆ ਦੀ ਗਿਣਤੀ ਵਿਚ ਬੜੀ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ ਜਿਹੜਾ ਸਿਖ ਸਮਾਜ ਨੂੰ ਹਰ ਪੱਖ ਤੋਂ ਪ੍ਰਭਾਵਿਤ ਕਰ ਰਿਹਾ ਹੈ ਅਤੇ ਅਗਾਂਹ ਵੀ ਕਰੇਗਾ। ਸਿੱਖ ਨੌਜਵਾਨ ਵੱਡੀ ਗਿਣਤੀ ਵਿਚ ਪੱਛਮੀ ਅਤੇ ਹੋਰ ਦੇਸ਼ਾਂ ਵਲ ਪ੍ਰਵਾਸ ਕਰ ਰਹੇ ਹਨ। ਜਿਸ ਵਿਚੋਂ 15 ਤੋਂ 40 ਸਾਲ ਦੀ ਪੀੜ੍ਹੀ ਜ਼ਿਆਦਾ ਹੈ। ਹਾਲਾਤਾਂ ਦੇ ਨਾਲ ਨਾਲ ਪੰਜਾਬ ਅੰਦਰ ਰੁਜ਼ਗਾਰ ਪ੍ਰਾਪਤ ਕਰਨਾ ਮੁਸ਼ਕਲ ਹੋਇਆ ਹੈ। ਅੱਜ ਸਿਖਾਂ ਅੰਦਰ ਵੀ ਹੱਥੀਂ ਕਿਰਤ ਕਰਨ ਜ਼ਿਆਦਾ ਚੰਗਾ ਨਹੀਂ ਸਮਝਿਆ ਜਾ ਰਿਹਾ, ਜਿਸ ਕਰਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਹਥੀਂ ਕੀਤੇ ਜਾਣ ਵਾਲੇ ਬਹੁਤੇ ਕਾਰਜਾਂ ਉੱਤੇ ਗੈਰ ਸਿਖਾਂ ਦੀ ਗਿਣਤੀ ਭਾਰੂ ਹੋ ਰਹੀ ਹੈ। ਵੋਟਾਂ ਦੀ ਰਾਜਨੀਤੀ ਕਰਕੇ ਇਸ ਪੱਖ ਤੋਂ ਬਿਲਕੁਲ ਹੀ ਅਵੇਸਲਾਪਨ ਵਰਤਿਆ ਜਾ ਰਿਹਾ ਹੈ। ਇਹ ਸਾਰਾ ਕੁਝ ਪੰਜਾਬ ਅਤੇ ਖਾਸ ਕਰਕੇ ਸਿਖਾਂ ਦੇ ਭਵਿੱਖ ਲਈ ਕੋਈ ਚੰਗਾ ਵਰਤਾਰਾ ਨਹੀਂ ਹੈ। ਜੇਕਰ ਅਸੀਂ ਪੰਜਾਬ ਵਿਚ ਖਾਲਸਾ ਪੰਥ ਦਾ ਬੋਲਬਾਲਾ ਚਾਹੁੰਦੇ ਹਾਂ ਤੇ ਸਿਖ ਪੰਥ ਦਾ ਹਾਲ ਬੁੱਧ ਧਰਮ ਵਰਗਾ ਨਹੀਂ ਦੇਖਣਾ ਚਾਹੁੰਦੇ ਤਾਂ ਸਿਕਲੀਗਰ ਸਿਖ ਪਰਿਵਾਰਾਂ ਨੂੰ ਪੰਜਾਬ ਵਿਚ ਵਸਾਉਣਾ ਪਵੇਗਾ ਤੇ ਉਨ੍ਹਾਂ ਦੇ ਰੁਜ਼ਗਾਰ ਅਤੇ ਰਹਿਣ ਸਹਿਣ ਦਾ ਪ੍ਰਬੰਧ ਕਰਨਾ ਪਵੇਗਾ। ਸੇਵਾ ਦੇ ਬੇਅੰਤ ਕਾਰਜਾਂ ਵਿਚੋਂ ਪੰਜਾਬ ਤੋਂ ਬਾਹਰ ਰਹਿੰਦੇ ਅਤਿ ਪਛੜੇ ਸਿਕਲੀਗਰਾਂ ਅੰਦਰ ਸੇਵਾ ਕਾਰਜਾਂ ਦੀ ਬਹੁਤ ਲੋੜ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਸਿਖਲਾਈ ਦੇ ਪ੍ਰਾਜੈਕਟ ਬਣਾ ਕੇ, ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕਰਨਾ ਤੇ ਰੁਜ਼ਗਾਰ ਦੇ ਯੋਗ ਬਣਾਉਣਾ ਹੈ। ਇਸ ਸੰਬੰਧੀ ਕਪੂਰਥਲਾ ਵਿਖੇ ਸਕੂਲ ਖੋਲ੍ਹਣ ਦਾ ਇਰਾਦਾ ਕੀਤਾ ਹੈ, ਜਿਥੇ ਸਿਕਲੀਗਰ ਤੇ ਗਰੀਬ ਬੱਚੇ ਸਿਖਿਆ ਲੈ ਸਕਣ ਤੇ ਸਿਖ ਧਰਮ ਨਾਲ ਜੁੜ ਸਕਣ। ਪ੍ਰਵਾਸੀ ਸਿਖ ਭਾਈਚਾਰਾ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸਹਿਯੋਗ ਦੇਣ ਤਾਂ ਜੋ ਅਸੀਂ ਉਹਨਾਂ ਨੂੰ ਪੰਜਾਬ ਵਸਾ ਸਕੀਏ ਤੇ ਉਹਨਾਂ ਦਾ ਜੀਵਨ ਪਧਰ ਉਚਾ ਕਰ ਸਕੀਏ।ਉਹਨਾਂ ਦਾ ਸੰਪਰਕ ਨੰਬਰ ਹੈ,

**Head Office :** British Sikh Council, Charity Reg. No. 1122686, 101 Wolverhampton Road West, Walshall, WS2 OBX, England, UK. Bank Account Detail : Lloyds Bank Plc, British Sikh Council, Account Number 03674675, Sort Code 30-99-83, BIC : LOYDGB21114 IBAN : GB52 LOYD 3099 8303 674675. UK residents can donate by text message, Text 70700, BSCE 35. Email : deol_bsc@hotmail.com. Contact : 07950 692 370 and 01922 448925

# ਡੇਰਾਵਾਦ ਵਿਰੁੱਧ ਲਾਮਬੰਦ ਹੋਣ ਦੀ ਲੋੜ

**ਦਰਅਸਲ ਸਾਡੇ ਦੇਸ ਦੀ ਭੋਲੀ ਭਾਲੀ ਜਨਤਾ ਇਨ੍ਹਾਂ ਪਾਖੰਡੀਆਂ ਦੇ ਰੰਗ ਰੂਪ, ਵੇਸਭੂਸ਼ਾ ਤੇ ਪਾਖੰਡੀ ਸਵਰੂਪ ਦੇ ਭਰਮ ਜਾਲ੍ਹਾਂ ਵਿੱਚ ਜਲਦੀ ਫਸ ਜਾਂਦੀ ਹੈ। ਬਾਕੀ ਰਹਿ ਗਈ ਕਸਰ ਸਾਡੇ ਸਿਆਸਤਦਾਨ ਇਹ ਕਹਿ ਕੇ ਪੂਰੀ ਕਰ ਦਿੰਦੇ ਹਨ ਕਿ ਬਾਬਾ ਜੀ ਦੇ ਦਰਸ਼ਨ ਕਰਕੇ ਬਹੁਤ ਸ਼ਾਂਤੀ ਮਿਲਦੀ ਹੈ ਤੇ ਬਾਬਾ ਜੀ ਬਹੁਤ ਪਹੁੰਚੀ ਹੋਈ ਹਸਤੀ ਹਨ। ਇਸ ਹੋਛੀ ਸਿਆਸੀ ਸ਼ਕਤੀ ਸਦਕਾ ਹੀ ਇਨ੍ਹਾਂ ਡੇਰਾਵਾਦੀਆਂ ਦੇ ਹੌਂਸਲੇ ਵਧੇ ਹੋਏ ਹਨ ਤੇ ਉਹ ਕੋਈ ਵੀ ਕਰਾਈਮ ਕਰਨ ਤੋਂ ਨਹੀਂ ਹਿਚਕਚਾਉਂਦੇ। ਇਹ ਵਿਵਸਥਾ ਸਮਾਜ ਦੇ ਵਿਕਾਸ ਤੇ ਲੋਕਤੰਤਰ ਪ੍ਰਬੰਧ ਲਈ ਘਾਤਕ ਹੈ। ਇਸ ਸੰਬੰਧ ਵਿੱਚ ਧਰਮ, ਜਾਤ ਤੋਂ ਉੱਪਰ ਉੱਠ ਕੇ ਜਾਗ੍ਰਿਤੀ ਲਹਿਰ ਚਲਾਉਣ ਦੀ ਲੋੜ ਹੈ ਤਾਂ ਜੋ ਧਰਮ ਦਾ ਅਮਲੀ ਰੂਪ ਪ੍ਰਗਟ ਹੋ ਸਕੇ ਤੇ ਸਮਾਜ ਪ੍ਰਗਤੀ ਦੀਆਂ ਲੀਹਾਂ ਵੱਲ ਜਾ ਸਕੇ।**



## ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

ਡੇਰਾਵਾਦ ਨੂੰ ਧਰਮ ਨਹੀਂ ਕਿਹਾ ਜਾ ਸਕਦਾ, ਧਰਮ ਦੀ ਜਿਹੜੀ ਪਰਿਭਾਸ਼ਾ ਬੁੱਧ, ਗੁਰਬਾਣੀ, ਸੂਫੀਵਾਦ, ਸਵਾਮੀ ਵਿਵੇਕਾਨੰਦ ਨੇ ਘੜੀ ਹੈ, ਉਸ ਕਸੌਟੀ 'ਤੇ ਡੇਰਾਵਾਦ ਦੀ ਕਰਮਕਾਂਡੀ



ਵਿਵਸਥਾ ਕਿਤੇ ਵੀ ਪੂਰੀ ਉਤਰਦੀ ਨਹੀਂ ਵਿਖਾਈ ਦਿੰਦੀ। ਬੁੱਧ ਨੇ ਧਰਮ ਨੂੰ ਅਸ਼ਟਾਂਮਿਕ ਮਾਰਗ ਨਾਲ ਜੋੜਿਆ ਹੈ, ਜਿਸ ਵਿੱਚ ਸਮਯਕ ਦ੍ਰਿਸ਼ਟੀ 'ਸਤਿ ਦ੍ਰਿਸ਼ਟੀ', ਸਮਯਕ ਸੰਕਲਪ 'ਸਤਿਭਾਵ', ਸਤਿ ਭਾਸ਼ਨ 'ਸਮਯਕ ਵਾਚਾ, ਸਤਿ ਵਿਹਾਰ 'ਸਮਯਕ ਕਰਾਮਾਤ', ਸਤਿ ਨਿਰਬਾਹ 'ਸਮਯਕ ਜੀਵਨ', ਸਤਿ ਪ੍ਰਯਤਨ 'ਸਮਯਕ ਵਯਸਾਮ' ਸਤਿ ਵਿਚਾਰ 'ਸਮਯਕ ਸਮ੍ਰਿਤੀ', ਸਤਿ ਧਿਆਨ 'ਸਮਯਕ ਸਮਾਧਿ' ਆ ਜਾਂਦੇ ਹਨ।

ਸੰਤ ਕਬੀਰ ਸਾਹਿਬ ਨੇ ਧਰਮ ਦੀ ਵਿਆਖਿਆ ਬਹੁਤ ਖ਼ੂਬਸੂਰਤ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧਰਮ ਦੀ ਵਿਵਸਥਾ ਉੱਥੇ ਹੋ ਸਕਦੀ ਹੈ, ਜਿੱਥੇ ਗਿਆਨ ਦਾ ਦੀਵਾ ਜਗਦਾ ਹੈ। ਜਿੱਥੇ ਝੂਠ ਹੈ, ਉੱਥੇ ਤਾਂ ਪਾਪ ਦਾ ਪਸਾਰਾ ਹੋਣਾ ਹੈ-

ਕਬੀਰਾ ਜਹਾ ਗਿਆਨ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ।
ਜਹਾ ਲੋਭੁ ਤਹੁ ਕਾਲੁ ਹੈ ਜਹਾ ਖਿਮਾ ਤਹ ਆਪਿ।
(ਪੰਨਾ 1372)

ਡੇਰਾਵਾਦ ਪ੍ਰੋਹਿਤਵਾਦੀ ਵਿਵਸਥਾ ਹੈ, ਜੋ ਕਿ ਮਾਇਆ, ਅੰਧ-ਵਿਸ਼ਵਾਸ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਰਹਿਤ ਨਹੀਂ ਹੋ ਸਕੀ। ਕਿਰਤ ਤੇ ਸੱਚ ਤੋਂ ਟੁੱਟੇ ਲੋਕ ਕਦੇ ਵੀ ਸੱਚ ਤੇ ਸੱਚ ਅਚਾਰ ਦੇ ਨੇੜੇ-ਤੇੜੇ ਵੀ ਨਹੀਂ ਖਲੋ ਸਕਦੇ। ਗੁਰੂ ਨਾਨਕ ਸਾਹਿਬ ਨੇ ਅਜਿਹੀ ਵਿਵਸਥਾ ਨੂੰ 'ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ' ਨਾਲ ਤੁਲਨਾ ਕੀਤੀ ਹੈ। ਲੋਕਤੰਤਰ ਲਈ ਖਤਰਾ-ਵੱਡੇ-ਵੱਡੇ ਡੇਰਿਆਂ ਵਾਲੇ ਸਾਧ-ਸੰਤ ਵੀ ਉਸ ਪੁਰੋਹਿਤਵਾਦੀ ਵਿਵਸਥਾ ਦੇ ਪ੍ਰਤੀਕ ਹਨ, ਜਿਸ ਤੋਂ ਬਿਹਤਰ ਵਿਚਾਰ ਤੇ ਵਿਵਹਾਰ ਦੀ ਆਸ ਨਹੀਂ ਕੀਤੀ ਜਾ ਸਕਦੀ। ਫਿਰ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਡੇਰਾਵਾਦੀ ਵਿਵਸਥਾ ਵਧੀਆ ਸਮਾਜ ਦੀ ਸਿਰਜਣਾ ਕਰ ਸਕਦੀ ਹੈ? ਸਮੁੱਚੀ ਡੇਰਾਵਾਦੀ ਵਿਵਸਥਾ ਦਾ ਆਧਾਰ ਕਿਰਤ ਨਾਲ ਨਹੀਂ, ਕਰਮਕਾਡਾਂ, ਮਾਇਆ ਤੇ ਪਦਾਰਥਵਾਦੀ ਵਸਤਾਂ ਨਾਲ ਜੁੜਿਆ ਹੋਇਆ ਹੈ। ਡੇਰਾਵਾਦ ਦੀਆਂ ਇਨ੍ਹਾਂ ਦੁਕਾਨਾਂ 'ਚ ਵਾਧੇ ਦਾ ਆਧਾਰ ਸਾਡੇ ਸਮਾਜ ਦੀ ਅਗਿਆਨਤਾ, ਅੰਧ-ਵਿਸ਼ਵਾਸ ਤੇ ਕਰਮ-ਕਾਂਡੀ ਹੋਣਾ ਹੈ। ਸਵਰਗ, ਨਰਕ ਤੇ ਭਵਜਲ ਵਿੱਚ ਉਲਝੇ ਲੋਕ ਹੀ ਡੇਰਾਵਾਦ ਵਿੱਚ ਇਜਾਫਾ ਕਰ ਰਹੇ ਹਨ। ਇਸੇ ਅੰਧ-ਵਿਸ਼ਵਾਸੀ ਬਿਰਤੀ ਕਾਰਣ ਡੇਰੇ ਤਾਕਤਵਰ ਹੋ ਰਹੇ ਹਨ ਅਤੇ ਸੱਤਾ, ਰਾਜਨੀਤੀ, ਮਾਫੀਆ, ਮੀਡੀਆ 'ਤੇ ਕੰਟਰੋਲ ਕਰਕੇ ਭਾਰਤ ਦੇ ਲੋਕਤੰਤਰ ਲਈ ਖ਼ਤਰਾ ਬਣੇ ਹੋਏ ਹਨ। ਇਸੇ ਮਾਇਆਵੀ ਹਵਸ ਵਿੱਚੋਂ ਕਤਲ, ਬਲਾਤਕਾਰ, ਸੈਕਸ ਸ਼ੋਸ਼ਣ ਘਟਨਾਵਾਂ ਪ੍ਰਗਟ ਹੋ ਕੇ ਮੀਡੀਏ ਦੀਆਂ ਸੁਰਖੀਆਂ ਬਣ ਰਹੀਆਂ ਹਨ। ਸੰਤ ਕਬੀਰ ਸਾਹਿਬ ਨੇ ਡੇਰਾਵਾਦ ਬਾਰੇ ਸੱਚ ਹੀ ਆਖਿਆ ਹੈ 'ਗਲੀਂ ਜਿਨ੍ਹਾਂ ਜਪ ਮਾਲੀਆਂ ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ ਨਾ ਆਖੀਅਹਿ ਬਨਾਰਸਿ ਕੇ ਠੱਗ॥'

ਡੇਰਾ ਮੁਖੀਆਂ ਦੀ ਵਿਲਾਸਮਈ ਜ਼ਿੰਦਗੀ-ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਇਨ੍ਹਾਂ ਸਾਧ-ਸੰਤਾਂ ਤੇ ਡੇਰਾਵਾਦੀਆਂ ਨੇ ਭਾਰਤ ਦੇ ਗ਼ਰੀਬ ਲੋਕਾਂ ਦੀ ਗ਼ਰੀਬੀ ਦੂਰ ਕਰਨ ਲਈ ਕੀ ਭੂਮਿਕਾ ਨਿਭਾਈ ਹੈ? ਕਰੋੜਾਂ ਰੁਪਏ ਡੇਰਿਆਂ ਵਿੱਚ ਚੜ੍ਹਾਵੇ ਦੇ ਰੂਪ ਵਿੱਚ ਚੜ੍ਹ ਰਹੇ ਹਨ, ਵਿਦੇਸ਼ਾਂ ਤੋਂ ਵੀ ਸ਼ਰਧਾਲੂ ਵੱਡੇ ਪੈਮਾਨੇ 'ਤੇ ਦਾਨ ਦੇ ਰਹੇ ਹਨ। ਪਰ ਕੀ ਇਹ ਦਾਨ ਭਾਰਤ ਦੇ ਸੁਚੱਜੇ ਨਿਰਮਾਣ, ਗ਼ਰੀਬ ਲੋਕਾਂ ਦੇ ਹਿੱਤ ਵਿੱਚ ਵਰਤਿਆ ਜਾ ਰਿਹਾ ਹੈ? ਬਿਲਕੁਲ ਨਹੀਂ। ਇਹ ਦਾਨ ਡੇਰਾ-ਮੁਖੀਆਂ ਦੀ ਲੋਭ ਬਿਰਤੀ ਵਿੱਚ ਵਾਧਾ ਕਰ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੀ ਐਸ਼ਪ੍ਰਸਤੀ ਵਿੱਚ ਇਜਾਫਾ ਹੋ ਰਿਹਾ ਹੈ। ਬਹੁਮੁੱਲੀਆਂ ਕਾਰਾਂ, ਹੈਲੀਕਾਪਟਰ, ਫਾਈਵ ਸਟਾਰ ਦੀ ਜ਼ਿੰਦਗੀ ਇਨ੍ਹਾਂ 'ਰੱਬ' ਵਰਗੇ ਡੇਰਾ ਮੁਖੀਆਂ ਦੇ ਜੀਵਨ ਦਾ ਹਿੱਸਾ ਹੈ।

ਭਾਵੇਂ ਕਿ ਡੇਰਾ ਮੁਖੀ ਸ਼ਰਧਾਲੂਆਂ ਨੂੰ ਕਥਾ ਰਾਹੀਂ ਹਦਾਇਤਾਂ ਦਿੰਦੇ ਹਨ ਕਿ ਮਾਇਆ ਸਰਪਣੀ ਹੈ, ਇਸ ਤੋਂ ਬਚ ਕੇ ਰਹੋ, ਤੁਹਾਨੂੰ ਡੱਸ ਲਵੇਗੀ। ਪਰ ਇਹ ਅਮਲ ਤੇ ਸਿਧਾਂਤ ਸ਼ਰਧਾਲੂਆਂ ਲਈ ਹਨ, ਸਾਧੂ-ਸੰਤ ਤਾਂ ਇਨ੍ਹਾਂ ਤੋਂ ਪਾਰ ਹਨ। ਪਰ ਭਾਰਤ ਦੇ ਆਵਾਮ ਦਾ ਮਨ ਏਨਾ ਨਾਕਾਰਾ ਹੋ ਚੁੱਕਾ ਹੈ, ਉਹ ਡੇਰਾਵਾਦ ਦੇ ਯਥਾਰਥ ਨੂੰ ਪਛਾਣਨ ਤੋਂ ਅਸਮਰਥ ਹੈ ਤੇ ਅੰਨ੍ਹੀ ਸ਼ਰਧਾ ਦੇ ਵਹਿਣ ਵਿੱਚ ਉਨ੍ਹਾਂ ਨੂੰ ਰੱਬ ਤੇ ਉਨ੍ਹਾਂ ਦੇ ਬੋਲਾਂ ਨੂੰ 'ਰੱਬੀ ਹੁਕਮ' ਸਮਝ ਕੇ ਆਪਣਾ ਸ਼ੋਸ਼ਣ ਕਰਵਾ ਰਿਹਾ ਹੈ। ਇਸੇ ਅੰਧ-ਵਿਸ਼ਵਾਸ ਕਾਰਨ ਸਕੂਲਾਂ, ਹਸਪਤਾਲਾਂ ਤੋਂ ਡੇਰਿਆਂ ਦੀ ਗਿਣਤੀ ਜ਼ਿਆਦਾ ਹੈ। ਦੇਸ ਵਿੱਚ ਗ਼ਰੀਬਾਂ ਦੇ ਰਹਿਣ ਲਈ ਛੱਤ ਨਹੀਂ, ਪੀਣ ਲਈ ਸਾਫ਼ ਪਾਣੀ ਨਹੀਂ, ਇੱਥੋਂ ਤੱਕ ਸ਼ੌਚ ਜਾਣ ਲਈ ਉੱਚਿਤ ਪ੍ਰਬੰਧ ਨਹੀਂ, ਪਰ ਅਰਬਾਂ ਰੁਪਏ ਚੜ੍ਹਾਵੇ ਦੇ ਰੂਪ ਵਿੱਚ ਡੇਰਿਆਂ ਅੱਗੇ ਚੜ੍ਹ ਰਹੇ ਹਨ। ਅੱਜ ਧਰਮ, ਅਧਿਆਤਮ, ਭਗਵਾਨ, ਭਗਤੀ, ਪਰਲੋਕ ਤੇ ਭਵਿੱਖ ਸੁਧਾਰ, ਜਨਮ ਸਫਲਾ ਕਰਨ ਦੇ ਚੋਲੇ ਵਿੱਚ ਏਨੇ ਡੇਰਾਵਾਦੀ ਸਰਗਰਮ ਹਨ ਕਿ ਇਨ੍ਹਾਂ ਦੀ ਭਾਰਤ ਵਿੱਚ ਸਾਰੇ ਸੰਸਾਰ ਤੋਂ ਵੱਧ ਗਿਣਤੀ ਹੈ। ਬਾਬਾ ਸਾਹਿਬ ਅੰਬੇਡਕਰ 'ਜਾਤਪਾਤ ਦਾ ਬੀਜਨਾਸ਼' ਪੁਸਤਕ ਵਿੱਚ ਡੇਰਾਵਾਦ ਬਾਰੇ ਆਖਦੇ ਹਨ ਕਿ ਸੰਤਾਂ ਨੇ ਕਦੇ ਜਾਤ-ਪਾਤ ਤੇ ਛੂਤ-ਛਾਤ ਵਿਰੁੱਧ ਮੁਹਿੰਮ ਨਹੀਂ ਚਲਾਈ। ਇਨਸਾਨ ਵਿਚਾਲੇ ਸੰਘਰਸ਼ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਨੂੰ ਤਾਂ ਕੇਵਲ ਇਨਸਾਨ ਤੋਂ ਪਰਮਾਤਮਾ ਵਿਚਕਾਰ ਸੰਬੰਧਾਂ ਦੀ ਫਿਕਰ ਸੀ। ਉਨ੍ਹਾਂ ਨੇ ਸਿੱਖਿਆ ਨਹੀਂ ਦਿੱਤੀ ਕਿ ਸਾਰੇ ਇਨਸਾਨ ਬਰਾਬਰ ਹਨ।

ਅੰਬੇਡਕਰ ਦੇ ਵਿਚਾਰਾਂ ਤੋਂ ਪਰਤੱਖ ਹੈ ਕਿ ਡੇਰਾਵਾਦ ਸਾਮਾਜਿਕ ਸਮੱਸਿਆਵਾਂ ਦੇ ਹੱਲ ਲਈ ਯਤਨ ਨਹੀਂ ਕਰਦਾ, ਉਸ ਦਾ ਮਨੋਰਥ ਜਾਹਲੀ ਰੂਹਾਨੀ ਅਨੰਦ ਦਾ ਪ੍ਰਚਾਰ ਕਰਕੇ ਆਪਣਾ ਵਿਕਾਸ ਕਰਨਾ ਹੈ, ਸਮਾਜ ਦੇ ਵਿਕਾਸ ਨਾਲ ਉਸ ਦਾ ਸੰਬੰਧ ਨਹੀਂ।

ਡੇਰਾਵਾਦ ਦਾ ਬਿਜਨਿਸ-ਸੰਸਾਰੀਕਰਨ ਵਿੱਚ ਕੋਆਪਰੇਟ ਜਗਤ ਜਿਵੇਂ ਇਸਤਰੀ ਦੇਹ ਦਾ ਇਸਤੇਮਾਲ ਕਰਕੇ ਆਪਣਾ ਵਪਾਰ ਵਧਾ ਰਿਹਾ ਹੈ, ਉਸੇ ਤਰ੍ਹਾਂ ਡੇਰਾਵਾਦੀ ਪਰੰਪਰਾ ਵੀ ਸੁੰਦਰ ਇਸਤਰੀਆਂ ਤੇ ਭਗਤਣੀਆਂ ਦਾ ਇਸਤੇਮਾਲ ਕਰਕੇ ਸਵਰਗ, ਮੋਕਸ਼ ਤੇ ਅਨੰਦ ਦਾ ਸਾਮਾਨ ਵੇਚ ਰਹੀ ਹੈ ਤੇ ਆਪਣੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਵਾਧਾ ਕਰ ਰਹੀ ਹੈ। ਵਿਕਾਊ ਮੀਡੀਆ ਨੇ ਵੀ ਮੁਨਾਫ਼ੇ ਲਈ ਇਨ੍ਹਾਂ ਬਾਬਿਆਂ ਨੂੰ ਆਪਣਾ ਪਖੰਡ ਵੇਚਣ ਲਈ ਥਾਂ ਦਿੱਤੀ ਹੈ। ਇਹ ਮੀਡੀਆ ਰੰਗ-ਬਰੰਗੇ ਬਾਬਿਆਂ ਨੂੰ ਵਿਖਾ ਕੇ ਲੋਕਾਂ ਦੇ ਅੰਧ-ਵਿਸ਼ਵਾਸਾਂ ਤੇ ਅਗਿਆਨਤਾ ਵਿੱਚ ਵਾਧਾ ਕਰ ਰਿਹਾ ਹੈ। ਜਿੰਨ੍ਹਾ ਚਿਰ ਤੱਕ ਮੀਡੀਆ ਤਰਕਵਾਦੀ ਤੇ ਸੱਚ ਦੇ ਆਧਾਰ 'ਤੇ ਪ੍ਰਚਾਰਿਤ ਤੇ ਪ੍ਰਸਾਰਿਤ ਨਹੀਂ ਹੁੰਦਾ, ਓਨਾ ਚਿਰ ਤੱਕ ਭਾਰਤ ਦੇ ਲੋਕ ਇਸ ਡੇਰਾਵਾਦੀ ਖਲਜਗਨ ਵਿੱਚ ਫਸ ਕੇ ਆਪਣਾ ਸ਼ੋਸ਼ਣ ਕਰਵਾਉਂਦੇ ਰਹਿਣਗੇ।

ਸਿਆਸਤਦਾਨਾਂ ਨਾਲ ਨਾਪਾਕ ਗੱਠਜੋੜ-ਅੱਜ ਦੇਸ ਸਿਆਸਤਦਾਨਾਂ ਤੇ ਡੇਰਾਵਾਦੀਆਂ ਦੇ ਨਾਪਾਕ ਗੱਠਜੋੜ ਕਾਰਨ ਚੌਰਾਹੇ 'ਤੇ ਖੜ੍ਹਾ ਹੈ। ਸਾਡੀ ਆਜ਼ਾਦੀ, ਸਾਡੀ ਪ੍ਰਭੂਸੱਤਾ ਤੇ ਸਾਡਾ ਲੋਕਤੰਤਰ ਸੂਲੀ 'ਤੇ ਟੰਗਿਆ ਦਿਸ ਰਿਹਾ ਹੈ। ਇਹ ਵਰਤਾਰਾ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਵੱਧ ਖਤਰਨਾਕ ਦਿਖਾਈ ਦੇ ਰਿਹਾ ਹੈ। ਦੇਸ਼ਭਗਤੀ ਦਾ ਮਤਲਬ ਪਾਕਿਸਤਾਨ ਤੇ ਸਾਮਰਾਜਵਾਦੀ ਸ਼ਕਤੀਆਂ ਨੂੰ ਗਾਲ੍ਹਾਂ ਕੱਢਣ ਤੱਕ ਸੀਮਤ ਕਰ ਦਿੱਤਾ ਗਿਆ ਹੈ। ਅੱਤਵਾਦ ਨੂੰ ਨੱਪਣ ਲਈ ਗਰਮੋ-ਗਰਮ ਨਾਅਰੇ ਲਗਾ ਕੇ ਸੱਤਾਧਾਰੀਆਂ ਵੱਲੋਂ ਕਾਲਾ ਧਨ, ਭ੍ਰਿਸ਼ਟਾਚਾਰ ਫੈਲਾਇਆ ਜਾ ਰਿਹਾ ਹੈ। ਸਿਆਸਤ ਧਰਮ ਨਹੀਂ, ਬਿਜਨਸ ਬਣ ਕੇ ਰਹਿ ਗਈ ਹੈ। ਸੋ ਇਨ੍ਹਾਂ ਸੰਤਾਂ ਦਾ ਵੀ ਸਾਡੇ ਸਮਾਜ ਦੇ ਸੁਧਾਰ ਵਿੱਚ ਕੋਈ ਪ੍ਰਭਾਵ ਨਹੀਂ ਪੈ ਰਿਹਾ। ਲੱਗਭੱਗ ਹਰੇਕ ਚੈਨਲ 'ਤੇ ਸੰਤਾਂ ਦੇ ਪ੍ਰਵਚਨ ਚੱਲ ਰਹੇ ਹਨ, ਥਾਂ-ਥਾਂ 'ਤੇ ਉਨ੍ਹਾਂ ਦੇ ਸਮਾਗਮ ਹੋ ਰਹੇ ਹਨ। ਪਰ ਕਰਾਈਮ, ਦੁਰਾਚਾਰ, ਭ੍ਰਿਸ਼ਟਾਚਾਰ ਬਿਲਕੁਲ ਨਹੀਂ ਘਟਿਆ, ਕਿਉਂਕਿ ਇਹ ਸਾਧ-ਸੰਤ ਨੈਤਿਕ ਇਨਸਾਨ ਨਹੀਂ, ਇੱਕ ਚੰਗੇ ਵਿਉਪਾਰੀ ਹਨ।

ਜੇਕਰ ਇਨ੍ਹਾਂ ਨੇ ਸਕੂਲ, ਕਾਲਜ, ਹਸਪਤਾਲ ਖੋਲ੍ਹੇ ਹਨ, ਤਾਂ ਇਹ ਇਨ੍ਹਾਂ ਦਾ ਵਿਉਪਾਰ ਹੈ। ਇਨ੍ਹਾਂ ਦੇ ਸਕੂਲਾਂ, ਹਸਪਤਾਲਾਂ ਦੀਆਂ ਫੀਸਾਂ ਵੀ ਬਹੁਤ ਜ਼ਿਆਦਾ ਹੁੰਦੀਆਂ, ਪਰ ਇਨ੍ਹਾਂ ਵਿੱਚ ਕਾਰਜ ਕਰਨ ਵਾਲਿਆਂ ਨੂੰ ਪੂਰਾ ਵੇਤਨ ਨਹੀਂ ਦਿੱਤਾ ਜਾਂਦਾ, ਨਾ-ਮਾਤਰ ਮਿਹਨਤਾਨਾ ਦਿੱਤਾ ਜਾਂਦਾ ਹੈ। ਇਹ ਸ਼ੋਸ਼ਣ 'ਧਰਮ' ਦੇ ਨਾਮ 'ਤੇ ਇਹ ਕਹਿ ਕੇ ਕੀਤਾ ਜਾਂਦਾ ਹੈ ਕਿ ਡੇਰਾ ਤਾਂ ਧਰਮ ਤੇ ਸਮਾਜ ਦੀ ਸੇਵਾ ਕਰ ਰਿਹਾ ਹੈ। ਇਹ 'ਮਹਾਂਪੁਰਖ' ਕਾਰਪੋਰੇਟ ਜਗਤ ਦਾ ਹਿੱਸਾ ਬਣ ਚੁੱਕੇ ਡੇਰੇ, ਸ਼ਾਪਿੰਗ ਕੰਪਲੈਕਸ, ਡੇਅਰੀ ਉਦਯੋਗ ਆਯੂਰਵੈਦਿਕ ਦਵਾਈਆਂ, ਹਸਪਤਾਲ ਤੇ ਹੋਰ ਖੇਤੀਬਾੜੀ ਉਦਯੋਗ ਚਲਾ ਰਹੇ ਹਨ। ਇਨ੍ਹਾਂ ਦੇ ਉਤਪਾਦਨ ਵਿੱਚ ਨਾਮਾਤਰ ਖ਼ਰਚਾ ਆਉਂਦਾ, ਪਰ ਇਸ ਨੂੰ ਬਾਜ਼ਾਰ ਵਿੱਚ ਬਹੁਤ ਜ਼ਿਆਦਾ ਕੀਮਤ 'ਤੇ ਵੇਚਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਭਗਤ ਜਨ, ਧਰਮ ਸੇਵਾ ਦੇ ਨਾਮ 'ਤੇ ਬਿਨਾਂ ਕੁਝ ਵੇਤਨ ਲੈ ਕੇ ਕੰਮ ਕਰਦੇ ਹਨ ਅਤੇ ਸ਼ਰਧਾਲੂ ਭਗਤੀ ਭਾਵ ਦੇ ਕਾਰਨ ਉਨ੍ਹਾਂ ਨੂੰ ਉੱਚੇ ਮੁੱਲ 'ਤੇ ਖ਼ਰੀਦ ਰਹੇ ਹਨ।

ਮਾਰਕਸ ਨੇ ਮਨੁੱਖ ਨੂੰ ਅਜਿਹੇ ਅਡੰਬਰ ਤੇ ਅੰਧ-ਵਿਸ਼ਵਾਸ ਤੋਂ ਮੁਕਤ ਹੋ ਕੇ ਵਿਗਿਆਨਕ ਚੇਤਨਾ ਅਪਨਾਉਣ ਦੀ ਪ੍ਰੇਰਣਾ ਦਿੱਤੀ ਹੈ। ਉਹ ਆਪਣੀ ਅਹਿਮ ਦਾਰਸ਼ਨਿਕ ਪੁਸਤਕ 'ਜਰਮਨ ਵਿਚਾਰਧਾਰਾ' ਵਿੱਚ ਆਖਦਾ ਹੈ, "ਹੁਣ ਤੱਕ ਮਨੁੱਖ ਆਪਣੇ ਬਾਰੇ, ਉਹ ਕੀ ਹਨ ਤੇ ਕੀ ਹੋਣੇ ਚਾਹੀਦੇ ਹਨ, ਬਾਰੇ ਹਮੇਸ਼ਾ ਗਲਤ ਵਿਚਾਰ ਬਣਾਉਂਦੇ ਰਹੇ ਹਨ। ਉਹ ਆਪਣੇ ਸਾਰੇ ਰਿਸ਼ਤੇ, ਰੱਬ ਤੇ ਆਮ ਮਨੁੱਖਾਂ ਬਾਰੇ ਬਣੇ ਆਪਣੇ ਵਿਚਾਰਾਂ ਅਨੁਸਾਰ ਤਹਿ ਕਰਦੇ ਹਨ। ਉਨ੍ਹਾਂ ਦੇ ਦਿਮਾਗ ਦੀ ਉਪਜ ਉਨ੍ਹਾਂ ਦੇ ਹੱਥਾਂ ਵਿਚੋਂ ਕਿਰ ਜਾਂਦੀ ਰਹੀ ਹੈ। ਉਹ ਜਿਹੜੇ ਸਿਰਜਕ ਹਨ, ਆਪਣੀ ਹੀ ਸਿਰਜਣਾ ਅੱਗੇ ਮੱਥੇ ਰਗੜਦੇ ਹਨ। ਆਓ! ਅਸੀਂ ਉਨ੍ਹਾਂ ਨੂੰ, ਵਿਚਾਰਾਂ ਦੀ ਇਸ ਨਿਰੋਲ ਕਲਪਨਾ, ਅੰਧ-ਵਿਸ਼ਵਾਸਾਂ ਤੇ ਕਾਲਪਨਿਕ ਹੋਂਦਾਂ, ਜਿਨ੍ਹਾਂ ਦੇ ਜੂਲੇ ਹੇਠ ਪਿੱਸ ਰਹੇ ਹਨ, ਤੋਂ ਮੁਕਤ ਕਰਵਾਈਏ। ਆਓ! ਅਸੀਂ ਸੰਕਲਪਾ ਦੇ ਇਸ ਰਾਜ ਵਿਰੁੱਧ ਬਗਾਵਤ ਕਰੀਏ।"

(Marx-Engels "The German Ideology, Progress Publication, Moscow, Page 29)

ਸੋ ਸਪੱਸ਼ਟ ਹੈ ਕਿ ਡੇਰਾਵਾਦੀ ਪਰੰਪਰਾ ਦਾ ਧਰਮ ਨਾਲ ਉਕਾ ਵਾਸਤਾ ਨਹੀਂ ਹੈ, ਇਹ ਭਾਰਤੀ ਮਨੁੱਖ ਦੇ ਅੰਧ-ਵਿਸ਼ਵਾਸ ਤੇ ਖਪਤਕਾਰੀ ਸੱਭਿਅਤਾ ਦੀ ਉਪਜ ਹੈ ਜੋ ਕਿ 'ਧਰਮ' ਦਾ ਰੂਪ ਧਾਰਨ ਕਰਕੇ ਭਾਰਤੀ ਸਮਾਜ ਦਾ ਸ਼ੋਸ਼ਣ ਕਰ ਰਹੀ ਹੈ, ਜਿਸ ਵਿਚੋਂ ਹਰੇਕ ਤਰ੍ਹਾਂ ਦਾ ਸ਼ੋਸ਼ਣ, ਅਡੰਬਰ, ਕਰਮਕਾਡਾਂ, ਅੰਧ-ਵਿਸ਼ਵਾਸ ਪੈਦਾ ਹੋ ਰਹੇ ਹਨ, ਜਿਸ ਦਾ ਵਿਗਿਆਨਕ ਯੁੱਗ ਨਾਲ ਦੂਰ ਦਾ ਵਾਸਤਾ ਨਹੀਂ। ਦਰਅਸਲ ਸਾਡੇ ਦੇਸ ਦੀ ਭੋਲੀ ਭਾਲੀ ਜਨਤਾ ਇਨ੍ਹਾਂ ਪਾਖੰਡੀਆਂ ਦੇ ਰੰਗ ਰੂਪ, ਵੇਸਭੂਸ਼ਾ ਤੇ ਪਾਖੰਡੀ ਸਵਰੂਪ ਦੇ ਭਰਮ ਜਾਲ੍ਹਾਂ ਵਿੱਚ ਜਲਦੀ ਫਸ ਜਾਂਦੀ ਹੈ। ਬਾਕੀ ਰਹਿ ਗਈ ਕਸਰ ਸਾਡੇ ਸਿਆਸਤਦਾਨ ਇਹ ਕਹਿ ਕੇ ਪੂਰੀ ਕਰ ਦਿੰਦੇ ਹਨ ਕਿ ਬਾਬਾ ਜੀ ਦੇ ਦਰਸ਼ਨ ਕਰਕੇ ਬਹੁਤ ਸ਼ਾਂਤੀ ਮਿਲਦੀ ਹੈ ਤੇ ਬਾਬਾ ਜੀ ਬਹੁਤ ਪਹੁੰਚੀ ਹੋਈ ਹਸਤੀ ਹਨ। ਇਸ ਹੋਛੀ ਸਿਆਸੀ ਸ਼ਕਤੀ ਸਦਕਾ ਹੀ ਇਨ੍ਹਾਂ ਡੇਰਾਵਾਦੀਆਂ ਦੇ ਹੌਂਸਲੇ ਵਧੇ ਹੋਏ ਹਨ ਤੇ ਉਹ ਕੋਈ ਵੀ ਕਰਾਈਮ ਕਰਨ ਤੋਂ ਨਹੀਂ ਹਿਚਕਚਾਉਂਦੇ। ਇਹ ਵਿਵਸਥਾ ਸਮਾਜ ਦੇ ਵਿਕਾਸ ਤੇ ਲੋਕਤੰਤਰ ਪ੍ਰਬੰਧ ਲਈ ਘਾਤਕ ਹੈ। ਇਸ ਸੰਬੰਧ ਵਿੱਚ ਧਰਮ, ਜਾਤ ਤੋਂ ਉੱਪਰ ਉੱਠ ਕੇ ਜਾਗ੍ਰਿਤੀ ਲਹਿਰ ਚਲਾਉਣ ਦੀ ਲੋੜ ਹੈ ਤਾਂ ਜੋ ਧਰਮ ਦਾ ਅਮਲੀ ਰੂਪ ਪ੍ਰਗਟ ਹੋ ਸਕੇ ਤੇ ਸਮਾਜ ਪ੍ਰਗਤੀ ਦੀਆਂ ਲੀਹਾਂ ਵੱਲ ਜਾ ਸਕੇ।

# ਜੇਲ੍ਹ ਤੋਂ ਸੌਦਾ ਸਾਧ ਦੇ ਪ੍ਰਵਚਨ ਪ੍ਰਸਾਰਣ ਦੀ ਮੰਗ ਰੱਦ

### *ਹਾਈਕੋਰਟ ਦੀ ਟਿੱਪਣੀ ਪੰਚਕੂਲਾ 'ਚ ਦੇਖਿਆ, ਡੇਰਾ ਸਮੱਰਥਕ ਕਿੰਨੇ ਕੁ ਸ਼ਾਂਤੀ ਪਸੰਦ*

**ਚੰਡੀਗੜ੍ਹ/ਬਿਊਰੋ ਨਿਊਜ਼:** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੇ ਚੇਲਿਆਂ ਨੂੰ ਵੱਡਾ ਝਟਕਾ ਦਿੰਦੇ ਹੋਏ ਪੰਜਾਬ-ਹਰਿਆਣਾ ਹਾਈ ਕੋਰਟ ਨੇ ਡੇਰਾ ਦੇ ਸਾਬਕਾ ਮੁਖੀ ਸ਼ਾਹ ਸਤਨਾਮ ਸਿੰਘ ਦੇ ਜਨਮ ਦਿਵਸ 25 ਜਨਵਰੀ ਨੂੰ ਰਾਮ ਰਹੀਮ ਦੇ ਜੇਲ੍ਹ ਤੋਂ ਕੀਤੇ ਜਾਣ ਵਾਲੇ ਪ੍ਰਵਚਨ ਦੇ ਪ੍ਰਸਾਰਣ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਕੋਰਟ ਦੇ ਸਾਹਮਣੇ ਦਲੀਲ ਦਿੱਤੀ ਗਈ ਸੀ ਕਿ ਡੇਰੇ ਦੇ ਸਮੱਰਥਕ ਸਾਮਾਜਿਕ ਕਾਰਜਾਂ ਵਿਚ ਰਹਿੰਦੇ ਹਨ ਤੇ ਸੌਦਾ ਸਾਧ ਤੋਂ ਉਨ੍ਹਾਂ ਨੂੰ ਪ੍ਰੇਰਣਾ ਮਿਲਦੀ ਹੈ। ਇਸੇ ਦੌਰਾਨ ਕਿਹਾ ਗਿਆ ਹੈ ਕਿ ਡੇਰਾ ਸਮੱਰਥਕ ਸ਼ਾਂਤੀਪ੍ਰੇਮੀ ਹਨ, ਜਿਸ 'ਤੇ ਹਾਈ ਕੋਰਟ ਨੇ ਕਿਹਾ ਕਿ ਉਹ ਕਿੰਨੇ ਕੁ ਸ਼ਾਂਤੀ ਪਸੰਦ ਹਨ, ਇਹ ਉਨ੍ਹਾਂ ਨੇ ਪੰਚਕੂਲਾ ਵਿਖੇ ਦੇਖ ਲਿਆ ਸੀ। ਅਜਿਹਾ ਲੱਗਦਾ ਹੈ ਕਿ ਪੰਚਕੂਲਾ ਵਿਚ ਜੋ ਕੁਝ ਹੋਇਆ, ਪਟੀਸ਼ਨਰ ਨੂੰ ਭੁੱਲ ਗਿਆ ਹੈ। ਮਾਲਵਾ ਇੰਸਾਂ ਫਾਲੋਅਰਸ ਡੇਰਾ ਸੱਚਾ ਸੌਦਾ ਐਸੋਸੀਏਸ਼ਨ ਬਠਿੰਡਾ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਹੈ। ਇਸ ਵਾਰ ਹੁਣ ਸ਼ਾਹ ਸਤਨਾਮ ਦੇ ਜਨਮ ਦਿਨ 'ਤੇ ਅਜਿਹਾ



ਹੀ ਕਰਨ ਦੀ ਯੋਜਨਾ ਬਣਾਈ ਗਈ ਹੈ। ਸਮੱਰਥਕਾਂ ਲਈ ਗੁਰੂ ਦੀ ਮਹਿਮਾ ਕਿੰਨੀ ਅਹਿਮ ਹੈ, ਇਹ ਦੱਸਦੇ ਹੋਏ 25 ਜਨਵਰੀ ਨੂੰ ਉਨ੍ਹਾਂ ਦਾ ਪ੍ਰਵਚਨ ਜੇਲ੍ਹ ਤੋਂ ਪ੍ਰਸਾਰਿਤ ਕਰਨ ਦੀ ਆਗਿਆ ਦਿੱਤੇ ਜਾਣ ਦੀ ਅਪੀਲ ਕੀਤੀ ਗਈ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸੰਵਿਧਾਨਕ ਅਧਿਕਾਰਾਂ ਦੇ ਤਹਿਤ ਇਹ ਮੰਗ ਕੀਤੀ ਜਾ ਰਹੀ ਹੈ ਤੇ ਨਾਲ ਹੀ ਸਮਾਜ ਦੇ ਹਿੱਤ ਵਿਚ ਇਹ ਮੰਗ ਕੀਤੀ ਜਾ ਰਹੀ ਹੈ। ਪਰ ਹਾਈਕੋਰਟ ਦੇ ਸਖ਼ਤ ਸਟੈਂਡ ਕਾਰਨ ਬਾਬੇ ਦੇ ਚੇਲਿਆਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

# 'ਛਤਰਪਤੀ ਹੱਤਿਆ ਕਾਂਡ ਮਾਮਲੇ 'ਚ ਗਵਾਹੀ ਰਿਕਾਰਡ ਕਰਾਈ ਜਾਵੇ'

**ਚੰਡੀਗੜ੍ਹ/ਬਿਊਰੋ ਨਿਊਜ਼:** ਛਤਰਪਤੀ ਹੱਤਿਆ ਕਾਂਡ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਦੀ ਗਵਾਹੀ ਦਰਜ ਕਰਨ ਦੀ ਅਰਜ਼ੀ ਸੀਬੀਆਈ ਕੋਰਟ ਵੱਲੋਂ ਰੱਦ ਕਰਨ 'ਤੇ ਪੰਜਾਬ-ਹਰਿਆਣਾ ਹਾਈ ਕੋਰਟ ਨੇ ਸੀਬੀਆਈ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਖੱਟਾ ਸਿੰਘ ਨੇ ਪਟੀਸ਼ਨ ਦਾਖਲ ਕਰਦੇ ਹੋਏ ਕਿਹਾ ਕਿ ਉਹ ਰਣਜੀਤ ਸਿੰਘ ਤੇ ਪੱਤਰਕਾਰ ਛਤਰਪਤੀ ਦੀ ਹੱਤਿਆ ਦੇ ਸਮੇਂ ਡੇਰੇ ਵਿਚ ਮੌਜੂਦ ਸੀ। ਉਸ ਦੌਰਾਨ ਹੀ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਸੀ ਤੇ ਉਸ ਦੌਰਾਨ ਉਸ ਨੇ ਆਪਣੇ ਬਿਆਨ ਵੀ ਦਰਜ ਕਰਵਾਏ ਸਨ। ਬਾਅਦ ਵਿਚ ਡਰ ਤੇ ਦਬਾਅ ਕਾਰਨ ਉਸ ਨੂੰ ਬਿਆਨ ਬਦਲਣ ਪਏ, ਕਿਉਂਕਿ ਡੇਰਾ ਬਹੁਤ ਸ਼ਕਤੀਸ਼ਾਲੀ ਸੀ ਤੇ ਉਸ ਦੇ ਅੰਨ੍ਹੇ ਭਗਤ ਕੁਝ ਵੀ ਕਰਨ ਲਈ ਤਿਆਰ ਸਨ। ਸਰਕਾਰਾਂ ਦਾ ਡੇਰੇ ਨੂੰ ਪੂਰਾ ਸਮੱਰਥਨ ਪ੍ਰਾਪਤ ਸੀ। ਹੁਣ ਸਾਧਵੀ ਸੈਕਸ ਸ਼ੋਸ਼ਣ ਮਾਮਲੇ ਵਿਚ ਸੌਦਾ ਸਾਧ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ ਤੇ ਪਟੀਸ਼ਨਕਰਤਾ ਨੂੰ ਕੋਈ ਡਰ ਨਹੀਂ। ਅਜਿਹੇ ਵਿਚ ਉਹ ਇਸ ਮਾਮਲੇ ਵਿਚ ਗਵਾਹੀ ਦੇਣਾ ਚਾਹੁੰਦਾ ਹੈ, ਕਿਉਂਕਿ ਉਸ ਦੀ ਗਵਾਹੀ ਬੇਹੱਦ ਅਹਿਮ ਹੈ। ਪੰਚਕੂਲਾ ਦੀ ਸੀ. ਬੀ. ਆਈ. ਅਦਾਲਤ ਦੇ ਸਾਹਮਣੇ ਵੀ ਉਸ ਨੇ ਅਰਜ਼ੀ ਦਾਖਲ ਕਰਕੇ ਗਵਾਹੀ ਰਿਕਾਰਡ ਕਰਨ ਦੀ ਅਪੀਲ ਕੀਤੀ ਸੀ। ਸੀ. ਬੀ. ਆਈ. ਕੋਰਟ ਨੇ ਉਨ੍ਹਾਂ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ, ਜੋ ਪੂਰੀ ਤਰ੍ਹਾਂ ਨਾਲ ਗਲਤ ਹੈ।



# ਮਨਜਿੰਦਰ ਸਿਰਸਾ ਆਰ ਐਸ ਐਸ ਦੀ ਬੋਲੀ ਬੋਲਿਆ

## ਅਖੇ ਟੀਪੂ ਸੁਲਤਾਨ ਨਾ ਤਾਂ ਦੇਸਭਗਤ ਸੀ ਤੇ ਨਾ ਹੀ ਧਰਮ ਨਿਰਪੱਖ : ਸਿਰਸਾ

**ਜਲੰਧਰ/ਬਿਊਰੋ ਨਿਊਜ਼:** ਅਕਾਲੀ ਦਲ (ਬਾਦਲ) ਦੇ ਦਿੱਲੀ ਵਿਚਲੇ ਸੀਨੀਅਰ ਆਗੂ ਦਿੱਲੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ 'ਆਪ' ਸਰਕਾਰ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਟੀਪੂ ਸੁਲਤਾਨ ਦੀ ਤਸਵੀਰ ਲਾਏ ਜਾਣ ਦੇ ਫ਼ੈਸਲੇ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਕਿ ਟੀਪੂ ਸੁਲਤਾਨ ਨਾ ਤਾਂ ਦੇਸ ਭਗਤ ਸੀ ਤੇ ਨਾ ਹੀ ਧਰਮ ਨਿਰਪੱਖ ਸੀ, ਸਗੋਂ ਉਹ ਜਾਬਰ ਸ਼ਾਸਕ ਸੀ, ਜਿਸ ਨੇ ਲੱਖਾਂ ਲੋਕਾਂ ਨੂੰ ਜਬਰੀ ਇਸਲਾਮ ਧਾਰਨ ਕਰਵਾਇਆ। ਉਨ੍ਹਾਂ ਕਿਹਾ ਕਿ ਟੀਪੂ ਸੁਲਤਾਨ ਨੇ ਖ਼ੁਦ ਇਹ ਪ੍ਰਵਾਨ ਕੀਤਾ ਸੀ ਕਿ ਉਸ ਨੇ 4 ਲੱਖ ਹਿੰਦੂਆਂ ਤੇ ਈਸਾਈਆਂ ਨੂੰ ਮੁਸਲਿਮ ਬਣਾਇਆ ਹੈ ਤੇ ਕਈ ਇਤਿਹਾਸਕ ਸ਼ਹਿਰਾਂ ਤੇ ਪਿੰਡਾਂ ਦੇ ਨਾਂ ਤਬਦੀਲ ਕਰਵਾ ਕੇ ਮੁਸਲਿਮ ਨਾਂ ਰਖਵਾਏ।

ਉਨ੍ਹਾਂ ਨੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਵਿਧਾਨ ਸਭਾ ਵਿਚੋਂ ਟੀਪੂ ਸੁਲਤਾਨ ਦੀ ਤਸਵੀਰ ਤੁਰੰਤ ਹਟਾਏ ਜਾਣ ਦੇ ਹੁਕਮ ਜਾਰੀ ਕਰਨ ਨਹੀਂ ਤਾਂ ਉਹ ਜਬਰੀ ਇਸ ਨੂੰ ਹਟਾਉਣ ਲਈ ਮਜਬੂਰ ਹੋਣਗੇ।





### ਸਿਰਸਾ ਆਰ ਐਸ ਐਸ ਦਾ ਏਜੰਟ-ਸਰਨਾ

ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਿੱਲੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਵੱਲੋਂ ਟੀਪੂ ਸੁਲਤਾਨ ਬਾਰੇ ਦਿੱਤੇ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਨੂੰ ਖ਼ਤਰਨਾਕ ਸਾਜ਼ਿਸ਼ ਅਧੀਨ ਘੱਟ ਗਿਣਤੀਆਂ ਦੇ ਲੋਕਾਂ ਨੂੰ ਇੱਕ-ਦੂਜੇ ਦਾ ਦੁਸ਼ਮਣ ਬਣਾਉਣ ਦੇ ਮਕਸਦ ਅਤੇ ਆਰ. ਐੱਸ. ਐੱਸ. ਦੇ ਏਜੰਡੇ ਅਧੀਨ ਮੁਲਕ ਵਿਚ ਅਰਾਜਕਤਾ ਫੈਲਾਉਣ ਵਾਲਾ ਕਰਾਰ ਦਿੱਤਾ । ਉਨ੍ਹਾਂ ਦੋਸ਼ ਲਾਇਆ ਕਿ ਸਿਰਸਾ ਓਹੀ ਬੋਲੀ ਬੋਲਦਾ ਹੈ, ਜੋ ਨਾਗਪੁਰ ਬੈਠੇ ਉਸ ਦੇ ਆਕਾ ਉਸ ਨੂੰ ਬੋਲਣ ਲਈ ਹੁਕਮ ਦਿੰਦੇ ਹਨ।

# ਤਿਰੰਗਾ ਯਾਤਰਾ ਦੀ ਆੜ ਵਿੱਚ ਭਗਵੇਂਵਾਦੀਆਂ ਵਲੋਂ ਗੁੰਡਾਗਰਦੀ

**ਲਖਨਊ/ਬਿਊਰੋ ਨਿਊਜ਼**

ਉੱਤਰ ਪ੍ਰਦੇਸ਼ ਦੇ ਕਾਸਗੰਜ ਵਿਚ ਗਣਤੰਤਰ ਦਿਵਸ 'ਤੇ ਬੀਤੇ ਦਿਨੀਂ ਫਿਰਕੂ ਹਿੰਸਾ ਭੜਕ ਗਈ। ਮੋਟਰਸਾਈਕਲਾਂ 'ਤੇ ਹੱਥਾਂ ਵਿਚ ਤਿਰੰਗਾ ਲੈ ਕੇ ਵੰਦੇ ਮਾਤਰਮ ਤੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾ ਰਹੇ ਨੌਜਵਾਨਾਂ 'ਤੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਪਥਰਬਾਜ਼ੀ ਤੇ ਫਾਇਰਿੰਗ ਕਰ ਦਿੱਤੀ। ਗੋਲੀ ਲੱਗਣ ਨਾਲ ਚੰਦਨ ਗੁਪਤਾ ਨਾਂ ਦੇ ਨੌਜਵਾਨ ਦੀ ਬੀਤੇ ਸ਼ੁੱਕਰਵਾਰ ਨੂੰ ਮੌਤ ਹੋ ਗਈ। ਪ੍ਰਿੰਸ ਤੇ ਨੌਸ਼ਾਦ ਨਾਂ ਦੇ ਦੋ ਨੌਜਵਾਨ ਘਟਨਾ ਵਿਚ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਹਿੰਦੂ-ਮੁਸਲਮ ਭਾਈਚਾਰੇ ਦੇ ਲੋਕਾਂ ਵਿਚਾਲੇ ਝੜਪਾਂ ਜਾਰੀ ਹਨ। ਚੰਦਨ ਦੇ ਅੰਤਿਮ ਸਸਕਾਰ ਤੋਂ ਬਾਅਦ ਭੀੜ ਨੇ ਦੋ ਬੱਸਾਂ, ਛੇ ਦੁਕਾਨਾਂ ਤੇ ਮੁਸਲਮਾਨ ਭਾਈਚਾਰੇ ਦੇ ਇੱਕ ਵਿਅਕਤੀ ਦਾ ਘਰ ਤੇ ਇਕ ਕਾਰ ਫੂਕ ਦਿੱਤੀ। ਦੋ ਦਿਨਾਂ ਵਿਚ 50 ਤੋਂ ਵੱਧ ਵਾਹਨ ਤੋੜੇ ਗਏ। ਪੁਲੀਸ ਮੁਲਾਜ਼ਮਾਂ ਸਮੇਤ ਛੇ ਲੋਕ ਜ਼ਖ਼ਮੀ ਹਨ। ਹੈਰਾਨੀ ਤਾਂ ਇਹ ਹੈ ਕਿ ਉਸ ਵਕਤ ਭਾਜਪਾ ਦੇ ਵਿਧਾਇਕ ਤੇ ਸਾਂਸਦ ਦੰਗੇ ਦੀ ਅੱਗ ਬੁਝਾਉਣ ਦੀ ਥਾਂ ਐਟਾ ਮਹਾਉਤਸਵ ਦੀ ਸੰਗੀਤ ਮਹਿਫਲ ਵਿਚ ਅਨੰਦ ਲੈ ਰਹੇ ਸਨ। ਕੈਲਾਸ਼ ਖੇਰ ਨਾਈਟ ਨਾਂ ਦਾ ਇਹ ਜਸ਼ਨ ਕਾਸਗੰਜ ਤੋਂ 25 ਕਿਲੋਮੀਟਰ ਦੂਰ ਹੋ ਰਿਹਾ ਸੀ। ਉੱਥੇ ਕਾਸਗੰਜ ਸਦਰ ਤੋਂ ਭਾਜਪਾ ਵਿਧਾਇਕ ਦਵਿੰਦਰ ਲੋਧੀ, ਕਾਸਗੰਜ ਦੇ ਅਮਾਪੁਰ ਤੋਂ ਵਿਧਾਇਕ ਦਵਿੰਦਰ ਪ੍ਰਤਾਪ, ਫਰੂਰਖਾਬਾਦ ਦੇ ਸਾਂਸਦ ਮੁਕੇਸ਼ ਰਾਜਪੂਤ ਤੇ ਏਟਾ ਮਾਰਹਰਾ ਦੇ ਵਿਧਾਇਕ ਵਰਿੰਦਰ ਵਰਮਾ ਮੌਜੂਦ ਸਨ।



ਸੀਐੱਮ ਯੋਗੀ ਆਦਿਤਯ ਨਾਥ ਦੇ ਨੌਂ ਮਹੀਨੇ ਦੇ ਕਾਰਜਕਾਲ ਵਿਚ ਫਿਰਕੂ ਦੰਗਿਆਂ ਵਿਚ ਇਹ ਪਹਿਲੀ ਮੌਤ ਹੈ। ਯੋਗੀ ਨੇ ਸ਼ਾਂਤੀ ਦੀ ਅਪੀਲ ਕੀਤੀ ਹੈ। ਅਦਿੱਤਿਆ ਨਾਥ ਨੇ ਇਸ ਘਟਨਾ ਤੋਂ ਬਾਅਦ ਵੀ ਸੂਬੇ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ।

### ਅਸਟਰੇਲੀਆ ਦੇ ਗੁਰਦੁਆਰੇ 'ਚ ਵੀ ਭਾਰਤੀ ਅਧਿਕਾਰੀਆਂ 'ਤੇ ਪਾਬੰਦੀ

**ਮੈਲਬੋਰਨ/ਬਿਊਰੋ ਨਿਊਜ਼:** ਕੈਨੇਡਾ, ਅਮਰੀਕਾ ਤੇ ਬ੍ਰਿਟੇਨ ਵਿਚ ਪਾਬੰਦੀ ਦੇ ਬਾਅਦ ਹੁਣ ਅਸਟਰੇਲੀਆ ਨੇ ਵੀ 20 ਗੁਰਦੁਆਰਾ ਪ੍ਰਬੰਧਕਾਂ ਤੇ 15 ਮੀਰੀ-ਪੀਰੀ ਸਿੱਖ ਸੰਗਠਨਾਂ ਨੇ ਭਾਰਤੀ ਅਧਿਕਾਰੀਆਂ ਦੇ ਗੁਰਦੁਆਰਾ ਾਹਿਬ 'ਚ ਪ੍ਰਵੇਸ਼ 'ਤੇ ਪਾਬੰਦੀ ਲਗਾ ਦਿੱਤੀ ਹੈ। ਗੁਰਦੁਆਰਾ ਕਮੇਟੀਆਂ ਤੇ ਸਿੱਖ ਸੰਗਠਨਾਂ ਨੇ ਬੀਤੇ ਐਤਵਾਰ ਨੂੰ ਇਕ ਸੰਯੁਕਤ ਮੀਟਿੰਗ ਦੌਰਾਨ ਫਤਵਾ ਜਾਰੀ ਕਰਦਿਆਂ ਹੋਇਆਂ ਕਿਹਾ ਕਿ ਭਾਰਤੀ ਅਧਿਕਾਰੀ ਗੁਰਦੁਆਰੇ ਵਿਚ ਆਯੋਜਿਤ ਹੋਣ ਵਾਲੇ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋ ਸਕਣਗੇ। ਪਰ ਇਹ ਪਾਬੰਦੀ ਵਿਅਕਤੀਗਤ ਰੂਪ ਵਿਚ ਆਉਣ ਵਾਲੇ ਅਧਿਕਾਰੀਆਂ 'ਤੇ ਲਾਗੂ ਨਹੀਂ ਹੋਵੇਗੀ, ਅਰਥਾਤ ਉਹ ਗੁਰਦੁਆਰਿਆਂ ਵਿਚ ਮੱਥਾ ਟੇਕ ਸਕਣਗੇ, ਪਰ ਗੁਰਦੁਆਰਿਆਂ ਵਿਚ ਉਨ੍ਹਾਂ ਦੇ ਭਾਸ਼ਣ ਦੇਣ ਤੇ ਸਨਮਾਨਿਤ ਕਰਨ ਉੱਪਰ ਪਾਬੰਦੀ ਹੋਵੇਗੀ। ਅਸਟਰੇਲੀਆ ਦੀਆਂ ਪੰਥਕ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਕਿ ਇਹ ਪਾਬੰਦੀ ਆਰ ਐਸ ਐਸ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ ਦੇ ਅਹੁਦੇਦਾਰਾਂ 'ਤੇ ਵੀ ਲਗਾਈ ਗਈ ਹੈ। ਇਹ ਪਾਬੰਦੀ ਦਿੱਲੀ ਸਿੱਖ ਕਤਲੇਆਮ, ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ, ਸਿੱਖਾਂ ਨੂੰ ਝੂਠੇ ਪੁਲੀਸ ਮੁਕਾਬਲੇ ਮਾਰਨ, ਸਿੱਖਾਂ ਨਾਲ ਇਨਸਾਫ਼ ਨਾ ਕਰਨ ਤੇ ਬੇਵਜ੍ਹਾ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਕਾਰਨ ਲਗਾਈ ਗਈ ਹੈ।

# ਪੰਜਾਬੀ ਗੈਂਗਸਟਰ ਕੈਨੇਡਾ 'ਚ ਬਣੇ ਸਿਰਦਰਦੀ

**ਟੋਰਾਂਟੋ/ਬਿਊਰੋ ਨਿਊਜ਼:** ਕੈਨੇਡਾ ਵਿਚਲੇ ਪੰਜਾਬੀ ਨੌਜਵਾਨਾਂ ਦੀ ਆਪਸੀ ਖਹਿਬਾਜ਼ੀ ਤੇ ਹਿੰਸਕ ਟਕਰਾਅ ਝੜਪਾਂ ਦਾ ਰੂਪ ਧਾਰਦਿਆਂ ਬੀਤੇ 25 ਸਾਲਾਂ ਵਿਚ ਵਿਨਕੂਵਰ ਦੇ ਸਰੀ ਤੋਂ ਸ਼ੁਰੂ ਹੋ ਕੇ ਐਬਟਸਫੋਰਡ ਤੱਕ ਪਹੁੰਚ ਗਿਆ ਹੈ। ਜਿੱਥੇ ਬੀਤੇ ਕੁਝ ਸਾਲਾਂ ਵਿਚ ਦਰਜਨ ਤੋਂ ਵਧ ਮੁੰਡੇ ਮਾਰੇ ਜਾ ਚੁੱਕੇ ਹਨ।ਐਬਟਸਫੋਰਡ ਵਿਚ ਮੁੱਖ ਲੜਾਈ ਰੈੱਡ ਸਕੌਰਪੀਅਨ ਗੈਂਗ (ਗਰੇਵਾਲ-ਕੰਗ-ਧਾਲੀਵਾਲ ਗੈਂਗ) ਅਤੇ ਯੂਨਾਈਟੇਡ ਨੇਸ਼ਨਜ਼ ਗੈਂਗ (ਸਿੱਧੂ-ਸੰਧੂ-ਗੈਂਗ) ਵਿਚਾਲੇ ਚੱਲ ਰਹੀ ਹੈ। ਇਸ ਦਰਮਿਆਨ ਇਕ ਛੋਟਾ ਜਿਹਾ ਹੋਰ ਗਰੁੱਪ 'ਬ੍ਰਦਰਜ਼ ਕੀਪਰਜ਼' ਬਣ ਗਿਆ ਹੈ।



ਵੈਨਕੂਵਰ ਵਿਚ ਬੀਤੀ 13 ਜਨਵਰੀ ਨੂੰ ਜਿੱਥੇ ਇੱਕ ਗਰੁੱਪ ਵੱਲੋਂ ਗੋਲੀਬਾਰੀ ਕੀਤੇ ਜਾਣ ਦੌਰਾਨ ਇਕ 15 ਸਾਲਾਂ ਨਾਬਾਲਿਗ ਦੀ ਮੌਤ ਹੋ ਗਈ ਸੀ। ਨਾਬਾਲਿਗ ਦੀ ਪਛਾਣ ਐਲਫਰੈਡ ਵਾਂਗ ਵੱਜੋਂ ਕੀਤੀ ਗਈ ਸੀ। ਉਹ ਆਪਣੇ ਮਾਤਾ-ਪਿਤਾ ਨਾਲ ਕਾਰ ਵਿਚ ਬੈਠ ਕੇ ਆ ਰਿਹਾ ਸੀ। ਉਦੋਂ ਹੀ ਉਹ ਵੈਨਕੂਵਰ ਵਿਚ ਹੋ ਰਹੀ ਗੋਲੀਬਾਰੀ ਦਾ ਸ਼ਿਕਾਰ ਹੋ ਗਿਆ। ਗੋਲੀਬਾਰੀ ਦੌਰਾਨ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ, ਮੌਕੇ 'ਤੇ ਉਸ ਨੂੰ ਨੇੜੇ ਦੇ ਇਕ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਪਰ 2 ਦਿਨਾਂ (15 ਜਨਵਰੀ ਨੂੰ) ਬਾਅਦ ਉਸ ਦੀ ਹਸਪਤਾਲ ਵਿਚ ਮੌਤ ਹੋ ਗਈ ਸੀ। ਉਸ ਵੇਲੇ ਪੁਲਸ ਨੇ ਇਹ ਕਿਹਾ ਸੀ ਕਿ ਗੋਲੀਬਾਰੀ ਦਾ ਨਿਸ਼ਾਨਾ 23 ਸਾਲਾਂ ਨੌਜਵਾਨ ਸੀ, ਜਿਸ ਦੀ ਪਛਾਣ ਕੈਵਿਨ ਵਾਈਟ ਸਾਈਡ ਵੱਜੋਂ ਕੀਤੀ ਗਈ ਸੀ। ਉਸ ਦੀ ਵੀ ਗੋਲੀਬਾਰੀ ਦੌਰਾਨ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਜਾਂਚ ਵਿਚ ਲੱਗੀ ਹੋਈ ਸੀ ਕਿ ਇਸ ਗੋਲੀਬਾਰੀ ਪਿੱਛੇ ਕਿਸ ਗਰੁੱਪ ਦਾ ਹੱਥ ਹੋ ਸਕਦਾ ਹੈ। ਜਾਂਚ ਤੋਂ ਬਾਅਦ ਪੁਲਸ ਨੇ ਕਿਹਾ ਕਿ ਇਹ ਕਾਰਾ ਪੰਜਾਬੀ ਨੌਜਵਾਨਾਂ ਦਾ ਹੈ। ਜ਼ਿਕਰਯੋਗ ਹੈ ਕਿ ਐਬਟਸਫੋਰਡ ਤੋਂ ਬਾਹਰ ਸਰੀ, ਵੈਨਕੂਵਰ, ਲੈਂਗਲੀ, ਐਡਮਿੰਟਨ ਵਿਚ ਹੋਏ

**ਬਾਕੀ ਸਫ਼ਾ 28 'ਤੇ**

# ਪੱਤਝੜੀ ਲੈਂਡਸਕੇਪ

**ਸਿੱਧੂ ਦਮਦਮੀ**
ਸੰਪਰਕ: 94170-13869

ਪਿਛਲੇ ਹਫ਼ਤੇ ਚੰਡੀਗੜ੍ਹ ਤੋਂ ਮੋਗੇ ਦੇ ਪਿੰਡ ਲੰਡੇ ਕੇ ਨੂੰ ਦੌੜ ਰਹੀ ਕਾਰ ਵਿੱਚੋਂ ਅਸੀਂ ਪੰਜਾਬ ਦੇ ਪੱਤਝੜੀ ਲੈਂਡਸਕੇਪ ਦਾ ਚਲਚਿੱਤਰ ਵੇਖਦੇ ਜਾ ਰਹੇ ਸਾਂ। ਨੰਗੇ ਰੁੱਖ, ਗਿੱਠ ਗਿੱਠ ਕਣਕਾਂ, ਬੁੱਕਲ ਮਾਰੀ ਖੜ੍ਹੇ ਦਰਵੇਸ਼ਾਂ ਵਾਂਗ ਦਿਸਦੇ ਬੰਬੀਆਂ ਦੇ ਕੋਠੇ ਤੇ ਮਾੜੀ ਆਰਥਿਕਤਾ ਨੇ ਪਿੰਜਰ ਬਣਾਏ ਕਿਸਾਨਾਂ ਜਿਹੇ ਖੇਤਾਂ 'ਚ ਗੱਡੇ ਡਰਨੇ। ਫੋਟੋ ਕਲਾਕਾਰ ਦੇਵ ਇੰਦਰ ਦਾ ਕਹਿਣਾ ਸੀ, "ਪੰਜਾਬ ਦਾ ਲੈਂਡਸਕੇਪ ਨਿਰਾਲਾ ਹੈ।" ਚੰਦਨ ਨੇ ਕਿਹਾ, "ਇਹ ਜਿੰਨਾ ਚਿਤਰਿਆ ਜਾਣਾ ਚਾਹੀਦਾ ਸੀ ਓਨਾ ਚਿਤਰਿਆ ਨਹੀਂ ਗਿਆ।" ਕਵੀ ਸਰਬਜੀਤ ਬੇਦੀ ਬੋਲਿਆ, "ਜੇ ਪੰਜਾਬੀ ਸਭਿਆਚਾਰਕ ਚਿੰਨ੍ਹਾਂ ਦੀ ਰਵਾਇਤੀ ਮੂਰਤਕਾਰੀ ਨੂੰ ਪਾਸੇ ਛੱਡ ਦੇਈਏ ਤਾਂ ਆਧੁਨਿਕ ਚਿੱਤਰਕਾਰੀ ਵਿੱਚ ਪੰਜਾਬੀ ਜੀਵਨ ਬਹੁਤਾ ਨਹੀਂ ਦਿਸਦਾ।" ਮੇਰੇ ਮੂੰਹੋਂ ਨਿਕਲ ਗਿਆ, "ਇਸ ਪੱਖ ਤੋਂ ਮਲਕੀਤ ਲਗਪਗ 'ਲੋਨ ਰੇਂਜਰ' ਸੀ। ਪਰ ਹੁਣ ਤਾਂ ਉਹ ਵੀ!"

ਘੜੀ ਬਿੰਦ ਲਈ ਚੁੱਪ ਵਰਤ ਗਈ। 'ਲੰਡੇ ਕੇ' ਆਉਣ ਵਾਲਾ ਸੀ ਜਿੱਥੇ ਅਸੀਂ ਮਲਕੀਤ ਚਿੱਤਰਕਾਰ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਿਲ ਹੋਣ ਲਈ ਜਾ ਰਹੇ ਸਾਂ। ਦੋ ਦਹਾਕਿਆਂ ਦੌਰਾਨ ਮਲਕੀਤ ਨਾਲ ਬਿਤਾਏ ਸਮੇਂ ਦੇ ਟੋਟਿਆਂ ਦੀ ਰੀਲ੍ਹ ਮੇਰੀ ਸਿਮਰਤੀ ਵਿੱਚ ਚੱਲ ਪਈ: ਲੰਬਾ-ਲੰਝਾ ਦਰਸ਼ਨੀ ਸਰੀਰ ਪਰ ਸੂਖ਼ਮ ਆਵਾਜ਼, ਮੋਟੀਆਂ ਬਲੌਰੀ ਅੱਖਾਂ ਪਰ ਭਿਜੂੰ ਭਿਜੂੰ ਕਰਦੀਆਂ‡, ਪੰਜਾਬ ਦੇ ਲੋਕਾਂ, ਜਾਨਵਰਾਂ-ਜਨੌਰਾਂ, ਖੇਤਾਂ-ਪਿੰਡਾਂ, ਦੁੱਖਾਂ-ਖ਼ੁਸ਼ੀਆਂ, ਉਮੀਦਾਂ-ਨਿਰਾਸਤਾਵਾਂ ਨਾਲ ਧੜਕਦੇ ਉਸ ਦੇ ਕੈਨਵਸ‡ ਬੁਰਸ਼ ਅਤਿ-ਯਥਾਰਥਵਾਦੀ, ਪਰ ਕਲਮ ਯਥਾਰਥਕ‡। ਸਿਰਜਨਾ ਲਈ ਲੋੜੀਂਦੀ ਜਿਸਮਾਨੀ ਤੇ ਮਾਨਸਿਕ ਸਪੇਸ ਬਣਾਉਣ ਲਈ ਮਲਕੀਤ ਵੱਲੋਂ ਖ਼ੁਦ ਸਹੇੜੀਆਂ ਉਦਾਸੀਆਂ ਤੇ ਇਕੱਲਤਾਵਾਂ ਯਾਦ ਆਈਆਂ।



ਸੜਕ 'ਤੇ ਰੋਡੇ ਪਿੰਡ ਦਾ ਸਾਇਨਬੋਰਡ ਪੜ੍ਹਿਆ ਤਾਂ ਮਲਕੀਤ ਦੇ ਜੀਵਨ ਨੂੰ ਆਧਾਰ ਬਣਾ ਕੇ ਗੁਜਰਾਤੀ ਵਿੱਚ ਨਾਵਲ ਲਿਖੇ ਜਾਣ ਦਾ ਮਾਜਰਾ ਚੇਤੇ ਆ ਗਿਆ: ਖਾੜਕੂਵਾਦ ਦੇ ਦਿਨ ਸਨ। ਮੈਂ ਤੇ ਵਿਨੇਸ਼ ਅੰਤਾਨੀ ਅਕਾਸ਼ਵਾਣੀ ਦੇ ਚੰਡੀਗੜ੍ਹ ਕੇਂਦਰ 'ਤੇ ਕੰਮ ਕਰਦੇ ਸਾਂ। ਗੁਜਰਾਤੀ ਦਾ ਚਰਚਿਤ ਤੇ ਸਨਮਾਨਿਤ ਨਾਵਲਕਾਰ ਅੰਤਾਨੀ ਹਾਲੇ ਤਾਜ਼ਾ ਤਾਜ਼ਾ ਹੀ ਬਦਲ ਕੇ ਚੰਡੀਗੜ੍ਹ ਆਇਆ ਸੀ। ਮੇਰੇ ਕਾਰਨ ਮਲਕੀਤ ਅਕਸਰ ਕੇਂਦਰ 'ਤੇ ਆਉਂਦਾ ਜਾਂਦਾ ਰਹਿੰਦਾ ਸੀ। ਜਦੋਂ ਅੰਤਾਨੀ ਨਾਲ ਮਲਕੀਤ ਦੀ ਜਾਣ ਪਛਾਣ ਮੈਂ ਇਹ ਕਹਿ ਕੇ ਕਰਵਾਈ ਕਿ ਉਸਦੇ ਜੱਦੀ ਪਿੰਡ (ਲੰਡੇ ਕੇ) ਦੀ ਜੂਹ ਸੰਤ ਭਿੰਡਰਾਂ ਵਾਲਿਆਂ ਦੇ ਪਿੰਡ (ਰੋਡੇ) ਨਾਲ ਲੱਗਦੀ ਹੈ ਤਾਂ ਅੰਤਾਨੀ ਦੇ ਲੇਖਕ ਮਨ ਅੰਦਰ ਪੰਜਾਬ ਦੀ ਪਿੱਠਭੂਮੀ ਵਾਲੇ ਇੱਕ ਨਾਵਲ ਦਾ ਪਲਾਟ ਰੌਸ਼ਨ ਹੋ ਗਿਆ- ਪੰਜਾਬ ਦੀ ਪੀੜ ਸਮਝਣ ਵਾਲੇ ਚਿੱਤਰਕਾਰ ਰਾਹੀਂ ਦੱਸੀ ਜਾਣ ਵਾਲੀ ਖ਼ੂਨ ਭਰੇ ਪੰਜਾਬ ਦੀ ਕਹਾਣੀ; ਸਰਕਾਰੀ ਤੇ ਖਾੜਕੂ ਦਮਨ ਵਿਚਕਾਰ ਫਸੇ ਇੱਕ ਸੂਖ਼ਮ-ਚਿੱਤ ਪੰਜਾਬੀ ਦਾ ਦੁਖਾਂਤ। ਨਤੀਜਨ ਵਿਨੇਸ਼ ਅੰਤਾਨੀ ਨੇ ਮਲਕੀਤ ਦੇ ਜੀਵਨ ਨੂੰ ਆਧਾਰ ਬਣਾ ਕੇ 'ਧੁੰਦਾਭਰੀ ਖਿਨ' ਦੇ ਸਿਰਲੇਖ ਹੇਠ ਗੁਜਰਾਤੀ ਵਿੱਚ ਇੱਕ ਮਾਰਮਿਕ ਨਾਵਲ ਰਚਿਆ।

ਦਰਅਸਲ, ਮਲਕੀਤ ਦੀ ਜੀਵਨ ਕਹਾਣੀ ਫਿੱਕੇ ਰੰਗਾਂ ਵਾਲੀ ਛੋਟੀ ਕਿਸਾਨੀ ਵਿੱਚ ਜਨਮੇ ਇੱਕ ਸੰਗਾਲੂ ਸੁਪਨਸਾਜ਼ ਦੀ ਕਹਾਣੀ ਹੈ ਜੋ ਆਪਣੇ ਸੁਪਨੇ ਸਾਕਾਰ ਕਰਨ ਲਈ ਕਤਾਰ ਤੋੜ ਕੇ ਅੱਗੇ ਵਧਣ ਵਾਲੀ ਨੀਤੀ ਅਪਨਾਉਣ ਦੀ ਥਾਂ ਧੀਰਜ ਨਾਲ ਆਪਣੀ ਵਾਰੀ ਦੀ ਉਡੀਕ ਕਰਦਾ ਰਹਿੰਦਾ ਸੀ। ਬਹੁਤੀ ਵਾਰ ਉਸ ਦੀ ਵਾਰੀ ਆਉਣ ਤਕ ਪਤੀਲਾ ਖੜਕ ਜਾਂਦਾ ਰਿਹਾ, ਪਰ ਉਸ ਨੂੰ ਸਬਰ ਦਾ ਘੁੱਟ ਭਰਨਾ ਆਉਂਦਾ ਸੀ। ਕਮਾਲ ਇਹ ਕਿ ਮੁਕਾਬਲੇਬਾਜ਼ੀ ਦੇ ਪੰਜੇ ਵਿੱਚ ਫਸੀ ਕਲਾ ਦੀ ਦੁਨੀਆਂ ਵਿੱਚ ਵੀ ਇਹ ਸਬਰ ਉਸ ਦੀ ਪਛਾਣ ਰਿਹਾ।

ਮਲਕੀਤ ਪੜ੍ਹਨ ਲਈ ਪਿੰਡ ਤੋਂ ਬਾਹਰ ਜਾਣ ਵਾਲਾ ਆਪਣੇ ਪਰਿਵਾਰ ਦਾ ਪਹਿਲਾ ਮੈਂਬਰ ਸੀ। ਉਸ ਦਾ ਪਰਿਵਾਰ ਉਨ੍ਹਾਂ ਵਿੱਚੋਂ ਸੀ ਜਿੱਥੇ ਖੇਤੀ ਦਾ ਕੰਮ ਕਰਵਾਉਣ ਲਈ ਮੁੰਡਿਆਂ ਨੂੰ ਵਹਿੜਕਿਆਂ ਵਾਂਗ ਹਾਲੀ ਕੱਢਿਆ ਜਾਂਦਾ ਸੀ, ਪਰ ਦਿਲਚਸਪ ਗੱਲ ਇਹ ਹੈ ਕਿ ਮਲਕੀਤ ਨੂੰ ਹਲ-ਪੰਜਾਲੀ ਦੀ ਥਾਂ ਬੁਰਸ਼ ਤੇ ਕੈਨਵਸ ਸੈਨਤਾਂ ਮਾਰ ਰਹੇ ਸਨ। ਉਹ ਵੀ ਉਦੋਂ ਜਦੋਂ ਨਾ ਮਲਕੀਤ ਨੂੰ ਕਲਾ ਵਿਰਸੇ ਵਿੱਚ ਮਿਲੀ ਸੀ ਤੇ ਨਾ ਸੰਸਕਾਰ ਵਿੱਚ। ਉਸ ਨੇ ਹਲ ਦੀ ਹੱਥੀ ਛੱਡ ਕੇ ਸ਼ਿਮਲੇ ਦੇ ਆਰਟ ਸਕੂਲ ਵਿੱਚ ਬੁਰਸ਼ ਜਾ ਫੜਿਆ ਸੀ, ਪਰ ਜ਼ਿੰਦਗੀ ਦੀਆਂ ਨਵੀਆਂ ਸਿੰਮਤਾਂ ਗਾਹੁਣ ਲਈ ਘਰ-ਬਾਰ ਛੱਡਣ ਲੱਗਿਆਂ ਉਹ ਆਪਣੇ ਮਨ ਦੇ ਧਾਗੇ ਦਾ ਇੱਕ ਸਿਰਾ ਪਿੰਡ ਨਾਲ ਬੰਨ੍ਹ ਆਇਆ ਸੀ। ਉਹ ਕਿਹਾ ਕਰਦਾ ਸੀ, "ਮੇਰੀ ਜ਼ਿੰਦਗੀ ਦੇ ਬਹੁਤੇ ਅਹਿਮ ਫ਼ੈਸਲੇ ਇਸੇ ਧਾਗੇ ਦੇ ਖਿਚਾਅ ਜਾਂ ਢਿੱਲ ਅਨੁਸਾਰ ਹੁੰਦੇ ਰਹੇ ਹਨ। ਇਹੀ ਕਾਰਨ ਹੈ ਕਿ ਚੰਡੀਗੜ੍ਹ ਜਿਹੇ ਆਧੁਨਿਕ ਸ਼ਹਿਰ ਵਿੱਚ ਏਨੇ ਦਹਾਕੇ ਬਿਤਾਉਣ ਦੇ ਬਾਵਜੂਦ ਮੈਥੋਂ ਇਹ ਧਾਗਾ ਖੁੱਲ੍ਹ ਨਹੀਂ ਸਕਿਆ।"

ਚਿੰਤਨੀ ਘੜੀਆਂ ਵਿੱਚ ਕਦੇ ਕਦਾਈਂ ਉਹ ਇਹ ਵੀ ਕਿਹਾ ਕਰਦਾ ਸੀ, "ਚੰਡੀਗੜ੍ਹ ਵਿੱਚ ਮੈਂ ਰਹਿਣਾ ਚਾਹੁੰਨਾ, ਚਿੱਤਰਕਾਰੀ ਕਰਦਾ ਰਹਿਣਾ ਚਾਹੁੰਨਾ ਪਰ ਪੂਰਾ ਪਿੰਡ ਵਿੱਚ ਹੀ ਹੋਣਾ ਚਾਹੁੰਨਾ‡।" ਮਲਕੀਤ ਚੰਡੀਗੜ੍ਹ ਦੇ ਕਲਾ ਜਗਤ ਦੀ ਅਹਿਮ ਸ਼ਖ਼ਸੀਅਤ ਸੀ ਜਿਸ ਦੀ ਹਾਜ਼ਰੀ ਬਿਨਾਂ ਇਸ 'ਖ਼ੂਬਸੂਰਤ ਸ਼ਹਿਰ' ਦੀ ਕਲਾ ਨਾਲ ਸਬੰਧਿਤ ਕੋਈ ਵੀ ਗਤੀਵਿਧੀ ਪੂਰੀ ਨਹੀਂ ਸੀ ਹੋਇਆ ਕਰਦੀ। ਫਿਰ ਵੀ ਆਪਣੀਆਂ ਆਖ਼ਰੀ ਇੱਛਾਵਾਂ ਵਿੱਚ ਮਰਨ ਲਈ ਚੰਡੀਗੜ੍ਹ ਦੀ ਥਾਂ ਉਸ ਨੇ ਆਪਣੇ ਪਿੰਡ ਨੂੰ ਹੀ ਪਹਿਲ ਦਿੱਤੀ। ਖ਼ੂਬਸੂਰਤ ਦੋਸਤੀਆਂ, ਅਹਿਮ ਵਾਕਫ਼ੀਆਂ, ਮਘਦੀਆਂ ਮਹਿਫ਼ਿਲਾਂ ਤੇ ਨਿੱਘੀਆਂ ਸਾਂਝਾਂ ਦੇ ਬਾਵਜੂਦ ਚੰਡੀਗੜ੍ਹ ਤੇ ਮਲਕੀਤ ਧੁਰ ਅੰਦਰੋਂ ਇੱਕ-ਦੂਜੇ ਲਈ ਬੇਗਾਨੇ ਹੀ ਰਹੇ।

ਜਿੰਨਾ ਚਿਰ ਮਲਕੀਤ ਪੀਜੀਆਈ ਦੀ ਨੌਕਰੀ ਤੋਂ ਸੇਵਾਮੁਕਤ ਨਹੀਂ ਸੀ ਹੋਇਆ ਉਹ ਆਪਣੇ ਗਰਾਈਆਂ, ਕਲਾਕਾਰਾਂ, ਲੇਖਕਾਂ ਤੇ ਮੀਡੀਆ ਕਰਮੀਆਂ ਲਈ ਹੀ ਨਹੀਂ ਸਗੋਂ ਉਨ੍ਹਾਂ ਦੇ ਅਗਾਂਹ ਸੈਂਕੜੇ ਜਾਣੂੰਆਂ ਲਈ ਵੀ ਪੀਜੀਆਈ ਅੰਦਰਲੇ ਕੰਮ ਕਰਵਾਉਣ ਲਈ ਸਹਾਇਤਾ ਕਰਦਾ ਰਿਹਾ। ਕਈ ਵਾਰੀ ਮਰੀਜ਼ ਪੀਜੀਆਈ ਵਿੱਚ ਦਾਖਲ ਹੋ ਜਾਂਦੇ ਤੇ ਨਾਲ ਆਏ ਵਿਅਕਤੀ ਮਲਕੀਤ ਦੇ ਘਰ ਡੇਰਾ ਲਾ ਲੈਂਦੇ। ਮਲਕੀਤ ਦੇ ਇਸ ਸਮਾਜ ਸੇਵੀ ਕੰਮ ਦੀ ਚਰਚਾ ਲੰਡੇ ਕੇ ਦੇ ਸਿਵਿਆਂ 'ਚ ਸਸਕਾਰ ਵੇਲੇ ਜੁੜੇ ਭਾਰੀ ਇਕੱਠ ਵਿੱਚ ਚੁਫ਼ੇਰੇ ਹੋ ਰਹੀ ਸੀ। ਤੁਰ ਗਏ ਦੀ ਗੱਲ ਉਹ ਚਿੱਤਰਕਾਰ ਵਜੋਂ ਨਹੀਂ ਸਗੋਂ 'ਡਾਕਟਰ ਸਾਹਿਬ' ਵਜੋਂ ਕਰ ਰਹੇ ਸਨ।

ਮਲਕੀਤ ਮੂੰਹ-ਕੂਲ਼ ਸੀ। ਇਸੇ ਲਈ ਉਸ ਲਈ ਜਾਣੂੰ ਨੂੰ ਦੋਸਤ ਤੇ ਦੋਸਤ ਨੂੰ ਭਰਾ ਬਣਾ ਲੈਣ ਵਿੱਚ ਜ਼ਿਆਦਾ ਸਮਾਂ ਨਹੀਂ ਸੀ ਲੱਗਦਾ। 1983 ਵਿੱਚ ਮੇਰੇ ਚੰਡੀਗੜ੍ਹ ਆਉਣ ਪਿੱਛੋਂ ਅਸੀਂ ਸ਼ਹਿਰ ਦੀਆਂ ਨੁਮਾਇਸ਼ਾਂ, ਗੋਸ਼ਟੀਆਂ, ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਇਕੱਠੇ ਜਾਣਾ ਸ਼ੁਰੂ ਕੀਤਾ। ਭਾਵੇਂ ਮਾਮੂਲੀ ਹੀ ਸਹੀ ਮੇਰਾ ਤੇ ਮਲਕੀਤ ਦਾ ਮੜ੍ਹੰਗਾ ਮਿਲਦਾ ਸੀ। ਅਸੀਂ ਆਰਟ ਕੌਂਸਲ 'ਚ ਹੋਏ ਇੱਕ ਪ੍ਰੋਗਰਾਮ 'ਚੋਂ ਪਰਤੇ ਤਾਂ ਇੱਕ ਪੰਜਾਬੀ ਲੇਖਿਕਾ ਦਾ ਨਾਂ ਲੈ ਕੇ ਮਲਕੀਤ ਨੇ ਕਿਹਾ, "ਪੁੱਛਦੀ ਸੀ ਕਿ ਕੀ ਦੋਵੇਂ ਭਰਾ ਹੋ ? ਪਤੈ ਮੈਂ ਕੀ ਕਿਹਾ ? ਮੈਂ ਕਿਹਾ, ਹਾਂ!" ਗੱਲ ਸਾਡੀ ਜੱਫੀ 'ਚ ਰੂਪਾਂਤਰ ਹੋ ਗਈ। ਉਸ ਦਿਨ ਤੋਂ ਮੈਂ ਲਾਡ ਨਾਲ ਮਲਕੀਤ ਨੂੰ ਭਰਾ ਜੀ ਕਹਿ ਕੇ ਬੁਲਾਉਣ ਲੱਗ ਪਿਆ ਸਾਂ।

ਉਸ ਨਾਲ ਮੇਰੀ ਆਖ਼ਰੀ ਮੁਲਾਕਾਤ ਮੁਹਾਲੀ ਦੇ ਉਸ ਹਸਪਤਾਲ 'ਚ ਹੋਈ ਜਿੱਥੇ ਉਹ ਆਪਣੇ ਆਖ਼ਰੀ ਦਿਨ ਗਿਣ ਰਿਹਾ ਸੀ। ਉਦੋਂ ਤਕ ਉਸ ਦੇ ਦੋਵੇਂ ਗੁਰਦੇ ਲਗਪਗ ਪੂਰੇ ਖ਼ਰਾਬ ਹੋਣ ਦੀ ਗੱਲ ਬਾਹਰ ਨਿਕਲ ਆਈ ਸੀ। ਉਹ ਸੀ ਤਾਂ ਸੁਰਤ ਵਿੱਚ, ਪਰ ਹੌਸਲਾ ਪਸਤ ਹੋ ਗਿਆ ਜਾਪ ਰਿਹਾ ਸੀ। ਕੰਬਦੇ ਹੱਥਾਂ ਵਿੱਚ ਮੇਰਾ ਹੱਥ ਲਈ ਉਹ ਮੇਰੇ ਵੱਲ ਇਕ-ਟਕ ਵੇਖਦਾ ਰਿਹਾ। ਮੈਂ ਨਜ਼ਰ ਮਿਲਾਏ ਬਿਨਾਂ ਉਸ ਦਾ ਧੀਰਜ ਬੰਨ੍ਹਾਉਂਦਾ ਰਿਹਾ। ਮੌਤ ਦੀ ਪੈੜ ਚਾਲ ਸੁਣ ਰਹੇ ਬੰਦੇ ਨਾਲ ਅੱਖ ਮਿਲਾਉਣ ਲਈ ਕਿਸੇ ਰਿਸ਼ੀ ਦਾ ਜਿਗਰਾ ਚਾਹੀਦਾ ਹੈ।

ਜਿਉਂ ਹੀ ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਹ ਫਿੱਕਾ ਜਿਹਾ ਮੁਸਕਰਾਇਆ ਤੇ ਜਿਵੇਂ ਖੂਹ 'ਚੋਂ ਬੋਲਿਆ, "ਤੇਰਾ ਭਰਾ ਜਾ ਰਿਹੈ!!" ਮੇਰੀਆਂ ਅੱਖਾਂ ਹੰਝੂਆਂ ਨਾਲ ਲਬਲਬਾ ਗਈਆਂ ਤੇ ਚੁਫ਼ੇਰਾ ਧੁੰਦਲਾ ਗਿਆ।

# ਮੈਲਾ ਢੋਣ ਵਾਲੇ ਦਲਿਤ ਕਰਮਚਾਰੀਆਂ ਦੀਆਂ ਮੌਤਾਂ ਭਾਰਤ ਲਈ ਕਲੰਕ




ਭਾਰਤ ਵਿਚ ਦਲਿਤ ਗੁਲਾਮੀ ਤੋਂ ਆਜ਼ਾਦ ਨਹੀਂ ਹੋਏ। ਮੈਲਾ ਢੋਣਾ ਉਨ੍ਹਾਂ ਦੀ ਕਿਸਮਤ ਵਿਚ ਹਾਲੇ ਤੱਕ ਲਿਖਿਆ ਹੋਇਆ ਹੈ। ਜਦ ਕਿ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਨੇ ਮੈਲਾ ਢੋਣ ਦਾ ਵਿਰੋਧ ਵੀ ਕੀਤਾ ਸੀ। ਪਰ ਇਹ ਨਰਕ ਹਾਲੇ ਤੱਕ ਜਾਰੀ ਹੈ, ਜਿਸ ਕਾਰਨ ਮੈਲਾ ਢੋਣ ਵਾਲੇ ਕਰਮਚਾਰੀਆਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਨਰਕ ਭਰੀ ਹਾਲਤ ਵਿਚ ਰਹਿਣਾ ਪੈ ਰਿਹਾ ਹੈ ਤੇ ਕਈ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਸਾਲ 2018 ਦੀ ਸ਼ੁਰੂਆਤ ਦੌਰਾਨ ਹੀ ਹੱਥ ਨਾਲ ਗੰਦ ਕੱਢਣ ਕਾਰਨ ਸੱਤ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਸਾਲ 2017 ਵਿਚ ਜੇਕਰ ਅਖਬਾਰਾਂ ਦੇ ਅੰਕੜਿਆਂ ’ਤੇ ਝਾਤ ਮਾਰੀਏ ਤਾਂ ਸੌ ਦਿਨਾਂ ਦੇ ਫ਼ਰਕ ਨਾਲ 17 ਮਜ਼ਦੂਰਾਂ ਨੂੰ ਇਸ ਅਣਮਨੁੱਖੀ ਕੰਮ ਵਿਚ ਲੱਗਣ ਕਾਰਨ ਆਪਣੀ ਜਾਨ ਗੁਆਉਣੀ ਪਈ। ਇਨ੍ਹਾਂ ਮੌਤਾਂ ’ਤੇ ਸਮਾਜ ਤੇ ਸਰਕਾਰ ਚੁੱਪ ਕਿਉਂ ਰਹੀ ? ਕਿੱਥੇ ਗਏ ਮਨੁੱਖੀ ਅਧਿਕਾਰਾਂ ਦੀ ਆਵਾਜ਼ ਉਠਾਉਣ ਵਾਲੇ ? ਅਦਾਲਤਾਂ ਵਿਚ ਪੀ. ਆਈ. ਐੱਲ. ਫਾਈਲ ਕਰਨ ਵਾਲੇ ?

ਬੀਤੇ 2017 ਸਾਲ ਵਿਚ ਅਪਰੈਲ ਤੋਂ ਜੁਲਾਈ ਵਿਚਾਲੇ ਪੂਰੇ ਭਾਰਤ ਵਿਚ 54 ਸਫ਼ਾਈ ਮੁਲਾਜ਼ਮਾਂ ਦੀਆਂ ਮੌਤਾਂ ਹੋਈਆਂ। ਭਾਵੇਂ ਮੌਤਾਂ ਜ਼ਿਆਦਾ ਹੋਈਆਂ ਹੋਣਗੀਆਂ, ਪਰ ਪੁਲੀਸ ਗ਼ਰੀਬਾਂ ਦੀ ਰਿਪੋਰਟ ਲਿਖਦੀ ਕਦੋਂ ਹੈ ? ਠੇਕੇਦਾਰ ਰਾਹੀਂ ਗ਼ਰੀਬਾਂ ਨੂੰ ਪੈਸੇ ਦਿਵਾ ਕੇ ਕੇਸ ਰਫਾ ਦਫਾ ਕਰ ਦਿੱਤੇ ਜਾਂਦੇ ਹਨ।

ਸਿਰਫ਼ ਦਿੱਲੀ ਵਿਚ ਹੀ ਪੰਜ ਸਾਲਾਂ ਦੇ ਅੰਦਰ 74 ਸਫ਼ਾਈ ਕਰਮਚਾਰੀਆਂ ਦੀ ਮੌਤ ਸੀਵਰ ਤੇ ਸੈਪਟਿਕ ਟੈਂਕਾਂ ਦੀ ਸਫ਼ਾਈ ਦੌਰਾਨ ਹੋ ਗਈ। 1 ਮਈ, 2017 ਨੂੰ ਪੰਜਾਬ ਦੇ ਤਰਨਤਾਰਨ ਵਿਚ ਵੀ ਦੋ ਸਫ਼ਾਈ ਮੁਲਾਜ਼ਮਾਂ ਅਮਨ ਕੁਮਾਰ (35) ਤੇ ਪ੍ਰੇਮ ਕੁਮਾਰ ਕਾਕਾ (29) ਦੀ ਮੌਤ ਹੋ ਗਈ। 3 ਮਈ, 2017 ਨੂੰ ਪਟਨਾ ਦੇ ਦੋ ਸਫ਼ਾਈ ਮੁਲਾਜ਼ਮ ਸੀਵਰ ਦੀ ਸਫ਼ਾਈ ਕਰਦੇ ਸਮੇਂ ਦਮ ਘੁੱਟਣ ਨਾਲ ਮਰ ਗਏ। ਪਰ ਉਪਰੋਕਤ ਮੌਤਾਂ ਬਾਰੇ ਕੋਈ ਪ੍ਰਤੀਕਰਮ ਵੀ ਨਾ ਹੋਇਆ, ਕਿਸੇ ਟੀਵੀ ਚੈਨਲ ਨੇ ਇਸ ਮੱਸਲੇ ਨੂੰ ਚੁੱਕਿਆ ਵੀ ਨਾ ਤੇ ਨਾ ਹੀ ਕਿਤੇ ਮੋਮਬੱਤੀ ਮਾਰਚ ਹੋਇਆ। ਇਸ ਤੋਂ ਸਾਫ਼ ਜਾਹਿਰ ਹੈ ਕਿ ਗਰੀਬਾਂ, ਕਿਰਤੀਆਂ, ਦਲਿਤਾਂ ਦੀ ਭਾਰਤੀ ਸਮਾਜ ਵਿਚ ਜ਼ਿੰਦਗੀ ਦੀ ਕੋਈ ਕੀਮਤ ਨਹੀਂ। ਇਸ ਤਰ੍ਹਾਂ ਦੇ ਕੰਮ ਦਲਿਤ ਖ਼ਾਸ ਕਰਕੇ ‘ਵਾਲਮੀਕਿ’ ਭਾਈਚਾਰੇ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਹਨ। ਇਸ ਬੁਰੀ ਪ੍ਰਥਾ ਨੇ ਦੇਸ ਦੇ ਲੱਗਭੱਗ ਹਰ ਸੂਬੇ ਵਿਚ ਆਪਣੇ ਪੈਰ ਪਸਾਰ ਰੱਖੇ ਹਨ। ਭਾਰਤ ਵਿਚ ਇਸ ਕੰਮ ਵਿਚ ਲੱਗਭਗ 12 ਲੱਖ ਵਿਅਕਤੀ ਜੁੜੇ ਹਨ। ਪੇਂਡੂ ਇਲਾਕਿਆਂ ਵਿਚ ਅੱਜ ਵੀ ਖੁੱਲ੍ਹੇਆਮ ਕਈ ਵਿਅਕਤੀ ਹੱਥ ਨਾਲ ਮਨੁੱਖੀ ਮਲ ਦੀ ਸਫ਼ਾਈ ਕਰਦੇ ਹਨ। ਇਸ ਤਰ੍ਹਾਂ ਦਾ ਕੰਮ ਕਰਨ ਵਾਲੇ ਵਿਅਕਤੀ ਨੂੰ ਸਮਾਜ ਵਿਚ ਬਰਾਬਰੀ ਦਾ ਦਰਜਾ ਨਹੀਂ ਮਿਲਦਾ। ਉਹ ਕਈ ਸਰੀਰਕ ਤੇ ਮਾਨਸਿਕ ਰੋਗਾਂ ਤੋਂ ਪੀੜਤ ਵੀ ਹੁੰਦੇ ਹਨ। ਨਾਲ ਹੀ, ਇਸ ਕੰਮ ਲਈ ਉਨ੍ਹਾਂ ਨੂੰ ਬੇਹੱਦ ਘੱਟ ਮਿਹਨਤਾਨਾ ਮਿਲਦਾ ਹੈ। ਸ਼ਹਿਰਾਂ ਤੋਂ ਵੱਧ ਬੁਰੀ ਹਾਲਤ ਪੇਂਡੂ ਖੇਤਰਾਂ ਵਿਚ ਹੈ, ਜਿੱਥੇ ਅੱਜ ਵੀ ਇਸ ਤਰ੍ਹਾਂ ਦੇ ਸਫ਼ਾਈ ਮੁਲਾਜ਼ਮ ਹੀਣ ਭਾਵਨਾ ਦੇ ਸ਼ਿਕਾਰ ਹਨ। ਨਾ ਸਿਰਫ਼ ਉਹ, ਸਗੋਂ ਉਨ੍ਹਾਂ ਦੀ ਆਉਣ ਵਾਲੀ ਪੀੜੀ ਵੀ ਇਸ ਦਾ ਸ਼ਿਕਾਰ ਹੁੰਦੀ ਹੈ। ਸਕੂਲਾਂ ਵਿਚ ਉਨ੍ਹਾਂ ਦੇ ਬੱਚਿਆਂ ਨੂੰ ਵੱਖ ਬਿਠਾਇਆ ਜਾਂਦਾ ਹੈ ਤੇ ਮਿਡ-ਡੇ-ਮੀਲ ਜਿਹੀਆਂ ਯੋਜਨਾਵਾਂ ਤਹਿਤ ਉਨ੍ਹਾਂ ਨੂੰ ਭੋਜਨ ਵੀ ਵੱਖਰੇ ਤੋਂ ਉਪਲੱਬਧ ਕਰਵਾਇਆ ਜਾਂਦਾ ਹੈ। ਕਿਤੇ-ਕਿਤੇ ਤਾਂ ਉਹ ਅੱਜ ਵੀ ਅਛੂਤ ਸਮਝੇ ਜਾਂਦੇ ਹਨ।

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਸ ਤਰ੍ਹਾਂ ਦਾ ਕੰਮ ਕਰਨ ਵਾਲੇ ਲੋਕਾਂ ਜ਼ਿਆਦਾਤਰ ਅਨਪੜ੍ਹ ਹਨ ਤੇ ਨਾਗਰਿਕ ਹੱਕਾਂ ਦੇ ਪ੍ਰਤੀ ਸੁਚੇਤ ਨਹੀਂ ਹਨ। ਸਾਲ 1993 ਵਿਚ ਪਾਸ ਅਤੇ ਸਾਲ 2013 ਵਿਚ ਸੋਧ ‘ਸਫ਼ਾਈ ਮੁਲਾਜ਼ਮ ਨਿਯੁਕਤ ਤੇ ਸੁੱਕੇ ਪਖਾਨਾ ਘਰ ਬਣਾਉਣਾ ਤੇ ਮੁੜਵਸੇਬੇ ਦੇ ਕਾਨੂੰਨ ਤਹਿਤ ਖੁਸ਼ਕ ਪਖਾਨਾਘਰਾਂ ਵਿਚ ਹੱਥ ਨਾਲ ਮਲ ਕੱਢਣ ਦੀ ਪ੍ਰਕਿਰਿਆ ਨਾਲ ਸੰਬੰਧਿਤ ਨਿਯੁਕਤੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ। 2013 ਵਿਚ ਉੱਪਰ ਦਿੱਤੇ ਕਾਨੂੰਨ ਵਿਚ ਹੋਈ ਸੋਧ ਵਿਚ ਇਸ ਕੰਮ ਨਾਲ ਜੁੜੇ ਵਿਅਕਤੀਆਂ ਦੇ ਮੁੜ-ਵਸੇਬੇ ਦੀ ਗੱਲ ਵੀ ਆਖੀ ਗਈ ਸੀ, ਪਰ ਇਸ ਕਾਨੂੰਨ ਦੇ ਲਾਗੂ ਹੋਣ ਦੇ ਏਨੇ ਵਰ੍ਹਿਆਂ ਬਾਅਦ ਵੀ ਅੱਜ ਵੀ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ ਤੇ ਕੋਈ ਸੁਧਾਰ ਨਹੀਂ ਹੋਇਆ। ਪਰ ਇਨ੍ਹਾਂ ਸਭ ਮੌਤਾਂ ਲਈ ਜ਼ਿੰਮੇਵਾਰ ਕੌਣ ਹੈ ਤੇ ਉਨ੍ਹਾਂ ’ਤੇ ਕਾਰਵਾਈ ਕਿਉਂ ਨਹੀਂ ਹੋ ਰਹੀ ? ਅੱਜ ਤਕ ਸੀਵਰ ਤੇ ਸੈਪਟਿਕ ਟੈਂਕਾਂ ਵਿਚ ਮੌਤਾਂ ਲਈ ਕਿਸੇ ਨੂੰ ਵੀ ਜੇਲ੍ਹ ਕਿਉਂ ਨਹੀਂ ਭੇਜਿਆ ਗਿਆ ਤੇ ਸਜ਼ਾਵਾਂ ਕਿਉਂ ਨਹੀਂ ਮਿਲੀਆਂ ? ਅਜਿਹਾ ਇਸ ਲਈ ਕਿਉਂਕਿ ਸਾਰਾ ਮਾਮਲਾ ਸੰਬੰਧਿਤ ਵਿਭਾਗਾਂ ਦੀ ਭ੍ਰਿਸ਼ਟ ਨੀਤੀ ਤੇ ਦੋਸ਼ੀਆਂ ਨਾਲ ਉਨ੍ਹਾਂ ਦੀ ਮਿਲੀਭੁਗਤ ਨਾਲ ਜੁੜਿਆ ਹੋਇਆ ਹੈ।

ਸਫਾਈ ਕਰਮਚਾਰੀਆਂ ਦੀ ਮੌਤ ਦਾ ਕਾਰਨ ਇਹ ਹੈ ਕਿ ਉਨ੍ਹਾਂ ਕੋਲ ਸੁਰੱਖਿਆ ਲਈ ਜ਼ਰੂਰੀ ਪਹਿਰਾਵੇ ਨਹੀਂ ਸਨ ਤੇ ਸਾਰੇ ਦੇ ਸਾਰੇ ਠੇਕੇ ’ਤੇ ਕੰਮ ਕਰਦੇ ਸਨ। ਸੀਵਰੇਜ ਸਫ਼ਾਈ ਕਾਰਨ ਮੁਲਾਜ਼ਮ ਮਰ ਰਹੇ ਹਨ, ਬਿਮਾਰ ਪੈ ਰਹੇ ਹਨ। ਮਦਰਾਸ ਹਾਈ ਕੋਰਟ ਕੇਂਦਰ ਤੇ ਸੂਬਾ ਸਰਕਾਰ ਨੂੰ ਹੁਕਮ ਦੇ ਚੁੱਕੀ ਹੈ ਕਿ ਸਿਰ ’ਤੇ ਕੂੜਾ ਢੋਣ ਵਾਲੇ ਕੰਮ ਅਰਥਾਤ ਰੋਜ਼ਗਾਰ ’ਤੇ ਪਾਬੰਦੀ ਹੈ। ਇਥੋਂ ਤੱਕ ਸਫਾਈ ਕਰਮਚਾਰੀ ਮੁੜ ਵਸੇਬਾ ਕਾਨੂੰਨ 2013 ਦੀ ਧਾਰਾ 7 ਦੇ ਤਹਿਤ ਨਾਲਿਆਂ ਤੇ ਸੈਪਟਿਕ ਟੈਂਕਾਂ ਦੀ ਜਾਨਲੇਵਾ ਸਫ਼ਾਈ ਨਹੀਂ ਕਰ ਸਕਦੀ। 1 ਜਨਵਰੀ, 2014 ਤੋਂ 20 ਮਾਰਚ, 2017 ਦੇ ਵਿਚਾਲੇ ਤਾਮਿਲਨਾਡੂ ਵਿਚ ਸਿਰ ’ਤੇ ਕੂੜਾ ਢੋਣ ਦੇ ਕਾਰਨ 30 ਸਫ਼ਾਈ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ। ਇਹ ਮੌਤਾਂ ਤਾਂ ਰੁਕ ਸਕਦੀਆਂ ਹਨ, ਜਦੋਂ ਲੋਕ ਸੀਵਰੇਜ ਤੇ ਸੈਪਟਿਕ ਟੈਂਕਾਂ ਵਿਚ ਜਾਣਾ ਬੰਦ ਕਰ ਦਿੱਤਾ ਜਾਵੇ। ਅਖੀਰ ਗਟਰ, ਸੀਵਰੇਜ ਤੇ ਮੈਨਹੋਲ ਸਾਫ਼ ਕਰਨ ਲਈ ਅਸਥਾਈ ਮੁਲਾਜ਼ਮਾਂ ਨੂੰ ਹੀ ਕਿਉਂ ਰੱਖਿਆ ਜਾਂਦਾ ਹੈ ? ਕੀ ਸਿਸਟਮ ਨੂੰ ਇਹ ਪਤਾ ਹੈ ਕਿ ਇਸ ਕੰਮ ਵਿਚ ਕਦੇ ਨਾ ਕਦੇ ਮੌਤ ਨਿਸ਼ਚਤ ਹੈ। ਇਸ ਲਈ ਜੇਕਰ ਪੱਕੀ ਨੌਕਰੀ ਹੋਵੇਗੀ, ਤਾਂ ਉਸ ਦੀ ਥਾਂ ’ਤੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਰੱਖਣਾ ਪਵੇਗਾ। ਮੁੰਬਈ ਵਿਚ 35,000 ਸਫ਼ਾਈ ਮੁਲਾਜ਼ਮ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਠੇਕੇ ’ਤੇ ਰੱਖੇ ਜਾਂਦੇ ਹਨ। 2014 ਵਿਚ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਸੀ ਕਿ ਨਾਲੀਆਂ ਦੀ ਸਫ਼ਾਈ ਦੌਰਾਨ ਮਾਰੇ ਗਏ ਮੁਲਾਜ਼ਮਾਂ ਦੇ ਪਰਿਵਾਰ ਵਾਲਿਆਂ ਨੂੰ ਦਸ ਲੱਖ ਰੁਪਏ ਦਿੱਤੇ ਜਾਣਗੇ। ਪਰ ਕਈ ਰਿਪੋਰਟਾਂ ਵਿਚ ਇਸ ਗੱਲ ਦਾ ਜ਼ਿਕਰ ਮਿਲਿਆ ਕਿ ਮਰਨ ਵਾਲੇ ਸਫ਼ਾਈ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਨਹੀਂ ਮਿਲਦਾ ਹੈ।

ਮੁੰਬਈ ਦੀ ਨਗਰਪਾਲਿਕਾ ਦਾ ਬਜਟ ਤਾਂ ਕਈ ਹਜ਼ਾਰ ਕਰੋੜ ਹੈ, ਉੱਥੇ ਵੀ ਮੈਨਹੋਲ ਸਾਫ਼ ਕਰਦੇ ਹੋਏ ਸਫ਼ਾਈ ਮੁਲਾਜ਼ਮ ਮਰ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਕੋਲ ਆਧੁਨਿਕ ਮਸ਼ੀਨਾਂ ਦੀ ਘਾਟ ਹੈ ਤੇ ਭਾਰਤੀ ਸ਼ਹਿਰਾਂ ਦੀ ਬਣਾਵਟ ਵੀ ਅਜਿਹੀ ਹੈ ਕਿ ਹਰ ਥਾਂ ਇਹ ਵੱਡੇ ਟਰੱਕ ਪਹੁੰਚ ਵੀ ਨਹੀਂ ਸਕਦੇ ਹਨ। ਇੱਥੇ ਇੱਕ ਇਹ ਕਦਮ ਵੀ ਜ਼ਿਕਰਯੋਗ ਹੋਵੇਗਾ ਕਿ ਹੁਣੇ ਜਿਹੇ ਇਸ ਸਮੱਸਿਆ ਦੇ ਹੱਲ ਲਈ ਕੇਰਲ ਵਿਚ ‘ਕੇਰਲ ਵਾਟਰ ਅਥਾਰਿਟੀ’ ਤੇ ‘ਕੇਰਲ ਸਟਾਰਟਅਪ ਮਿਸ਼ਨ’ ਦੇ ਵਿਚਾਲੇ ‘ਬੰਦੀਕੂਤ’ ਨਾਮਕ ਰੋਬੋਟ ਤੇ ਸੰਬੰਧਿਤ ਤਕਨੀਕ ਦੇ ਸ਼ਾਮਲ ਹੋਣ ਦੇ ਸਹਿਮਤੀ ਪੱਤਰ ’ਤੇ ਦਸਤਖ਼ਤ ਹੋਏ ਹਨ। ਇਹ ਰੋਬੋਟ ਇਸ ਹੱਥ ਆਧਾਰਿਤ ਮੱਲ ਕੱਢਣ ਦੇ ਕੰਮ ਨੂੰ ਅੰਜਾਮ ਦੇਵੇਗਾ। ਇਸ ਵਿਚ ਕੈਮਰਾ, ਬਲੂਟੂਥ ਆਦਿ ਯੰਤਰ ਲੱਗੇ ਹਨ, ਜਿਸ ਨਾਲ ਇਹ ਆਪਣਾ ਕੰਮ ਸੁਚਾਰੂ ਰੂਪ ਨਾਲ ਕਰ ਸਕੇ।

ਹਾਲਾਂ ਕਿ ਇਨ੍ਹਾਂ ਕੋਸ਼ਿਸ਼ਾਂ ਦੇ ਠੋਸ ਨਤੀਜੇ ਹਾਲੇ ਤੱਕ ਘੱਟ ਹੀ ਸਾਹਮਣੇ ਆਏ ਹਨ। ਨਗਰਪਾਲਿਕਾਵਾਂ ਵੱਲੋਂ ਜਦੋਂ ਸੀਵਰੇਜ ਨਾਲ ਜੁੜੀਆਂ ਸੂਚਨਾਵਾਂ ਜਾਰੀ ਕੀਤੀਆਂ ਜਾਂਦੀਆਂ ਹਨ, ਤਾਂ ਸੂਚਨਾ ਜਾਣਨ ਵਾਲੇ ਠੇਕੇਦਾਰ ਅਕਸਰ ਪੈਸਾ ਬਚਾਉਣ ਲਈ ਪੇਂਡੂ ਤੇ ਪਿਛੜੇ ਇਲਾਕਿਆਂ ਤੋਂ ਮਾਮੂਲੀ ਦਿਹਾੜੀ ’ਤੇ ਉਨ੍ਹਾਂ ਲੋਕਾਂ ਨੂੰ ਕੰਮ ’ਤੇ ਰੱਖਦੇ ਹਨ, ਜਿਹੜੇ ਹੱਥ, ਝਾੜੂ ਜਾਂ ਬਾਲਟੀ ਨਾਲ ਮਲ ਤੇ ਹੋਰ ਗੰਦਗੀ ਹਟਾਉਣ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਦਾ ਕੰਮ ਲੈਣ ’ਤੇ ਪਾਬੰਦੀ ਲੱਗਣੀ ਚਾਹੀਦੀ ਹੈ ਤੇ ਇਸ ਨਾਲ ਸਬੰਧਿਤ ਕਾਨੂੰਨ ਦੀ ਉਲੰਘਣਾ ਹੋਣਾ ਆਮ ਗੱਲ ਹੈ। ਹੋਰ ਤਾਂ ਹੋਰ, ਜਦੋਂ ਵੀ ਇਸ ਪੇਸ਼ੇ ਨਾਲ ਜੁੜੇ ਲੋਕਾਂ ਦੀ ਮੌਤ ਹੁੰਦੀ ਹੈ, ਜ਼ਿਆਦਾਤਰ ਇਹੀ ਦੇਖਣ ਨੂੰ ਮਿਲਦਾ ਹੈ ਕਿ ਪੁਲਿਸ, ਲਾਪਰਵਾਹੀ ਨਾਲ ਮੌਤ ਜਾਂ ਹਾਦਸੇ ਦਾ ਮਾਮਲਾ ਬਣਾ ਕੇ ਮੂਲ ਕਾਰਨ ਨੂੰ ਹੀ ਦਬਾ ਦਿੰਦੀ ਹੈ। ਭਾਰਤੀ ਰੇਲ ਵਿਚ ਹੇਠਲੇ ਪੱਧਰ ’ਤੇ ਇਸ ਕਾਨੂੰਨ ਦੀਆਂ ਧੱਜੀਆਂ ਉੱਡਦੇ ਹੋਏ ਵਿਸ਼ੇਸ਼ ਤੌਰ ’ਤੇ ਦੇਖਿਆ ਜਾ ਸਕਦਾ ਹੈ।

ਸੋ ਇਸ ਕੁਪ੍ਰਥਾ ਦਾ ਬੋਝ ਢੋਣ ਵਾਲੇ ਕਰਮਚਾਰੀਆਂ ਨੂੰ ਸਰਕਾਰ ਵੱਲੋਂ ਇਸ ਸਬੰਧ ਵਿਚ ਜਾਗ੍ਰਿਤ ਕਰਨ ਦੀ ਲੋੜ ਹੈ ਕਿ ਉਹ ਨੰਗੇ ਹੱਥਾਂ ਨਾਲ ਮੈਲਾ ਨਾ ਢੋਣ ਤੇ ਨਾ ਹੀ ਆਧੁਨਿਕ ਪ੍ਰਬੰਧਾਂ ਤੋਂ ਬਿਨਾਂ ਸੀਵਰੇਜ ਦੀ ਸਫਾਈ ਲਈ ਉਤਰਨ। ਸਰਕਾਰ ਵੱਲੋਂ ਕਿਸੇ ਬਿਮਾਰੀ ਤੋਂ ਪੀੜਤ ਹੋਣ ’ਤੇ ਉਨ੍ਹਾਂ ਦੀ ਜਾਂਚ ਮੁੱਢਲੇ ਪੱਧਰ ’ਤੇ ਕਰਵਾਉਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਲਈ ਖ਼ਾਸ ਯਤਨ ਕੀਤੇ ਜਾਣੇ ਚਾਹੀਦੇ ਹਨ। ਪੇਂਡੂ ਪੱਧਰ ’ਤੇ ਸਰਕਾਰ ਨੂੰ ਸਮੇਂ-ਸਮੇਂ ’ਤੇ ਅਚਾਨਕ ਜਾਂਚ ਕਰਦੇ ਹੋਏ ਇਨ੍ਹਾਂ ਸਰਗਰਮੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ ਤੇ ਦੋਸ਼ੀ ਸਰਕਾਰੀ ਅਧਿਕਾਰੀਆਂ ਤੇ ਠੇਕੇਦਾਰਾਂ ’ਤੇ ਕਰੜੀ ਕਾਰਵਾਈ ਕਰਨੀ ਚਾਹੀਦੀ ਹੈ ਜੋ ਕਿ ਇਨ੍ਹਾਂ ਗਰੀਬ ਸਫਾਈ ਕਰਮਚਾਰੀਆਂ ਦੀਆਂ ਜਾਨਾਂ ਨਾਲ ਖੇਡ ਰਹੇ ਹਨ। ਕਾਨੂੰਨ ਦੀ ਸਖ਼ਤੀ ਤੋਂ ਬਿਨਾਂ ਇਸ ਦਾ ਕੋਈ ਹੱਲ ਨਹੀਂ ਹੈ।

# ਖਾਪ ਪੰਚਾਇਤਾਂ ਬਾਰੇ ਸੁਪਰੀਮ ਕੋਰਟ ਨੇ ਸਖ਼ਤ ਰਵੱਈਆ ਅਪਣਾਇਆ

- **ਖਾਪ ਪੰਚਾਇਤਾਂ ਲੋਕਾਂ ਦੀ ਜ਼ਿੰਦਗੀ ’ਚ ਕਰ ਰਹੀਆਂ ਨੇ ਦਖ਼ਲਅੰਦਾਜ਼ੀ**
- **ਪਰੰਪਰਾ ਦੇ ਨਾਂ ’ਤੇ ਲੋਕਾਂ ਦੇ ਗਲੇ ਪਾਈ ਜਾ ਰਹੀ ਏ ਗੁਲਾਮੀ**
- **ਸਰਕਾਰਾਂ ਤੇ ਰਾਜਨੀਤਕ ਪਾਰਟੀਆਂ ਨੇ ਵੋਟਾਂ ਖਾਤਰ ਖਾਪ ਪੰਚਾਇਤਾਂ ਦੀ ਹਿਟਲਰਸ਼ਾਹੀ ਅੱਗੇ ਗੋਡੇ ਟੇਕੇ**
- **ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਪਾਈਆਂ ਝਾੜਾਂ ਤੇ ਕਿਹਾ ਖਾਪ ਪੰਚਾਇਤਾਂ ਨੂੰ ਕਾਨੂੰਨ ਤੇ ਲੋਕਾਂ ਦੀ ਜ਼ਿੰਦਗੀ ’ਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ**



**ਪਰਗਟ ਸਿੰਘ**, ਜੰਡਿਆਲਾ ਗੁਰੂ

ਖਾਪ ਪੰਚਾਇਤਾਂ ਦੇ ਮਾਮਲੇ ’ਤੇ ਬੀਤੇ ਦਿਨੀਂ ਸੁਪਰੀਮ ਕੋਰਟ ਨੇ ਜ਼ਰੂਰੀ ਦਖ਼ਲ ਦਿੱਤਾ। ਸੁਪਰੀਮ ਕੋਰਟ ਦੇ ਮੁੱਖ ਜੱਜ ਦੀਪਕ ਮਿਸ਼ਰ ਏਐੱਮ ਖਾਨ ਵਿਲਕਰ ਅਤੇ ਡੀਆਈ ਚੰਦਰਚੂੜ ਦੇ ਬੈਂਚ ਨੇ ਗ਼ੈਰ-ਸਰਕਾਰੀ ਸੰਗਠਨ ਸ਼ਕਤੀਵਾਹਿਨੀ ਦੀ ਰਿੱਟ ’ਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਸੰਵਿਧਾਨ ਹਰ ਬਾਲਗ ਨਾਗਰਿਕ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਆਪਣੀ ਪਸੰਦ ਤੇ ਸਹਿਮਤੀ ਨਾਲ ਕਿਸੇ ਨਾਲ ਪ੍ਰੇਮ ਤੇ ਵਿਆਹ ਕਰ ਸਕਦਾ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਸਾਮਾਜਿਕ ਪਰੰਪਰਾ ਦੇ ਨਾਂ ’ਤੇ ਕੋਈ ਵੀ ਖਾਪ ਪੰਚਾਇਤ ਉਸ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ। ਇਹ ਦੇਸ ਦੀ ਸੰਵਿਧਾਨਕ ਵਿਵਸਥਾ ਦੇ ਖ਼ਿਲਾਫ਼ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਠੀਕ ਹੀ ਕਿਹਾ ਹੈ ਕਿ ਜੇਕਰ ਕੋਈ ਬਾਲਗ਼ ਲੜਕਾ ਤੇ ਲੜਕੀ ਆਪਣੀ ਮਰਜ਼ੀ ਨਾਲ ਵਿਆਹ ਕਰਦੇ ਹਨ, ਤਾਂ ਇਹ ਉਨ੍ਹਾਂ ਦਾ ਅਧਿਕਾਰ ਹੈ। ਇਸ ’ਤੇ ਕੋਈ ਖਾਪ ਪੰਚਾਇਤ, ਸਾਮਾਜਿਕ ਜਥੇਬੰਦੀ ਜਾਂ ਵਿਅਕਤੀ ਨਾ ਤਾਂ ਸਵਾਲ ਉਠਾ ਸਕਦਾ ਹੈ ਤੇ ਨਾ ਸਜ਼ਾ ਤੈਅ ਕਰ ਸਕਦਾ ਹੈ ਅਰਥਾਤ ਭਾਰਤ ਦੀ ਸੁਪਰੀਮ ਕੋਰਟ ਇਸ ਬਾਰੇ ਵਿਚ ਬਿਲਕੁਲ ਸਪੱਸ਼ਟ ਰਾਏ ਰੱਖਦੀ ਹੈ ਕਿਸੇ ਨਾਗਰਿਕ ਨੂੰ ਉਸ ਦੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝੇ ਨਹੀਂ ਕੀਤਾ ਜਾ ਸਕਦਾ। ਪਰ ਅਨੋਖੀ ਗੱਲ ਇਹ ਹੈ ਕਿ ਸਰਕਾਰ ਇਨ੍ਹਾਂ ਨਿਯਮਾਂ ’ਤੇ ਅਮਲ ਨਹੀਂ ਕਰਵਾ ਰਹੀ ਤੇ ਨਾ ਹੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੀ ਹੈ।

ਅਜਿਹੇ ਮਾਮਲੇ ਅਕਸਰ ਆਉਂਦੇ ਹਨ, ਜਿਸ ਵਿਚ ਕਿਸੇ ਪ੍ਰੇਮੀ ਜੋੜੇ ਨੂੰ ਸਿਰਫ਼ ਇਸ ਲਈ ਮਾਰ ਦੇਣ ਦਾ ਹੁਕਮ ਸੁਣਾਇਆ ਗਿਆ ਜਾਂ ਮਾਰ ਦਿੱਤਾ ਗਿਆ ਕਿ ਉਹ ਜਾਂ ਤਾਂ ਇੱਕੋ ਗੋਤ ਵਿਚ ਵਿਆਹ ਕਰਨਾ ਚਾਹੁੰਦੇ ਸਨ ਜਾਂ ਫਿਰ ਉੱਚੀ ਨੀਵੀਂ ਕਹੀ ਜਾਂਦੀ ਜਾਤ ਨਾਲ ਸੰਬੰਧ ਰੱਖਦੇ ਸਨ। ਇਹ ਸਥਿਤੀ ਨਾ ਕੇਵਲ ਇੱਕ

**ਬਾਕੀ ਸਫ਼ਾ 28 ’ਤੇ**

## ਕੀ ਹਨ ਖਾਪ ਪੰਚਾਇਤਾਂ

ਇਹ ਖਾਪ ਪੰਚਾਇਤਾਂ ਪ੍ਰਭਾਵਸ਼ਾਲੀ ਲੋਕਾਂ ਜਾਂ ਗੋਤਾਂ ਦਾ ਸਮੂਹ ਹੈ। ਜੋ ਕਿ ਪੁਰਾਣੀਆਂ ਪਰੰਪਰਾਵਾਂ ਨੂੰ ਲਾਗੂ ਕਰਦੀਆਂ ਹਨ ਤੇ ਜੋ ਨਹੀਂ ਮੰਨਦਾ, ਉਸ ਨੂੰ ਕਾਨੂੰਨ ਤੇ ਸੰਵਿਧਾਨ ਦੇ ਵਿਰੁੱਧ ਜਾ ਕੇ ਸਜ਼ਾਵਾਂ ਦਿੰਦੀਆਂ ਹਨ। ਇਸ ਵਿਚ ਔਰਤਾਂ ਸ਼ਾਮਲ ਨਹੀਂ ਹੁੰਦੀਆਂ ਤੇ ਨਾ ਹੀ ਉਨ੍ਹਾਂ ਦੀ ਪ੍ਰਤੀਨਿੱਧਤਾ ਹੁੰਦੀ ਹੈ। ਇਹ ਕੇਵਲ ਪੁਰਸ਼ਾਂ ਦੀ ਪੰਚਾਇਤ ਹੁੰਦੀ ਹੈ ਤੇ ਉਹੀ ਫ਼ੈਸਲੇ ਲੈਂਦੇ ਹਨ। ਖਾਪ ਪੰਚਾਇਤ ਪੰਜ ਪਿੰਡਾਂ ਦੀ ਵੀ ਹੋ ਸਕਦੀ ਹੈ ਤੇ ਵੀਹ-ਪੰਝੀ ਪਿੰਡਾਂ ਦੀ ਵੀ ਹੋ ਸਕਦੀ ਹੈ। ਪ੍ਰਭਾਵਸ਼ਾਲੀ ਗੋਤ ਦਾ ਹੀ ਖਾਪ ਪੰਚਾਇਤ ਵਿਚ ਬੋਲਬਾਲਾ ਹੁੰਦਾ ਹੈ। ਸਾਰੇ ਪਿੰਡ ਨਿਵਾਸੀਆਂ ਨੂੰ ਬੈਠਕ ਵਿਚ ਬੁਲਾਇਆ ਜਾਂਦਾ ਹੈ ਤੇ ਜੋ ਵੀ ਫ਼ੈਸਲਾ ਕੀਤਾ ਜਾਂਦਾ ਹੈ, ਉਸ ਨੂੰ ਸਰਬ ਸੰਮਤੀ ਨਾਲ ਲਿਆ ਗਿਆ ਫ਼ੈਸਲਾ ਦੱਸਿਆ ਜਾਂਦਾ ਹੈ ਤੇ ਇਸ ਨੂੰ ਮੰਨਣ ਲਈ ਸਾਰਾ ਸਮਾਜ ਮਜਬੂਰ ਹੁੰਦਾ ਹੈ। ਸਭ ਤੋਂ ਪਹਿਲਾਂ ਖਾਪ ਪੰਚਾਇਤਾਂ ਹਰਿਆਣਾ ਦੇ ਜਾਟਾਂ ਦੀਆਂ ਹਨ, ਜਿਨ੍ਹਾਂ ਦੀ ਪਿੰਡਾਂ ਵਿਚ ਜ਼ਮੀਨ ਹੈ। ਪ੍ਰਸ਼ਾਸਨ ਤੇ ਰਾਜਨੀਤੀ ਵਿਚ ਇਨ੍ਹਾਂ ਦਾ ਖਾਸਾ ਪ੍ਰਭਾਵ ਹੈ। ਜਨਸੰਖਿਆ ਵੀ ਕਾਫੀ ਜ਼ਿਆਦਾ ਹੈ। ਇਨ੍ਹਾਂ ਰਾਜਾਂ ਵਿਚ ਜਾਟ ਪ੍ਰਭਾਵਸ਼ਾਲੀ ਜਾਤੀ ਹੈ, ਇਸ ਲਈ ਇਨ੍ਹਾਂ ਦਾ ਬੋਲਬਾਲਾ ਹੈ। ਪਿਛਲੇ ਕੁਝ ਸਾਲਾਂ ਵਿਚ ਖਾਪ ਪੰਚਾਇਤਾਂ ਨੇ ਵਿਆਹ ਦੇ ਮਾਮਲਿਆਂ ਵਿਚ ਕਾਫੀ ਦਖ਼ਲਅੰਦਾਜ਼ੀ ਦੇਣੀ ਸ਼ੁਰੂ ਕਰ ਦਿੱਤੀ ਹੈ। ਭਾਵੇਂ ਮਾਤਾ-ਪਿਤਾ ਆਪਣੇ ਬੱਚਿਆਂ ਦੇ ਵਿਆਹ ਨੂੰ ਮਾਨਤਾ ਦਿੰਦੇ ਹੋਣ ਪਰ ਜੇਕਰ ਇਹ ਖਾਪ ਪੰਚਾਇਤ ਦੀ ਪਰੰਪਰਾ ਅਨੁਸਾਰ ਨਹੀਂ ਹੁੰਦੇ, ਤਾਂ ਖਾਪ ਪੰਚਾਇਤ ਉਨ੍ਹਾਂ ਵਿਆਹਾਂ ਨੂੰ ਮਾਨਤਾ ਨਹੀਂ ਦਿੰਦੀ। ਖਾਪ ਪੰਚਾਇਤਾਂ ਦਾ ਰਵੱਈਆ ਇਹੀ ਹੈ ਕਿ ‘ਛੋਰੇ ਤੋ ਹਾਥ ਸੇ ਨਿਕਲ ਗਏ, ਛੋਰੀਓਂ ਕੋ ਪਕੜ ਕਰ ਰੱਖੋ’। ਇਸ ਲਈ ਲੜਕੀਆਂ ਨੂੰ ਹੀ ਪਰੰਪਰਾ, ਅਣਖ ਤੇ ਸਨਮਾਨ ਦਾ ਬੋਝ ਢੋਣ ਦੀ ਵਸਤ ਬਣਾ ਦਿੱਤਾ ਗਿਆ ਹੈ। ਇਹ ਬਹੁਤ ਖ਼ਤਰਨਾਕ ਸਥਿਤੀ ਹੈ, ਇਸ ਪੂਰੇ ਮਾਮਲੇ ਵਿਚ ਪ੍ਰਸ਼ਾਸਨ ਤੇ ਸਰਕਾਰ ਲਾਚਾਰ ਨਜ਼ਰ ਆਉਂਦੀ ਹੈ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਨੂੰ ਇਸ ਵਿਚ ਦਖ਼ਲਅੰਦਾਜ਼ੀ ਦੇਣੀ ਪਈ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਨਅਤੀ ਸੱਭਿਅਤਾ ਤੇ ਅੰਤਰ-ਰਾਸ਼ਟਰਵਾਦ

**ਪੂਰਨ ਸਿੰਘ ਯੂ.ਕੇ.**

ਦੂਜੇ ਯੁੱਧ ਪਿੱਛੋਂ ਅੰਤਰ-ਰਾਸ਼ਟਰਵਾਦ ਨੂੰ ਮਨੁੱਖਤਾ ਦੀ ਪਹਿਲੀ ਲੋੜ ਸਮਝਿਆ ਜਾਣ ਲੱਗ ਪਿਆ ਸੀ। ਇਸ ਦਾ ਕਾਰਨ ਇਹ ਸੀ ਕਿ ਵਿਗਿਆਨ ਅਤੇ ਤਕਨੀਕ ਨੇ ਮਿਲ ਕੇ ਮਨੁੱਖ ਨੂੰ ਏਨਾ ਬਲਵਾਨ ਬਣਾ ਦਿੱਤਾ ਸੀ ਕਿ ਉਸ ਦਾ ਚੁੱਕਿਆ ਹੋਇਆ ਇੱਕ ਹੋਰ 'ਹਿਟਲਰੀ ਕਦਮ' ਸਾਰੀ ਸੱਭਿਅਤਾ ਦਾ ਸਫ਼ਾਇਆ ਕਰ ਸਕਦਾ ਸੀ। ਸਿਆਣਿਆਂ ਨੂੰ ਇਉਂ ਲੱਗਣ ਲੱਗ ਪਿਆ ਸੀ ਕਿ ਮਨੁੱਖੀ ਸੱਭਿਅਤਾ ਆਪਣੇ ਅੰਤ ਦੇ ਸਨਮੁੱਖ ਖਲੋਤੀ ਹੋਈ ਹੈ। ਉਨ੍ਹਾਂ ਦਾ ਡਰ ਕਈ ਵੇਰ ਖ਼ਤਰੇ ਵਿੱਚ ਬਦਲਿਆ ਹੈ ਅਤੇ ਹਰ ਵਾਰ ਐਟਮੀ ਹਥਿਆਰਾਂ ਦੀ ਅਪਾਰ ਸ਼ਕਤੀ ਦੀ ਭਿਆਨਕਤਾ ਨੇ ਆਪਣੀ (ਸ਼ਕਤੀ ਦੀ) ਵਰਤੋਂ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ ਹੁਣ ਹਾਲਤ ਕੁਝ ਵੱਖਰੀ ਹੈ। ਹੁਣ ਦੁਨੀਆਂ ਵਿੱਚ ਦੋ ਮਹਾਨ ਸ਼ਕਤੀਆਂ ਵਿਚਾਲੇ ਪ੍ਰਭੁਤਾ ਦੀ ਦੌੜ ਸਮਾਪਤ ਹੋ ਚੁੱਕੀ ਹੈ, ਜਿਸ ਕਰਕੇ ਸਨਅਤੀ ਸੱਭਿਅਤਾ ਨੂੰ ਆਪਣੀ ਸਲਾਮਤੀ ਬਾਰੇ ਸੋਚਣ ਦੀ ਲੋੜ ਨਹੀਂ ਰਹੀ; ਜਾਂ ਇਉਂ ਕਹਿ ਸਕਦੇ ਹਾਂ ਕਿ ਆਪਣੀ ਸਲਾਮਤੀ ਦਾ ਓਨਾ ਫ਼ਿਕਰ ਕਰਨ ਦੀ ਲੋੜ ਨਹੀਂ ਰਹੀ। ਦੂਜੀ ਵੱਡੀ ਤਬਦੀਲੀ ਇਹ ਹੋਈ ਹੈ ਕਿ ਸਾਇੰਸ ਅਤੇ ਮਸ਼ੀਨ ਨੇ ਮਿਲ ਕੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਸੱਭਿਅ ਸਾਊ, ਸੁਖੀ ਅਤੇ ਸਤਿਕਾਰਯੋਗ ਜੀਵਨ ਦੇਣ ਦੀ ਸਮਰੱਥਾ ਪ੍ਰਾਪਤ ਕਰ ਲਈ ਹੈ ਅਤੇ ਸਾਇੰਸ ਤੇ ਤਕਨੀਕ ਦੀ ਇਸ ਸਮਰੱਥਾ ਦੇ ਸਾਖਿਆਤਕਾਰ ਵਿੱਚ ਸਹਾਈ ਹੋਣਾ ਦੁਨੀਆਂ ਦੇ ਸਿਆਸੀ ਅਤੇ ਆਰਥਿਕ ਪ੍ਰਭੂਆਂ ਲਈ ਲਾਹੇਵੰਦਾ ਵੀ ਹੈ।

ਧਰਤੀ ਦੇ ਸਾਰੇ ਵਸਨੀਕਾਂ ਨੂੰ ਸੋਹਣਾ ਸਤਿਕਾਰਯੋਗ ਜੀਵਨ ਦੇਣ ਦੇ ਯਤਨ ਲਈ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਆਪਸੀ ਸਬੰਧਾਂ ਵਿੱਚ ਢੇਰ ਸਾਰੀ ਨਵੀਨਤਾ, ਸਿਆਣਪ ਅਤੇ ਸੁੰਦਰਤਾ ਪੈਦਾ ਕਰਨ ਦੀ ਲੋੜ ਹੈ। ਨਵੇਂ ਵਪਾਰਕ ਅਤੇ ਰਾਜਨੀਤਕ ਤਜਰਬਿਆਂ ਬਿਨਾਂ ਸਮੁੱਚੇ ਜੀਵਨ ਵਿੱਚ ਲੋੜੀਂਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਪੈਦਾ ਕਰਨੀ ਸੰਭਵ ਨਹੀਂ। ਸੱਭਿਆਚਾਰਾਂ, ਧਰਮਾਂ, ਕੌਮੀ ਗੌਰਵਾਂ ਅਤੇ ਇਤਿਹਾਸਕ ਦੁਸ਼ਮਣੀਆਂ ਦੇ ਰੂਪ ਵਿੱਚ ਕਈ ਕੁਝ ਵਿਕਾਸ ਦੇ ਰਾਹ ਵਿੱਚ ਰੁਕਾਵਟ ਬਣ ਕੇ ਖੜ੍ਹਾ ਹੋ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ ਸੱਭਿਅਤਾ ਦੀ ਸਲਾਮਤੀ ਦੇ ਰਾਹ ਦੀ ਰੁਕਾਵਟ ਬਣਨੋਂ ਕਦੇ ਇਨਕਾਰ ਨਹੀਂ ਕਰਦਾ।



'ਸਾਇੰਸ, ਸਨਅਤੀ, ਤਕਨੀਕ ਅਤੇ ਨਵੇਂ ਮਾਨਵੀ ਸਬੰਧਾਂ ਦੁਆਰਾ ਮਨੁੱਖੀ ਜੀਵਨ ਵਿੱਚ ਪੈਦਾ ਕੀਤੀ ਜਾ ਸਕਣ ਵਾਲੀ ਸੰਭਾਵੀ ਸੁੰਦਰਤਾ ਦੇ ਰਾਹ ਦੀਆਂ ਉਪਰੋਕਤ ਰੁਕਾਵਟਾਂ ਦਾ ਮੂਲ ਕਾਰਨ ਰਾਸ਼ਟਰਵਾਦ ਹੈ'; ਇਹ ਗੱਲ ਛੇਤੀ ਮੰਨੀ ਜਾਣ ਵਾਲੀ ਨਹੀਂ। ਜੇ ਇਸ ਨੂੰ ਨਾ ਮੰਨੀਏ ਤਾਂ ਅੰਤਰ-ਰਾਸ਼ਟਰਵਾਦ ਨੂੰ ਇਸ ਰੋਗ ਲਈ ਰਾਮ-ਬਾਣ ਮੰਨਣ ਲਈ ਵੀ ਤਿਆਰ ਨਹੀਂ ਹੋਵਾਂਗੇ। ਮੇਰਾ ਵਿਸ਼ਵਾਸ਼ ਹੈ ਕਿ ਦੁਨੀਆਂ ਦੇ ਬਹੁਤ ਸਾਰੇ ਸੂਝਵਾਨ ਅਤੇ ਵਿਵੇਕਸ਼ੀਲ ਲੋਕ ਇਸ ਸਬੰਧ ਵਿੱਚ ਗੰਭੀਰਤਾ ਨਾਲ ਵਿਚਾਰਨਾ ਪਸੰਦ ਕਰਨਗੇ। ਆਪਣੇ ਹੱਥਲੇ ਨਿਬੰਧ ਨੂੰ (1) 'ਵੱਗ ਪ੍ਰਵਿਰਤੀ', (2) 'ਵੱਗ ਪ੍ਰਵਿਰਤੀ ਅਤੇ ਰਾਸ਼ਟਰਵਾਦ' ਅਤੇ (3) 'ਸਨਅਤੀ ਸੱਭਿਅਤਾ ਦਾ ਭਵਿੱਖ- ਅੰਤਰ-ਰਾਸ਼ਟਰਵਾਦ' ਦੇ ਤਿੰਨ ਜਾਂ ਚਾਰ ਸਿਰਲੇਖਾਂ ਹੇਠ ਵੰਡ ਕੇ ਸੂਝਵਾਨ ਪਾਠਕਾਂ, ਵਿਦਵਾਨਾਂ ਅਤੇ ਮਨੁੱਖ-ਹਿਤੈਸ਼ੀਆਂ ਦੀ ਸੋਚ ਸਾਹਮਣੇ ਰੱਖ ਰਿਹਾ ਹਾਂ। ਵਿਸ਼ੇ-ਵਸਤੂ ਅਤੇ ਮਨੋਰਥ ਦੀ ਸਾਂਝ ਕਰਕੇ ਇੱਕ ਲੇਖ ਵਿਚਲੇ ਵਿਚਾਰਾਂ, ਵਾਕਾਂ ਅਤੇ ਵਾਕੰਸ਼ਾਂ ਦਾ ਦੂਜੇ ਵਿੱਚ ਲਿਖੇ ਅਤੇ ਦੁਹਰਾਏ ਜਾਣਾ ਸੁਭਾਵਿਕ ਜਿਹੀ ਗੱਲ ਹੈ; ਸੂਝਵਾਨ ਪਾਠਕ ਇਸ ਕਮਜ਼ੋਰੀ ਨੂੰ ਨਿਸ਼ਚੇ ਹੀ ਨਜ਼ਰ-ਅੰਦਾਜ਼ ਕਰਨ ਦੀ ਉਦਾਰਤਾ ਕਰਨਗੇ।

ਵੱਗ ਪ੍ਰਵਿਰਤੀ: ਰਾਸ਼ਟਰਵਾਦ ਦੀ ਸਰਵ-ਸ੍ਰੇਸ਼ਟ ਅਭਿਵਿਅੰਜਨਾ ਨੂੰ ਦੇਸ਼ ਭਗਤੀ ਆਖਿਆ ਜਾਂਦਾ ਹੈ ਅਤੇ ਦੇਸ਼ ਭਗਤ ਪੂਜ ਮੰਨੇ ਜਾਂਦੇ ਹਨ। ਇਹ ਪੂਜ ਅਭਿਵਿਅੰਜਨਾ ਵਿਅਕਤੀ ਨੂੰ ਜੀਵਨ ਦਾਨ ਲਈ ਪ੍ਰੇਰਿਤ ਵੀ ਕਰਦੀ ਆਈ ਹੈ ਅਤੇ ਹੱਤਿਆ ਲਈ ਉਤੇਜਿਤ ਵੀ। ਮਹਾਨ ਪ੍ਰੇਰਣਾ ਅਤੇ ਮਹਾਂ ਨੀਚ ਉਤੇਜਨਾ ਦੇ ਦੋ ਵਿਰੋਧੀ ਭਾਵ ਜਗਾਉਣ ਦੀ ਯੋਗਤਾ ਦਾ ਭੇਤ ਉਸ ਪ੍ਰਵਿਰਤੀ ਵਿੱਚ ਹੈ, ਜਿਸ ਵਿੱਚੋਂ ਦੇਸ਼ ਭਗਤੀ ਨੂੰ ਜਨਮ ਦੇਣ ਵਾਲੇ ਸਿਧਾਂਤ, ਰਾਸ਼ਟਰਵਾਦ ਦਾ ਜਨਮ ਹੋਇਆ ਹੈ।

ਰਾਸ਼ਟਰਵਾਦ ਦਾ ਜਨਮ ਵੱਗ ਦੀ ਪ੍ਰਵਿਰਤੀ ਜਾਂ ਵੱਗ-ਵਸੇਬੇ ਦੀ ਪ੍ਰਵਿਰਤੀ ਵਿੱਚੋਂ ਹੋਇਆ ਹੈ। ਜੀਵ ਦੀ ਇਸ ਪ੍ਰਵਿਰਤੀ ਨੂੰ ਅੰਗਰੇਜ਼ੀ ਬੋਲੀ ਵਿੱਚ ਹਰਡ ਇੰਸਟਿੰਕਟ (Herd Instinct) ਆਖਿਆ ਜਾਂਦਾ ਹੈ। ਹਰਡ ਇੰਸਟਿੰਕਟ ਜੀਵਾਂ ਦੇ ਦੋ ਪ੍ਰਕਾਰ ਦੇ ਵਤੀਰੇ ਰਾਹੀਂ ਪ੍ਰਗਟ ਹੁੰਦੀ ਹੈ। ਇਸ ਪ੍ਰਵਿਰਤੀ ਅਨੁਸਾਰ ਜੀਵ ਆਪਣੇ ਵੱਗ ਜਾਂ ਟੋਲੇ ਦੇ ਜੀਵਾਂ ਨਾਲ ਸਾਂਝ ਅਤੇ ਸਹਿਯੋਗ ਦਾ ਵਤੀਰਾ ਅਪਨਾਉਂਦਾ ਹੈ, ਪਰ ਆਪਣੇ ਵੱਗ ਨਾਲੋਂ ਵੱਖਰੇ ਕਿਸੇ ਦੂਜੇ ਵੱਗ ਵਿੱਚ ਰਹਿਣ ਵਾਲੇ ਜੀਵਾਂ ਨੂੰ ਆਪਣੇ ਦੁਸ਼ਮਣ ਸਮਝਦਾ ਹੈ। ਵੱਗ-ਪ੍ਰਵਿਰਤੀ ਦੇ ਇਨ੍ਹਾਂ ਦੋ ਰੂਪਾਂ ਵਿੱਚੋਂ ਕਿਸੇ ਇੱਕ ਦਾ ਸੰਪੂਰਨ ਤਿਆਗ ਕਰਨ ਵਾਲਾ ਵਿਅਕਤੀ, ਵਰਤਮਾਨ ਸਮਾਜਿਕ-ਰਾਜਨੀਤਕ ਵਿਵਸਥਾ ਵਿੱਚ, ਸੱਚਾ ਦੇਸ਼ ਭਗਤ ਨਹੀਂ ਆਖਿਆ ਜਾ ਸਕਦਾ। ਵਰਤਮਾਨ ਵਿਵਸਥਾ ਵਿੱਚ ਕਿਸੇ ਵੇਲੇ ਕਿਸੇ ਵੀ ਕਾਰਨ ਅਜਿਹੀ ਪਰਿਸਥਿਤੀ ਪੈਦਾ ਹੋ ਸਕਦੀ ਹੈ, ਜਿਸ ਵਿੱਚ ਮਨੁੱਖ ਨੂੰ ਦੂਜੇ ਦੇਸ਼ ਦੇ ਮਨੁੱਖਾਂ ਪ੍ਰਤੀ ਉਹ ਰਵੱਈਆ ਅਪਣਾਉਣਾ ਪੈ ਸਕਦਾ ਹੈ ਜਿਹੜਾ ਕੀੜੀਆਂ, ਸ਼ਹਿਦ ਦੀਆਂ ਮੱਖੀਆਂ ਅਤੇ ਵੱਗਾਂ ਵਿੱਚ ਰਹਿਣ ਵਾਲੇ ਪਸ਼ੂ ਬਾਹਰੋਂ ਆਏ ਘੁਸਪੈਠੀਏ ਨਾਲ ਸਦਾ ਤੋਂ ਕਰਦੇ ਆਏ ਹਨ। ਸੱਚੇ ਦੇਸ਼ ਭਗਤਾਂ ਨੂੰ ਕਿਸੇ ਨਾ ਕਿਸੇ ਵੇਲੇ, ਵਿਦੇਸ਼ੀਆਂ ਨੂੰ ਦੁਸ਼ਮਣ ਸਮਝਣ ਦੀ ਲੋੜ ਪੈ ਸਕਦੀ ਹੈ ਜਾਂ ਹਰ ਵੇਲੇ ਹੀ ਹੁੰਦੀ ਹੈ। ਜੀਵਾਂ ਵਿਚਲੀਆਂ ਸਭ ਪ੍ਰਵਿਰਤੀਆਂ ਉਪਯੋਗੀ (ਲੋੜੀਂਦੀਆਂ ਜਾਂ ਲਾਭਦਾਇਕ) ਹਨ। ਹਰਡ ਇੰਸਟਿੰਕਟ ਵੀ ਜੀਵਨ ਦਾ ਕੋਈ ਮਕਸਦ ਪੂਰਾ ਕਰਦੀ ਹੈ। ਇਹ ਪ੍ਰਵਿਰਤੀ ਸੁਰੱਖਿਆ ਦੇ ਭਰੋਸੇ ਅਤੇ ਅਪਣੱਤ ਦੀ ਭਾਵਨਾ ਨਾਲ ਸਬੰਧਿਤ ਪ੍ਰਤੀਤ ਹੁੰਦੀ ਹੈ। ਇਸ ਪ੍ਰਵਿਰਤੀ ਵਿੱਚ ਬਾਕੀਆਂ ਨਾਲੋਂ ਦੋ ਗੱਲਾਂ ਵੱਖਰੀਆਂ ਹਨ। ਇੱਕ ਇਹ ਕਿ ਇਹ ਕਿਸੇ ਮਕਸਦ, ਮਨੋਰਥ ਜਾਂ ਲੋੜ ਤੋਂ ਬਿਨਾਂ ਵੀ ਜੀਵ ਵਿੱਚ ਕਾਇਮ ਰਹਿੰਦੀ ਹੈ। ਸੱਭਿਅਤਾ ਦੇ ਵਿਕਾਸ ਨਾਲ ਮਨੁੱਖੀ ਜੀਵਨ ਸੁਰੱਖਿਆ ਅਤੇ ਅਪਣੱਤ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਯੋਗ ਹੁੰਦਾ ਗਿਆ ਹੈ। ਜੰਗਲੀ ਅਤੇ ਅਰਧ-ਸੱਭਿਆ ਮਨੁੱਖ ਦੇ ਜੀਵਨ ਵਿੱਚ ਇਨ੍ਹਾਂ ਦੀ ਘਾਟ ਸੀ। ਖੇਤੀ ਅਤੇ ਧਰਮ ਨੇ ਇਸ ਘਾਟ ਨੂੰ ਪੂਰਾ ਕੀਤਾ ਹੈ। ਖੇਤੀ ਵੱਗ-ਵਸੇਬੇ ਉੱਤੇ ਆਧਾਰਿਤ ਸੀ ਅਤੇ ਵੱਗ-ਵਸੇਬਾ ਖੇਤੀ ਕਾਰਨ ਵਿਕਸਿਆ ਹੈ। ਸੱਭਿਅਕ ਸਮਾਜਾਂ ਨੇ ਹੌਲੀ ਹੌਲੀ ਸ਼ਕਤੀਸ਼ਾਲੀ ਸਲਤਨਤਾਂ ਬਣਾ ਕੇ ਵੱਡੀਆਂ ਵੱਡੀਆਂ ਸੈਨਾਵਾਂ ਰਾਹੀਂ ਸੁਰੱਖਿਆ

ਬਾਕੀ ਸਫ਼ਾ 29 'ਤੇ

# ਨਿਆਂਪਾਲਿਕਾ ਦਾ ਸੰਕਟ: ਮੋਦੀ ਦੀ ਸਿਆਸਤ ਵੀ ਜ਼ਿੰਮੇਵਾਰ

**ਮੋਹਨ ਸਿੰਘ (ਡਾ:)**
ਸੰਪਰਕ: 78883-27695

ਭਾਰਤੀ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਜੇ. ਚੇਲਾਮੇਸ਼ਵਰ, ਰੰਜਨ ਗੋਗੋਈ, ਮਦਨ ਬੀ. ਲੋਕੁਰ ਅਤੇ ਕੁਰੀਅਨ ਜੋਜ਼ੇਫ ਦੀ ਚੀਫ ਜਸਟਿਸ



ਖ਼ਿਲਾਫ਼ ਖੁੱਲ੍ਹੀ ਬਗਾਵਤ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਹੈ। ਇਹ ਬਗਾਵਤ ਭਾਜਪਾ ਅਤੇ ਆਰਐੱਸਐੱਸ ਦੇ ਨਿਆਂਪਾਲਿਕਾ ਵਿੱਚ ਦਖ਼ਲ ਕਾਰਨ ਹੋਈ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਧੀ ਸ਼ਹਿ ਬਾਰੇ ਹੁਣ ਕਿਸੇ ਨੂੰ ਕੋਈ ਭੁਲੇਖਾ ਨਹੀਂ। ਚੀਫ਼ ਜਸਟਿਸ ਦੇ ਆਪਹੁਦਰੇ ਰਵੱਈਏ ਕਾਰਨ ਨਿਆਂਪਾਲਿਕਾ ਦਾ ਸੰਕਟ ਲਮਕ ਗਿਆ ਹੈ। ਨਿਆਂਪਾਲਿਕਾ ਦੇ ਸਾਬਕਾ ਚੀਫ਼ ਜਸਟਿਸਾਂ, ਸੀਨੀਅਰ ਜੱਜਾਂ, ਭਾਰਤੀ ਬਾਰ ਕੌਂਸਲ ਅਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੱਲੋਂ ਸਾਲਸੀ ਕਰਨ ਦੇ ਬਾਵਜੂਦ ਚੀਫ ਜਸਟਿਸ ਪਿਛੇ ਹਟਣ ਲਈ ਤਿਆਰ ਨਹੀਂ ਅਤੇ ਉਹ ਕਹਿ ਰਹੇ ਹਨ ਕਿ ਉਨ੍ਹਾਂ ਕੋਈ ਗ਼ਲਤੀ ਨਹੀਂ ਕੀਤੀ।

ਭਾਰਤੀ ਨਿਆਂਪਾਲਿਕਾ ਨਾਲ ਸਰੋਕਾਰ ਰੱਖਣ ਵਾਲੀਆਂ ਸਾਰੀਆਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਨੇ ਇਸ ਅਸਾਧਾਰਨ ਘਟਨਾ 'ਤੇ ਵੱਖ ਵੱਖ ਪ੍ਰਤੀਕਰਮ ਪ੍ਰਗਟ ਕੀਤੇ ਹਨ। ਕਾਂਗਰਸ ਨੇ ਇਸ ਘਟਨਾ ਦੀ ਸਿਆਸੀ ਵੱਟਤ ਕਰਦਿਆਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ 'ਤੇ ਨਿਸ਼ਾਨਾ ਸਾਧਿਆ ਹੈ। ਅਮਿਤ ਸ਼ਾਹ ਨੂੰ ਸੋਹਰਾਬੂਦੀਨ ਦੇ ਫਰਜ਼ੀ ਪੁਲੀਸ ਮੁਕਾਬਲੇ ਨਾਲ ਸਬੰਧਤ ਕੇਸ 'ਚ ਮੁੱਖ ਮੁਲਜ਼ਮ ਟਿੱਕਿਆ ਗਿਆ ਸੀ। ਉਹ ਉਸ ਸਮੇਂ ਗੁਜਰਾਤ ਦਾ ਗ੍ਰਹਿ ਰਾਜ ਮੰਤਰੀ ਸੀ। ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸੋਹਰਾਬੂਦੀਨ ਦੇ ਫਰਜ਼ੀ ਪੁਲੀਸ ਮੁਕਾਬਲੇ ਦਾ ਕੇਸ ਦੁਬਾਰਾ ਖੋਲ੍ਹਿਆ ਜਾਵੇ ਅਤੇ ਇਸ ਨੂੰ ਤਾਰਕਿਕ ਸਿੱਟੇ 'ਤੇ ਪਹੁੰਚਾਇਆ ਜਾਵੇ। ਉੱਧਰ ਭਾਜਪਾ ਨੇ ਇਕ ਪਾਸੇ ਨਿਆਂਪਾਲਿਕਾ ਦੀ ਖੁਦਮੁਖਤਾਰ', ਨਿਰਪੱਖ' ਅਤੇ ਸੁਤੰਤਰ' ਕਾਰਜਸ਼ੈਲੀ ਵਿੱਚ ਦਖ਼ਲ ਨਾ ਦੇਣ ਦੀਆਂ ਚਿਤਾਵਨੀਆਂ ਦਿੱਤੀਆ, ਦੂਜੇ ਪਾਸੇ ਪ੍ਰਧਾਨ ਮੰਤਰੀ ਨੇ ਨਿਆਂਪਾਲਿਕਾ ਦੇ ਝਗੜੇ 'ਚ ਦਖ਼ਲਅੰਦਾਜ਼ੀ ਕਰਨ ਲਈ ਆਪਣੇ ਮੁੱਖ ਸਕੱਤਰ ਨਿਰਪਿੰਦਰ ਮਿਸ਼ਰਾ ਨੂੰ ਚੀਫ਼ ਜਸਟਿਸ ਦੀਪਕ ਮਿਸ਼ਰਾ ਨਾਲ ਗੁਪਤ ਮੁਲਾਕਾਤ ਲਈ ਭੇਜਿਆ; ਪਰ ਇਸ ਦੀ ਵੀਡੀਓ ਟੀਵੀ ਚੈਨਲਾਂ 'ਤੇ ਨਸ਼ਰ ਹੋ ਜਾਣ ਨਾਲ ਭਾਜਪਾ ਦਾ ਦੋਹਰਾ ਚਿਹਰਾ ਨਕਾਬ ਹੋ ਗਿਆ।

ਆਰਐੱਸਐੱਸ ਦੇ ਸੀਨੀਅਰ ਕਾਰਕੁਨ ਜੇ. ਨੰਦਕੁਮਾਰ ਨੇ ਚਾਰ ਜੱਜਾਂ ਦੀ ਬਗਾਵਤ ਨੂੰ ਸਿਆਸੀ ਸਾਜ਼ਿਸ਼ ਕਿਹਾ ਹੈ। ਉਨ੍ਹਾਂ ਇਸ ਸਾਜ਼ਿਸ਼ ਨੂੰ 1984 ਦੇ ਸਿੱਖ ਕਤਲੇਆਮ ਨਾਲ ਵੀ ਜੋੜਿਆ ਹੈ। ਕਾਰਜਪਾਲਿਕਾ, ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਨੂੰ ਮੌਜੂਦਾ ਜਮਹੂਰੀਅਤ' ਦੇ ਚਾਰ ਥੰਮ੍ਹ ਕਿਹਾ ਜਾਂਦਾ ਹੈ। ਪਾਰਲੀਮਾਨੀ ਪਾਰਟੀਆਂ ਅਤੇ ਅਫਸਰਸ਼ਾਹੀ ਵੱਲੋਂ ਨਿਆਂਪਾਲਿਕਾ ਨੂੰ ਸਮਾਜ ਨਾਲੋਂ ਉਪਰ ਅਤੇ ਨਿਰਲੇਪ ਰੱਖਣ ਦੀ ਪਰਦਾਪੋਸ਼ੀ ਕੀਤੀ ਜਾਂਦੀ ਹੈ, ਪਰ ਨਿਆਂਪਾਲਿਕਾ ਕਿਸੇ ਪਰੀ ਦੇਸ਼ ਵਿੱਚ ਨਹੀਂ ਰਹਿੰਦੀ। ਸਮਾਜ ਵਿੱਚ ਚੱਲ ਰਹੀ ਸਿਆਸਤ ਅਤੇ ਵਰਤਾਰਿਆਂ ਦਾ ਅਕਸ ਇਸ ਉਪਰ ਪੈਣਾ ਲਾਜ਼ਮੀ ਹੈ। ਪਾਰਟੀਆਂ ਵੱਲੋਂ ਕਾਰਪੋਰੇਟ ਕੁਬੇਰਾਂ ਦੀ ਜ਼ਰ ਸ਼ਕਤੀ ਅਤੇ ਬਾਹੂਬਲੀਆਂ ਦੀ ਬਲ ਸ਼ਕਤੀ ਨਾਲ ਚੋਣਾਂ 'ਚ ਜਿੱਤੀਆਂ ਜਾਂਦੀਆਂ ਹਨ। ਜੇਤੂ ਪਾਰਟੀ ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ 'ਤੇ ਕਾਬਜ਼ ਹੋ ਜਾਂਦੀ ਹੈ। ਨਿਆਂਪਾਲਕਾ ਦੇ ਜੱਜਾਂ ਦੀਆਂ ਨਿਯੁਕਤੀਆਂ ਅਤੇ ਤਰੱਕੀਆਂ ਵਿੱਚ ਸੱਤਾ 'ਤੇ ਕਾਬਜ਼ ਪਾਰਟੀ ਦਾ ਵਿਸ਼ੇਸ਼ ਦਖ਼ਲ ਹੁੰਦਾ ਹੈ। ਇਸੇ ਕਰਕੇ ਨਿਆਂਪਾਲਕਾ ਭਾਰੂ ਸਿਆਸਤ ਤੋਂ ਨਿਰਲੇਪ ਨਹੀਂ ਰਹਿ ਸਕਦੀ। ਵਿਧਾਨਪਾਲਿਕਾ ਵੱਲੋਂ ਨਵੇਂ ਨਵੇਂ ਕਾਨੂੰਨ ਬਣਾਏ ਜਾਂਦੇ ਹਨ, ਕਾਰਜਪਾਲਿਕਾ ਸੰਵਿਧਾਨ ਅਤੇ ਇਹ ਕਾਨੂੰਨ ਨੂੰ ਲਾਗੂ ਕਰਦੀ ਹੈ ਅਤੇ ਨਿਆਂਪਾਲਕਾ ਸੰਵਿਧਾਨ ਤੇ ਨਵੇਂ ਕਾਨੂੰਨਾਂ ਦੀ ਵਜਾਹਤ ਕਰਦੀ ਹੈ।

ਭਾਰਤ ਵਿੱਚ ਸੱਤਰ ਸਾਲਾਂ ਵਿੱਚ ਸਿਆਸੀ, ਆਰਥਿਕ ਅਤੇ ਸਮਾਜਿਕ ਢਾਂਚੇ ਵਿੱਚ ਵੱਡੀ ਪੱਧਰ 'ਤੇ ਗਿਰਾਵਟ ਆਉਣ ਕਰਕੇ ਪਾਰਟੀਆਂ ਦੀ ਵਿਚਾਰਧਾਰਾ ਅਤੇ ਸਿਆਸਤ ਵਿੱਚ ਵੀ ਵੱਡੇ ਪੱਧਰ 'ਤੇ ਮੌਕਾਪ੍ਰਸਤੀ ਆਈ ਹੈ। ਸਮਾਜ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧ ਦਾ ਬੋਲਬਾਲਾ ਹੋ ਗਿਆ ਹੈ। ਇਸ ਦਾ ਅਸਰ ਨਿਆਂਪਾਲਿਕਾ 'ਤੇ ਵੀ ਪਿਆ ਹੈ। ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ ਨੇ ਸਾਬਕਾ 16 ਚੀਫ਼ ਜਸਟਿਸਾਂ ਵਿੱਚੋਂ 8 ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਨ੍ਹਾਂ 16 ਵਿੱਚੋਂ 6 ਪੱਕੀ ਤਰ੍ਹਾਂ ਇਮਾਨਦਾਰ ਸਨ, ਬਾਕੀ ਦੋ ਜਸਟਿਸਾਂ ਬਾਰੇ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਚੀਫ਼ ਜਸਟਿਸ ਦੀਪਕ ਮਿਸ਼ਰਾ ਉੱਪਰ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ। ਉਨ੍ਹਾਂ ਨੇ ਆਪਣੀ ਮਨਮਰਜ਼ੀ ਦੇ ਰੋਸਟਰ ਬਣਾ ਕੇ ਮਹੱਤਵਪੂਰਨ ਕੇਸਾਂ ਦੇ ਮਨਇੱਛਤ ਫ਼ੈਸਲੇ ਕਰਾਉਣ ਲਈ ਆਪਣੇ' ਜੱਜਾਂ ਨੂੰ ਦਿੱਤੇ। ਇਹ ਦੇਖ ਕੇ ਅਦਾਲਤ ਦੇ ਚਾਰ ਸੀਨੀਅਰ ਜੱਜਾਂ ਨੇ ਆਪਣੀ ਜ਼ਮੀਰ ਦੀ ਅਵਾਜ਼ ਉਠਾਈ ਹੈ ਅਤੇ ਚੀਫ਼ ਜਸਟਿਸ ਦੀਪਕ ਮਿਸ਼ਰਾ ਖ਼ਿਲਾਫ਼ ਪ੍ਰੈੱਸ ਕਾਨਫਰੰਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸ ਸਿਰਜ ਦਿੱਤਾ। ਦਰਅਸਲ, ਕਾਂਗਰਸ ਅਤੇ ਭਾਜਪਾ ਸੰਵਿਧਾਨਕ ਮਰਿਆਦਾ ਦੀ ਉਲੰਘਣਾ ਕਰਦੀਆਂ/ਕਰ ਰਹੀਆਂ ਹਨ। ਇੰਦਰਾ ਗਾਂਧੀ ਨੇ ਸੰਵਿਧਾਨ ਉਲੰਘ ਕੇ 1975 ਵਿੱਚ ਐਮਰਜੈਂਸੀ ਲਾ ਕੇ ਨਿਆਂਪਾਲਕਾ ਦਾ ਨਿਤਾਣਾਪਣ ਜ਼ਾਹਿਰ ਕਰ ਦਿੱਤਾ ਸੀ। ਰਾਜੀਵ ਗਾਂਧੀ ਨੇ 'ਜਦੋਂ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੈ' ਕਹਿ ਕੇ 1984 ਵਿੱਚ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ। ਭਾਜਪਾ ਨੇ ਬਾਬਰੀ ਮਸਜਿਦ ਢਾਹੁਣ, ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ ਕਰਾਉਣ, ਅਮਿਤ ਸ਼ਾਹ ਦੇ ਸੋਹਰਾਬੂਦੀਨ ਸ਼ੇਖ ਨੂੰ ਫਰਜ਼ੀ ਪੁਲੀਸ ਮੁਕਾਬਲੇ ਵਿੱਚ ਮਰਵਾਉਣ ਅਤੇ ਲਖਨਊ ਮੈਡੀਕਲ ਘੁਟਾਲੇ ਦੇ ਵਿੱਚ ਫਸੇ ਮੁਲਜ਼ਮਾਂ ਨੂੰ ਸਜ਼ਾ ਨਹੀਂ ਹੋਣ ਦਿੱਤੀ।

ਕੁਝ ਹਲਕਿਆਂ ਵੱਲੋਂ ਇਹ ਮੰਨਿਆ ਜਾ ਰਿਹਾ ਹੈ ਕਿ ਨਿਆਂਪਾਲਿਕਾ ਦਾ ਇਹ ਸੰਕਟ ਭਾਜਪਾ/ਆਰਐੱਸਐੱਸ ਦੇ ਦਖ਼ਲ ਕਾਰਨ ਪੈਦਾ ਹੋਇਆ ਹੈ। ਇਕ ਪਾਸੇ ਉਹ ਜੱਜ ਹਨ ਜੋ ਕਥਿਤ ਤੌਰ 'ਤੇ ਭਾਜਪਾ ਤੇ ਆਰਐੱਸਐੱਸ ਦੇ ਸਿਆਸੀ ਏਜੰਡੇ ਦਾ ਪੱਖ ਪੂਰਦੇ ਹਨ। ਕੁਝ ਉਹ ਵੀ ਹਨ ਜਿਨ੍ਹਾਂ ਦੀ ਜ਼ਮੀਰ ਸੰਵਿਧਾਨਕ ਮਰਿਆਦਾ ਨੂੰ ਉਲੰਘਣ ਦੀ ਇਜਾਜ਼ਤ ਨਹੀਂ ਦਿੰਦੀ। ਮੋਦੀ ਨੇ ਗੱਦੀ ਨਸ਼ੀਨ ਹੁੰਦਿਆਂ ਹੀ ਸਰਕਾਰ ਦੇ ਹਰ ਅਦਾਰੇ ਵਿੱਚ ਯੋਗਤਾ ਦੀ ਥਾਂ ਆਰਐੱਸਐੱਸ ਅਤੇ ਭਾਜਪਾ ਦੀ ਹਿੰਦੂ ਫਿਰਕੂ ਵਿਚਾਰਧਾਰਾ ਵਾਲੇ ਅਮਲੇ-ਫੈਲੇ ਨੂੰ ਅੱਗੇ ਲਿਆਂਦਾ। ਫੌਜ, ਭਾਰਤੀ ਸਮਾਜਿਕ ਅਤੇ ਇਤਿਹਾਸਕ ਕੌਂਸਲ, ਫਿਲਮ ਸੈਂਸਰਸ਼ਿਪ ਬੋਰਡ, ਫਿਲਮ ਤੇ ਟੀਵੀ ਸੰਸਥਾ (ਐਫਟੀਟੀਆਈ) ਵਿਚ ਆਰਐੱਸਐੱਸ ਦੇ ਪ੍ਰਚਾਰਕਾਂ ਦੀ ਭਰਤੀ ਕੀਤੀ ਹੈ।

ਚਾਰ ਸੀਨੀਅਰ ਜੱਜਾਂ ਅਤੇ ਚੀਫ ਜਸਟਿਸ ਵਿੱਚਕਾਰ ਮਤਭੇਦ ਇਕ ਦਮ ਪੈਦਾ ਨਹੀਂ ਹੋ ਗਏ। ਚੀਫ ਜਸਟਿਸ ਦੀਪਕ ਮਿਸ਼ਰਾ ਮਹੱਤਵਪੂਰਨ ਕੇਸ, ਸੀਨੀਅਰ ਜੱਜਾਂ ਨੂੰ ਉਲੰਘ ਕੇ ਭਾਜਪਾ ਪੱਖੀ ਜੂਨੀਅਰਾਂ ਜੱਜਾਂ ਨੂੰ ਦੇ ਰਹੇ ਸਨ। ਇਹ ਚਾਰੇ ਜਸਟਿਸ ਲਗਾਤਰ ਇਸ ਦਾ ਵਿਰੋਧ ਕਰ ਰਹੇ ਸਨ। ਸੀਬੀਆਈ ਦੇ ਜੱਜ ਲੋਇਆ ਦੀ ਮੌਤ ਭੇਤਭਰੀ ਹਾਲਤ ਵਿੱਚ ਹੋ ਗਈ ਸੀ। ਸੋਹਰਾਬੂਦੀਨ ਦਾ ਕਤਲ ਕੇਸ ਜੱਜ ਲੋਇਆ ਕੋਲ ਸੀ। ਇਹ ਚਰਚਾ ਹੈ ਕਿ ਅਮਿਤ ਸ਼ਾਹ ਨੂੰ ਬਰੀ ਕਰਨ ਲਈ ਉਨ੍ਹਾਂ ਨੂੰ ਕਥਿਤ ਤੌਰ 'ਤੇ 100 ਕਰੋੜ ਰੁਪਏ ਦੀ ਪੇਸ਼ਕਸ਼ ਵੀ ਹੋਈ ਸੀ। ਲੋਇਆ ਤੋਂ ਬਾਅਦ ਵਾਲੇ ਸੀਬੀਆਈ ਅਦਾਲਤ ਦੇ ਜੱਜ ਨੇ ਅਮਿਤ ਸ਼ਾਹ ਨੂੰ ਬਰੀ ਕਰ ਦਿੱਤਾ ਸੀ। ਹੁਣ ਸੁਪਰੀਮ ਕੋਰਟ ਵਿੱਚ ਸੋਹਰਾਬੂਦੀਨ ਕੇਸ ਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਲੱਗੀ ਹੋਈ ਸੀ, ਪਰ ਚੀਫ ਜਸਟਿਸ ਨੇ ਇਹ ਕੇਸ ਚਾਰ ਸੀਨੀਅਰ ਜੱਜਾਂ ਨੂੰ ਛੱਡ ਕੇ ਜੂਨੀਅਰ ਜੱਜ ਦੀ ਅਗਵਾਈ ਵਾਲੇ ਬੈਂਚ ਨੂੰ ਭੇਜ ਦਿੱਤਾ। ਉਸ ਜੱਜ ਵੱਲੋਂ ਅਪੀਲ ਦੀ ਸੁਣਵਾਈ ਤੋਂ ਨਾਂਹ ਕੀਤੇ ਜਾਣ 'ਤੇ ਚੀਫ ਜਸਟਿਸ ਨੇ ਆਪਣੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਕੋਲ ਸੁਣਵਾਈ ਸ਼ੁਰੂ ਕਰਵਾਈ ਹੈ। ਯਾਦ ਰਹੇ ਕਿ ਲਖਨਊ ਮੈਡੀਕਲ ਕਾਲਜ ਘੁਟਾਲੇ ਕੇਸ ਲਈ ਦੋ ਪਟੀਸ਼ਨਾਂ ਸ਼ਾਂਤੀ ਭੂਸ਼ਨ, ਦੁਸ਼ਯੰਤ ਦੇਵ ਅਤੇ ਕਾਮਿਨੀ ਜੈਸਵਾਲ ਵੱਲੋਂ ਸੀਨੀਅਰ ਜੱਜ ਜਸਟਿਸ ਚੇਲਾਮੇਸ਼ਵਰ ਕੋਲ ਪਾਈਆਂ ਗਈਆਂ ਸਨ। ਇਸ ਘੁਟਾਲੇ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਦੀ ਸ਼ਮੂਲੀਅਤ ਦੇ ਦੋਸ਼ ਲੱਗੇ ਹੋਣ ਕਰਕੇ ਜਸਟਿਸ ਚੇਲਾਮੇਸ਼ਵਰ ਨੇ



ਇਸ ਕੇਸ ਵਾਸਤੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਬਣਾ ਦਿੱਤਾ, ਪਰ ਰੱਟਾ ਉਦੋਂ ਖੜ੍ਹਾ ਹੋਇਆ, ਜਦੋਂ ਚੀਫ ਜਸਟਿਸ ਨੇ ਆਪਣੀ ਅਗਵਾਈ ਵਿੱਚ ਪੰਜ ਜੱਜਾਂ ਦਾ ਇਕ ਹੋਰ ਸੰਵਿਧਾਨਕ ਬੈਂਚ ਬਣਾ ਕੇ ਜਸਟਿਸ ਚੇਲਾਮੇਸ਼ਵਰ ਕੋਲ ਪਾਈਆਂ ਤਿੰਨਾਂ ਵਕੀਲਾਂ ਦੀਆਂ ਪਟੀਸ਼ਨਾਂ ਬਾਰੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਬਣਾਉਣ ਦਾ ਆਰਡਰ ਰੱਦ ਕਰ ਦਿੱਤਾ। 12 ਜਨਵਰੀ ਨੂੰ ਸੁਪਰੀਮ ਕੋਰਟ ਦੇ ਜੱਜਾਂ ਦੀ ਰੋਜ਼ਾਨਾ ਵਾਂਗ ਆਮ ਮਿਲਣੀ ਸਮੇਂ ਸਵੇਰੇ ਚਾਰੇ ਸੀਨੀਅਰ ਜੱਜ ਇਸ ਸਬੰਧੀ ਚੀਫ਼ ਜਸਟਿਸ ਦੀਪਕ ਮਿਸ਼ਰਾ ਨੂੰ ਮਿਲੇ, ਪਰ ਚੀਫ ਜਸਟਿਸ ਨੇ ਜੱਜ ਲੋਇਆ ਦਾ ਮਹੱਤਵਪੂਰਨ ਕੇਸ ਇਨ੍ਹਾਂ ਚਾਰ ਸੀਨੀਅਰ ਜੱਜਾਂ ਵਿੱਚੋਂ ਕਿਸੇ ਨੂੰ ਦੇਣ ਦੀ ਬਜਾਏ ਜੂਨੀਅਰ ਜੱਜ ਨੂੰ ਦੇ ਦਿੱਤਾ। ਚਾਰ ਜਸਟਿਸਾਂ ਨੇ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰੀ ਮਾਮਲਿਆਂ ਦੇ ਕੇਸਾਂ ਨੂੰ ਕਥਿਤ ਸਰਕਾਰ-ਪੱਖੀ ਜੱਜਾਂ ਨੂੰ ਵਾਰ ਵਾਰ ਦੇਣ ਨਾਲ ਨਿਆਂਪਾਲਿਕਾ ਦੀ ਨਿਰਪੱਖਤਾ ਨੂੰ ਢਾਹ ਲੱਗੇਗੀ। ਉਨ੍ਹਾਂ ਰੋਸਟਰ ਤਰਕਸੰਗਤ ਕਰਨ ਦੀਆਂ ਦਲੀਲਾਂ ਵੀ ਦਿੱਤੀਆਂ ਅਤੇ ਪੱਤਰ ਵੀ ਲਿਖ ਕੇ ਦਿੱਤਾ, ਪਰ ਚੀਫ ਜਸਟਿਸ ਨੇ ਕਿਹਾ ਕਿ ਰੋਸਟਰ ਤਿਆਰ ਕਰਕੇ ਅਲੱਗ ਅਲੱਗ ਜੱਜਾਂ ਨੂੰ ਕੇਸ ਵੰਡਣ ਦਾ ਉਸ ਦਾ ਅਧਿਕਾਰ ਹੈ। ਚੀਫ ਜਸਟਿਸ ਨੇ ਅੜੀਅਲ ਰੁਖ਼ ਨਹੀਂ ਛੱਡਿਆ। ਇਸ ਵਿਹਾਰ ਨੇ ਚਾਰ ਜੱਜਾਂ ਨੂੰ ਖੁੱਲ੍ਹੀ ਬਗਾਵਤ ਲਈ ਮਜਬੂਰ ਕਰ ਦਿੱਤਾ। ਜ਼ਾਹਿਰ ਹੈ ਕਿ ਨਿਆਂਪਾਲਿਕਾ ਅੰਦਰ ਜੋ ਸੰਕਟ ਚੱਲ ਰਿਹਾ ਹੈ, ਉਸ ਵਿੱਚ ਸੀਨੀਅਰ ਜੱਜਾਂ ਦੇ ਹਓਮੈ ਦੇ ਰੋਲ ਤੋਂ ਇਲਾਵਾ ਮੋਦੀ ਸਰਕਾਰ ਦੇ ਪੈਂਤੜੇ ਵੀ ਸ਼ਾਮਲ ਹਨ। ਸਰਕਾਰ ਭਾਵੇਂ ਸਿੱਧੇ ਦਖ਼ਲ ਤੋਂ ਦੂਰ ਹੈ, ਪਰ ਅਸਿੱਧਾ ਦਖ਼ਲ ਜਾਰੀ ਹੈ।

## ਸੁਖਬੀਰ ਨੇ ਕੈਪਟਨ ਨੂੰ ਚਿੱਠੀ ਲਿਖ ਕੇ ਲਾਈ ਮਨਪ੍ਰੀਤ ਦੀ ਸ਼ਿਕਾਇਤ



**ਚੰਡੀਗੜ੍ਹ/ਬਿਊਰੋ ਨਿਊਜ਼**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਸਰਕਾਰ ਵੱਲੋਂ ਸੇਵਾ ਕੇਂਦਰ ਬੰਦ ਕਰਨ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ’ਤੇ ਨਿਸ਼ਾਨਾ ਸੇਧਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਰਾਹੀਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸੇਵਾ ਕੇਂਦਰ ਬੰਦ ਕਰਨ ਦਾ ਸਿੱਧਾ ਮਤਲਬ ਹੈ ਕਿ ਲੋਕਾਂ ਨੂੰ ਜਮਹੂਰੀ ਅਧਿਕਾਰ ਖੋਹ ਲੈਣੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਸਰਕਾਰੀ ਦਫ਼ਤਰਾਂ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਸੇਵਾ ਕੇਂਦਰ ਖੋਲ੍ਹੇ ਸਨ ਤਾਂ ਜੋ ਲੋਕਾਂ ਨੂੰ ਘਰ ਬੈਠਿਆਂ ਸਹੂਲਤਾਂ ਮਿਲ ਸਕਣ। ਉਨ੍ਹਾਂ ਸੇਵਾ ਕੇਂਦਰ ਬੰਦ ਕਰਨ ਦੇ ਮੁੱਦੇ ’ਤੇ ਵਿੱਤ ਮੰਤਰੀ ਤੇ ਆਪਣੇ ਚਚੇਰੇ ਭਰਾ ਮਨਪ੍ਰੀਤ ਸਿੰਘ ਬਾਦਲ ’ਤੇ ਵੀ ਨਿਸ਼ਾਨਾ ਲਾਇਆ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਅਕਸਰ ਤੁਗ਼ਲਕੀ ਫ਼ੈਸਲੇ ਲੈਂਦੇ ਹਨ ਤੇ ਲੋਕਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਵੱਲੋਂ ਸੇਵਾ ਕੇਂਦਰ ਨੂੰ ਘਾਟੇ ਦਾ ਸੌਦਾ ਕਿਹਾ ਜਾ ਰਿਹਾ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਰਕਾਰਾਂ ਵੱਲੋਂ ਸਹੂਲਤਾਂ ਮੁਨਾਫ਼ਾ ਕਮਾਉਣ ਲਈ ਨਹੀਂ ਦਿੱਤੀਆਂ ਜਾਂਦੀਆਂ। ਉਨ੍ਹਾਂ ਕਿਹਾ ਕਿ ਜੇਕਰ ਘਾਟੇ ਦੀ ਹੀ ਗੱਲ ਕਰਨੀ ਹੋਵੇ ਤਾਂ ਸਰਕਾਰ ਵੀ ਘਾਟੇ ਵਿੱਚ ਹੈ ਤਾਂ ਕੀ ਸਰਕਾਰ ਵੀ ਬੰਦ ਕਰ ਦਿੱਤੀ ਜਾਵੇਗੀ? ਸ੍ਰੀ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵਿੱਚ ਵੀ ਵਿੱਤ ਮੰਤਰੀ ਹੁੰਦਿਆਂ ਮਨਪ੍ਰੀਤ ਬਾਦਲ ਨੇ ਬਿਜਲੀ ਸਬਸਿਡੀ ਸਮੇਤ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹੋਰਨਾਂ ਸਹੂਲਤਾਂ ਬੰਦ ਕਰਨ ਦੀ ਵਕਾਲਤ ਕੀਤੀ ਸੀ ਪਰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਜਿਹੀਆਂ ਸਲਾਹਾਂ ਨੂੰ ਰੱਦ ਕਰ ਦਿੱਤਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਸੇਵਾ ਕੇਂਦਰ ਬੰਦ ਕਰਨ ਦਾ ਫ਼ੈਸਲਾ ਵਾਪਸ ਲਿਆ ਜਾਵੇ ਕਿਉਂਕਿ ਲੋਕਾਂ ਨੂੰ ਬਿਨਾਂ ਖੱਜਲਖੁਆਰੀ ਤੋਂ ਹਰ ਤਰ੍ਹਾਂ ਦੀ ਸਹੂਲਤ ਮਿਲ ਰਹੀ ਹੈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਖੋਲ੍ਹੇ ਗਏ ਸੇਵਾ ਕੇਂਦਰ ਸੁਖਬੀਰ ਸਿੰਘ ਬਾਦਲ ਦਾ ਸੁਪਨਮਈ ਪ੍ਰਾਜੈਕਟ ਮੰਨਿਆ ਜਾਂਦਾ ਸੀ। ਕੈਪਟਨ ਸਰਕਾਰ ਵੱਲੋਂ ਇਹ ਕੇਂਦਰ ਬੰਦ ਕਰਨ ਲਈ ਛੋਟੇ ਬਾਦਲ ਨੂੰ ਨਿੱਜੀ ਤੌਰ ’ਤੇ ਵੀ ਝਟਕਾ ਮੰਨਿਆ ਜਾ ਰਿਹਾ ਹੈ।

## ਦੋ ਭਾਰਤੀ-ਅਮਰੀਕੀ ਹਾਲ ਆਫ਼ ਫੇਮ’ ਨੇ ਬਣਾਈ ਥਾਂ

**ਵਾਸ਼ਿੰਗਟਨ/ਬਿਊਰੋ ਨਿਊਜ਼**

ਦੋ ਭਾਰਤੀ-ਅਮਰੀਕੀ ਆਰੋਗਿਆਸਵਾਮੀ ਪੌਲਰਾਜ ਅਤੇ ਸੁਮਿਤਾ ਮਿੱਤਰਾ ਨੂੰ ਇਸ ਸਾਲ ਦੇ ਕੌਮੀ ਇਨਵੈਂਟਰਜ਼ ਹਾਲ ਆਫ ਫੇਮ ’ਚ ਸ਼ਾਮਲ ਕੀਤਾ ਗਿਆ ਹੈ। ਦੋਹਾਂ ਨੂੰ 13 ਹੋਰਨਾਂ ਨਾਲ 2 ਅਤੇ 3 ਮਈ ਨੂੰ ਹੋਣ ਵਾਲੇ ਸਮਾਗਮ ਦੌਰਾਨ ਸਨਮਾਨਿਤ ਕੀਤਾ ਜਾਵੇਗਾ। ਕੌਮੀ ਇਨਵੈਂਟਰਜ਼ ਹਾਲ ਆਫ ਫੇਮ ਨੇ 2018 ਦੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਪੌਲਰਾਜ ਦੀ ਤਾਰ ਰਹਿਤ ਤਕਨਾਲੋਜੀ ਨੇ ਦੁਨੀਆ ਭਰ ਦੇ ਅਰਬਾਂ ਲੋਕਾਂ ਨੂੰ ਬ੍ਰਾਡਬੈਂਡ ਵਾਇਰਲੈੱਸ ਇੰਟਰਨੈੱਟ ਸੇਵਾਵਾਂ ਤਕ ਪਹੁੰਚ ਕਰਵਾਈ। ਉਧਰ ਮਿੱਤਰਾ ਨੇ ਦੰਦਾਂ ’ਚ ਫਿਲਿੰਗ ਵਾਲੀ ਸਮੱਗਰੀ ’ਚ ਨੈਨੋ ਪਾਰਟੀਕਲਜ਼ ਨੂੰ ਸ਼ਾਮਲ ਕੀਤਾ ਸੀ।

# ਸੰਤ ਜਰਨੈਲ ਸਿੰਘ ਗੱਤਕਾ ਅਖਾੜਾ ਖਿਜ਼ਰਾਬਾਦ ਦੀ ਟੀਮ ਨੇ ਦੂਸਰੇ ਵਿਰਸਾ ਸੰਭਾਲ ਗੱਤਕਾ ਮੁਕਾਬਲੇ ’ਚ ਬਾਜ਼ੀ ਮਾਰੀ

### *ਸਿੱਖ ਵਿਰਸੇ ਦੀ ਸੰਭਾਲ ਲਈ ਗੱਤਕੇ ਨੂੰ ਪਿੰਡ-ਪਿੰਡ ਪੰਹੁਚਾਇਆ ਜਾਵੇ- ਗਰੇਵਾਲ*

ਰੂਪਨਗਰ/ਬਿਊਰੋ ਨਿਊਜ਼:

ਗੁਰਦੁਆਰਾ ਕੋਟ ਪਰਾਣ ਟਿੱਬੀ ਸਾਹਿਬ (ਹੈਡਵਰਕਸ) ਵਿਖੇ ਕਰਵਾਏ ਗਏ ਦੂਜੇ ਵਿਰਸਾ ਸੰਭਾਲ ਗੱਤਕਾ ਟੂਰਨਾਮੈਂਟ ਦੌਰਾਨ ਸ਼ਸ਼ਤਰ ਪ੍ਰਦਰਸ਼ਨੀ ਵਿੱਚ ਸੰਤ ਜਰਨੈਲ ਸਿੰਘ ਗੱਤਕਾ ਅਖਾੜਾ ਖਿਜ਼ਰਾਬਾਦ ਦੀ ਟੀਮ ਜੇਤੂ ਰਹੀ ਜਦਕਿ ਮੀਰੀ ਪੀਰੀ ਗੱਤਕਾ ਅਖਾੜਾ ਘਨੌਲੀ ਦੀ ਟੀਮ ਦੂਜੇ ਨੰਬਰ ’ਤੇ ਅਤੇ ਮਾਈ ਭਾਗੋ ਗੱਤਕਾ ਅਖਾੜਾ ਫਿਰੋਜ਼ਪੁਰ ਦੀ ਟੀਮ ਤੀਜੇ ਨੰਬਰ ’ਤੇ ਰਹੀ। ਗੱਤਕਾ ਸੋਟੀ-ਫ਼ਰੀ (ਵਿਅਕਤੀਗਤ) ਮੁਕਾਬਲੇ ਵਿੱਚ ਰਣਬੀਰ ਸਿੰਘ ਪਹਿਲੇ, ਗੁਰਪ੍ਰੀਤ ਸਿੰਘ ਦੂਜੇ ਅਤੇ ਜਸਪ੍ਰੀਤ ਸਿੰਘ ਤੀਜੇ ਸਥਾਨ ’ਤੇ ਰਿਹਾ।



ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਅਤੇ ਜਾਗਰਨ ਗਰੁੱਪ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਦੂਜੇ ਜਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ ਦਾ ਉਦਘਾਟਨ ਗੁਰੂਦੁਆਰਾ ਟਿੱਬੀ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ, ਸੀਨੀਅਰ ਕਾਂਗਰਸੀ ਨੇਤਾ ਜੈਲਦਾਰ ਸਤਵਿੰਦਰ ਸਿੰਘ ਚੈੜੀਆਂ ਅਤੇ ਇਸਮਾ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਸਾਂਝੇ ਤੌਰ ’ਤੇ ਕੀਤਾ। ਉਨ੍ਹਾਂ ਦੇ ਨਾਲ ਸਹਾਇਕ ਸੰਪਾਦਕ ਮਹਿਤਾਬ-ਉਦ-ਦੀਨ ਅਤੇ ਇਸਮਾ ਦੇ ਸੀਨੀਅਰ ਵਾਈਸ ਚੇਅਰਮੈਨ ਰਘਬੀਰ ਚੰਦ ਸ਼ਰਮਾ ਨੇ ਸਾਥ ਦਿੱਤਾ। ਇਸ ਮੌਕੇ ਬੋਲਦਿਆਂ ਜੈਲਦਾਰ ਚੈੜੀਆਂ ਨੇ ਵਿਰਾਸਤੀ ਖੇਡ ਗੱਤਕਾ ਦੀ ਪ੍ਰਫੁੱਲਤਾ ਲਈ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿਚ ਇਸਮਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਸਾ ਸੰਭਾਲ ਗੱਤਕਾ ਪ੍ਰੋਗਰਾਮਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੱਤਕਾ ਖੇਡ ਦੇ ਅਜਿਹੇ ਵਿਰਾਸਤੀ ਟੂਰਨਾਮੈਂਟ ਕਰਵਾਉਣ ਲਈ ਉਨਾਂ ਇਸਮਾ ਨੂੰ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ।

ਆਪਣੇ ਸੰਬੋਧਨ ਵਿਚ ਇਸਮਾ ਦੇ ਚੇਅਰਮੈਨ ਸ. ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਗੱਤਕਾ ਖੇਤਰ ਵਿੱਚ ਹੋਈਆਂ ਪ੍ਰਾਪਤੀਆਂ ਸਦਕਾ ਗੱਤਕਾ ਖੇਡ ਦਾ ਭਵਿੱਖ ਬਹੁਤ ਉੱਜਲ ਹੈ। ਉਨ੍ਹਾਂ ਕਿਹਾ ਕਿ ਕੌਮੀ ਸਕੂਲ ਖੇਡਾਂ ਅਤੇ ਯੂਨੀਵਰਸਿਟੀ ਖੇਡਾਂ ਵਿਚ ਮਾਨਤਾ ਮਿਲ ਜਾਣ ਅਤੇ ਪੰਜਾਬ ਸਰਕਾਰ ਵੱਲੋਂ ਗੱਤਕਾ ਖੇਡ ਦੀ ਗ੍ਰੇਡੇਸ਼ਨ ਹੋਣ ਸਦਕਾ ਹੁਣ ਗੱਤਕਾ ਖਿਡਾਰੀ ਵੀ ਦੂਜੀਆਂ ਖੇਡਾਂ ਵਾਂਗ ਵੱਖ-ਵੱਖ ਵਿਦਿਅਕ ਅਦਾਰਿਆਂ ਵਿਚ ਦਾਖਲਾ ਲੈਣ ਅਤੇ ਨੌਕਰੀਆਂ ਹਾਸਲ ਕਰਨ ਸਮੇਂ ਖਿਡਾਰੀਆਂ ਨੂੰ ਮਿਲਦੀ 3 ਫੀਸਦੀ ਰਾਖਵੇਂਕਰਨ ਦੀ ਸਹੂਲਤ ਪ੍ਰਾਪਤ ਕਰ ਸਕਦੇ ਹਨ।

ਗੱਤਕਾ ਪ੍ਰੋਮੋਟਰ ਗਰੇਵਾਲ ਨੇ ਸਮੂਹ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ ਨੌਜਵਾਨਾਂ ਨੂੰ ਪੰਜਾਬ ਦੇ ਮਾਣਮੱਤੇ ਸਭਿਆਚਾਰ, ਅਮੀਰ ਵਿਰਸੇ, ਮਾਂ-ਬੋਲੀ ਅਤੇ ਬਾਣੀ-ਬਾਣੇ ਨਾਲ ਜੋੜਨ ਲਈ ਗੱਤਕਾ ਖੇਡ ਵੱਲ ਪ੍ਰੇਰਿਤ ਕਰਦੇ ਹੋਏ ਗੱਤਕੇ ਨੂੰ ਘਰ-ਘਰ ਦੀ ਖੇਡ ਬਣਾਇਆ ਜਾਵੇ ਅਤੇ ਪਿੰਡ ਪੱਧਰ ’ਤੇ ਗੱਤਕਾ ਅਖਾੜੇ ਖੋਲ ਕੇ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਦਿੱਤੀ ਜਾਵੇ।

ਇਸ ਮੌਕੇ ਸੰਤ ਅਵਤਾਰ ਸਿੰਘ ਟਿੱਬੀ ਸਾਹਿਬ ਨੇ ਪੰਜਾਬ ਵਿਚ ਬੱਚਿਆਂ ਨੂੰ ਜਿੱਥੇ ਖੇਡਾਂ ਵੱਲ ਰੁਚਿਤ ਹੋਣ ਲਈ ਪ੍ਰੇਰਿਤ ਕੀਤਾ ਉਥੇ ਨਾਲ ਹੀ ਆਖਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣ, ਉਸਾਰੂ ਕੰਮਾਂ ਵੱਲ ਲਾਉਣ ਅਤੇ ਬੱਚਿਆਂ ਅੰਦਰ ਚੰਗੇ ਸੰਸਕਾਰ ਪੈਦਾ ਕਰਨ ਲਈ ਗੱਤਕਾ ਖੇਡ ਨੂੰ ਅਪਨਾਇਆ ਜਾਵੇ ਕਿਉਂਕਿ ਗੱਤਕੇ ਨਾਲ ਜਿੱਥੇ ਸਰੀਰਕ ਵਰਜਿਸ਼ ਹੋਵੇਗੀ ਉਥੇ ਮਨ ਵਿਚ ਧਾਰਮਿਕ ਖਿਆਲ ਵੀ ਪੈਦਾ ਹੋਣਗੇ। ਉਨ੍ਹਾਂ ਨੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਵੱਲੋਂ ਵਿਰਸਾ ਸੰਭਾਲ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।




## Classified

### ਵਰ ਦੀ ਲੋੜ

ਜੱਟ ਸਿੱਖ 25 ਸਾਲਾ 5'11" ਲੰਬੀ ਲੜਕੀ ਲਈ ਯੋਗ ਦਸਤਾਰਧਾਰੀ। ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਲੜਕੀ ਨੇ ਨਵੀਂ ਦਿੱਲੀ 'ਚ ਕਾਨਵੈਂਟ ਸਕੂਲ ਤੋਂ ਪੜ੍ਹਾਈ ਕਰਕੇ ਐਮ ਕਾਮ ਕੀਤੀ ਹੈ ਅਤੇ ਚਾਰਟਡ ਅਕਾਂਊਟੈਂਟ ਹੈ ਆਈਲਟਸ 6.5 ਬੈਂਡਜ਼ ਨਾਲ ਪਾਸ। ਪਰਿਵਾਰ ਅਮਰੀਕਾ ਅਤੇ ਕੈਨੇਡਾ ਵਿਚ ਸੈੱਟ ਹੈ। ਇਨ੍ਹਾਂ ਨੰਬਰ ਦੇ ਫੋਨ ਜਾਂ ਵਟਸਐਪ ਕਰ ਸਕਦੇ ਹੋ: 530-300-5115 ਜਾਂ +919958919217

### ਵਰ ਦੀ ਜ਼ਰੂਰਤ

ਰਾਮਦਾਸੀਆ ਸਿੱਖ ਉਮਰ 25 ਸਾਲ ਕੱਦ 5'-3', ਐਮ. ਬੀ.ਬੀ.ਐਸ. ਜੋ ਕਿ ਚੰਡੀਗੜ੍ਹ (ਭਾਰਤ) ਵਿਚ ਇਸ ਵੇਲੇ 'ਚ ਮੈਕਸ ਹਸਪਤਾਲ ਵਿਚ ਡਾਕਟਰ ਵਜੋਂ ਕੰਮ ਕਰ ਰਹੀ ਹੈ, ਲਈ ਅਮਰੀਕਾ ਜਾਂ ਕੈਨੇਡਾ ਵਿਚ ਸੈਟਲ ਯੋਗ ਵਰ ਦੀ ਜ਼ਰੂਰਤ ਹੈ।

ਸੰਪਰਕ ਕਰੋ : +1-323-695-1170

Email: Baloch.pup2k@hotmail.com, varindersingh54@gmail.com

Seeking a Nanny/Babysitter

Call : Aman

510-938-7195

ਨੈਨੀ/ਬੇਬੀ ਸਿਟਰ (ਖਿਡਾਵੀ) ਦੀ ਜ਼ਰੂਰਤ ਹੈ।

ਸੰਪਰਕ ਕਰੋ :

ਅਮਨ 510-938-7195

**Indian Restaurant for Rent**

Highly profitable Indian restaurant in Glendale with consistent Sales and profit grossing over 600K yearly. Low rent Current owners for 13 years retiring.

Contact : 818-472-3927

## ਪੰਜਾਬੀ ਗੈਂਗਸਟਰ ਕੈਨੇਡਾ 'ਚ ਬਣੇ ਸਿਰਦਰਦੀ

ਪੰਜਾਬੀ ਨੌਜਵਾਨਾਂ ਦੇ ਕਤਲਾਂ ਦੀ ਥਾਂ ਐਬਟਸਫੋਰਡ ਵਿਚ ਹੀ ਹੈ। ਇਸ ਗਰੁੱਪ ਦਾ ਸਬੰਧ ਜਿਮੀ ਸੰਧੂ ਨਾਲ ਹੈ ਜਿਸ ਨੂੰ ਭਾਰਤ ਡਿਪੋਰਟ ਕਰ ਦਿੱਤਾ ਗਿਆ ਸੀ ਅਤੇ ਉਸ ਦੇ ਸਾਥੀ ਸੰਦੀਪ ਸਿੱਧੂ ਜਿਹੜਾ ਕਿ ਅਮਰੀਕਾ ਨਾਲ ਸਬੰਧ ਰੱਖਦਾ ਹੈ।

ਇਸ ਗਰੁੱਪ 'ਤੇ ਪਹਿਲਾਂ ਹੀ ਕਈ ਤਰ੍ਹਾਂ ਦੇ ਦੋਸ਼ ਲੱਗ ਚੁੱਕੇ ਹਨ। ਗਰੁੱਪ ਵਿਚ ਸ਼ਾਮਲ ਸਿੱਧੂ ਦੇ ਭਰਾ ਨਵਦੀਪ (24 ਸਾਲ) ਅਤੇ ਹਰਮਨ ਮੰਗਤ (22 ਸਾਲ) ਦੀ ਇਕ ਗੋਲੀਬਾਰੀ ਦੌਰਾਨ 17 ਜਨਵਰੀ ਨੂੰ ਮੌਤ ਹੋ ਗਈ ਸੀ। ਕੁਝ ਸਾਲ ਪਹਿਲਾਂ ਗਵਿੰਦਰ ਗਰੇਵਾਲ ਨਾਂ ਦੇ ਇਕ ਨੌਜਵਾਨ ਨੇ ਆਪਣਾ ਗਰੁੱਪ ਸ਼ੁਰੂ ਕੀਤਾ, ਜਿਸ ਨੂੰ 'ਬ੍ਰਦਰਜ਼ ਕੀਪਰਜ਼' ਦਾ ਨਾਂ ਦਿੱਤਾ ਗਿਆ। ਗਰੇਵਾਲ ਦੇ ਗਰੁੱਪ ਵਿਚ ਸ਼ਾਮਲ ਨੌਜਵਾਨਾਂ ਨੇ ਆਪਣੀ ਛਾਤੀ 'ਤੇ ਟੈਟੂ ਬਣਾਏ ਹੋਏ ਹਨ। ਉਥੇ ਹੀ ਗਰੇਵਾਲ ਨੂੰ 2017 ਦੇ ਅੱਧ ਵਿਚਾਲੇ ਇਕ ਦੋਸ਼ ਵਿਚ ਸ਼ਾਮਲ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਪਰ ਉਹ 27 ਸਤੰਬਰ, 2017 ਨੂੰ ਬੇਲ 'ਤੇ ਰਿਹਾਅ ਹੋ ਗਿਆ ਸੀ। ਪੁਲਸ ਨੇ ਦੱਸਿਆ ਕਿ ਗਰੇਵਾਲ ਹਰ ਕਿਸੇ ਨਾਲ ਲੜਾਈ ਕਰਦਾ ਸੀ ਤਾਂ ਉਦੋਂ ਗਰੇਵਾਲ ਗਰੁੱਪ ਦੀ ਲੜਾਈ 27 ਅਕਤੂਬਰ ਨੂੰ ਦੂਜੇ ਗਰੁੱਪ ਨਾਲ ਹੋਈ, ਜਿਸ ਵਿਚ ਗਰੇਵਾਲ ਗਰੁੱਪ ਦੇ 2 ਨੌਜਵਾਨ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਜਿਨ੍ਹਾਂ ਦੀ ਪਛਾਣ ਰੈਂਡੀ ਅਤੇ ਗੈਰੀ ਕੰਗ ਵੱਜੋਂ ਕੀਤੀ ਗਈ ਸੀ। ਰੈਂਡੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਗੈਰੀ ਇਲਾਜ ਅਧੀਨ ਸੀ। ਜਿਸ ਤੋਂ ਬਾਅਦ ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ। 22 ਦਸੰਬਰ ਨੂੰ ਗਰੇਵਾਲ ਦੀ ਮ੍ਰਿਤਕ ਦੇਹ ਉਸ ਦੇ ਇਕ ਅਪਾਰਟਮੈਂਟ ਵਿਚੋਂ ਮਿਲੀ ਸੀ। ਜਿਸ ਕਾਰਨ ਪੁਲਸ ਨੇ ਸ਼ੱਕ ਜਤਾਇਆ ਕਿ 13 ਜਨਵਰੀ ਨੂੰ ਵੈਨਕੂਵਰ ਵਿਚ ਹੋਈ ਗੋਲੀਬਾਰੀ ਦੇ ਪਿੱਛੇ ਪੰਜਾਬੀ ਨੌਜਵਾਨਾਂ ਦਾ ਹੱਥ ਹੋ ਸਕਦਾ ਹੈ। ਕਿਉਂਕਿ ਕੈਨੇਡਾ ਵਿਚ ਪੰਜਾਬੀ ਨੌਜਵਾਨਾਂ ਨੇ ਅਜਿਹੀਆਂ ਅਣਗਿਣਤ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਿਸ ਕਾਰਨ ਪੁਲਸ ਦਾ ਸਿਧਾ ਸ਼ੱਕ ਪੰਜਾਬੀ ਗੈਂਗਸਟਰ 'ਤੇ ਜਾਂਦਾ ਹੈ।

Photo Canadian gang

## 'ਆਪ' ਦੇ ਵਿਧਾਇਕਾਂ ਨੇ ਸਾਡੇ ਉੱਤੇ ਹਮਲਾ ਕੀਤਾ-ਮਨੋਜ ਤਿਵਾੜੀ

ਵਾਂਗ ਵਿਚਰ ਰਹੀ ਹੈ। ਦਿੱਲੀ ਭਾਜਪਾ ਦੇ ਜਨਰਲ ਸਕੱਤਰ ਰਵਿੰਦਰ ਗੁਪਤਾ ਵੱਲੋਂ ਸਿਵਿਲ ਲਾਈਨ ਥਾਣੇ 'ਚ ਦਰਜ ਕਰਾਈ ਸ਼ਿਕਾਇਤ ਵਿੱਚ 'ਆਪ' ਵਿਧਾਇਕਾਂ ਜਰਨੈਲ ਸਿੰਘ, ਅਖਿਲੇਸ਼ ਤ੍ਰਿਪਾਠੀ, ਰਾਜੇਸ਼ ਰਿਸ਼ੀ ਅਤੇ ਜਤਿੰਦਰ ਤੋਮਰ ਦੇ ਨਾਂ ਲਿਖਾਏ ਹਨ। ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਵਿਜੇਂਦਰ ਗੁਪਤਾ ਨੇ ਦੋਸ਼ ਲਾਇਆ ਕਿ ਕੁੱਝ ਆਪ' ਵਿਧਾਇਕਾਂ ਤੇ ਹੋਰਾਂ ਨੇ ਉਸ 'ਤੇ ਹਮਲਾ ਕੀਤਾ ਹੈ। ਮਗਰੋਂ ਉਨ੍ਹਾਂ ਨੇ ਹਸਪਤਾਲ 'ਚ ਮੈਡੀਕਲ ਵੀ ਕਰਾਇਆ। ਉਨ੍ਹਾਂ ਕਿਹਾ, 'ਅੱਜ ਮਹਾਤਮਾ ਗਾਂਧੀ ਦੀ ਬਰਸੀ ਹੈ ਅਤੇ ਕੇਜਰੀਵਾਲ ਨੇ ਮਹਾਤਮਾ ਗਾਂਧੀ ਨੂੰ ਵਿਰੋਧੀ ਆਗੂਆਂ 'ਤੇ ਹਮਲਾ ਕਰਕੇ ਸ਼ਰਧਾਂਜਲੀ ਦਿੱਤੀ ਹੈ।'

## ਸਿੱਖਾਂ ਤੇ ਕਸ਼ਮੀਰੀਆਂ ਵਲੋਂ ਸਵੈ-ਨਿਰਣੇ ਦੇ ਹੱਕ ਲਈ ਸਾਂਝੇ ਤੌਰ ਉੱਤੇ ਸੰਘਰਸ਼ ਕਰਨ ਦਾ ਅਹਿਦ

ਜ਼ਾਲਮ ਦੇ ਸਤਾਏ ਹੋਏ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨਾਲ ਸਿਧਾਂਤਕ ਅਤੇ ਇਨਸਾਨੀ ਸਾਂਝ ਨੂੰ ਹੋਰ ਪਕਿਆਂ ਕਰਨ ਦਾ ਸੱਦਾ ਦਿੱਤਾ।

ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਵੈ-ਨਿਰਣੇ ਪੰਜਾਬ ਦੇ ਲੋਕਾਂ ਦਾ ਉਹ ਅਨਿੱਖੜਵਾਂ ਅਧਿਕਾਰ ਜੋ ਸਾਨੂੰ ਸਾਡੀ ਕਿਸਮਤ ਦਾ ਖ਼ੁਦ ਮਾਲਕ ਬਣਾਉਂਦਾ ਹੈ, ਜੋ ਖਾਲਸਾ ਰਾਜ ਨੂੰ ਸਥਾਪਿਤ ਕਰਦਾ ਹੈ, ਉਹ ਰਾਜ ਜੋ ਕਦੇ ਸਰਕਾਰ-ਏ-ਖ਼ਾਲਸਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਜਿਸ ਰਾਜ ਨੂੰ ਅੰਗਰੇਜ਼ ਹਕੂਮਤ ਨੇ ਸੰਨ 1849 ਵਿੱਚ ਹੜੱਪ ਲਿਆ ਸੀ। ਉਨ੍ਹਾਂ ਕਿਹਾ ਕਿ ਉਦੋਂ ਤੋਂ ਲੈ ਕੇ ਅੱਜ ਤੱਕ ਇਸ ਲੰਬੇ ਸਮੇਂ ਦੌਰਾਨ ਪਹਿਲਾਂ ਅੰਗਰੇਜ਼ ਹਕੂਮਤ ਨੇ ਅਤੇ ਫਿਰ ਭਾਰਤੀ ਸਾਮਰਾਜੀਆਂ ਨੇ ਬਹੁਤ ਚਲਾਕੀ, ਧੋਖੇਬਾਜ਼ੀ ਅਤੇ ਬੜੀ ਸੋਚੀ ਸਮਝੀ ਰਣਨੀਤੀ ਨਾਲ ਸਿੱਖਾਂ ਨੂੰ ਇਸ ਹੱਕ ਤੋਂ ਵਾਂਝਿਆ ਰਖਿਆ ਕਿ ਉਹ ਆਪਣੀ ਰਾਜਸੀ ਆਜ਼ਾਦੀ ਨਿਸ਼ਚਿਤ ਕਰ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਹਰ ਤਰਾਂ ਨਾਲ ਬਸਤੀਵਾਦ ਦੀ ਲਪੇਟ ਵਿੱਚ ਹੈ। ਉਨ੍ਹਾਂ ਕਿਹਾ ਕਿ ਸੰਨ 1947 ਵਿੱਚ ਪੰਜਾਬ ਦਾ ਬਸਤੀਕਰਨ ਹੋਇਆ। ਉਹਨਾਂ ਦਸਿਆ ਕਿ ਅਣਵੰਡੇ ਹੋਏ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਜਾ ਕੇ ਇਸ ਤਰ੍ਹਾਂ ਵੰਡਿਆ ਗਿਆ ਜਿਸ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਭਾਈ ਚੀਮਾ ਨੇ ਕਿਹਾ ਕਿ ਹਿੰਦੁਸਤਾਨੀ ਲੀਡਰ, ਕੁਝ ਅਖੌਤੀ ਵਿਦਵਾਨ ਅਤੇ ਮੀਡੀਆ ਸਿੱਖਾਂ ਦੇ ਪ੍ਰਭੂਸੱਤਾ ਦੇ ਦਾਅਵੇ ਤੇ ਸਵਾਲ ਉਠਾਉਂਦੇ ਹਨ ਅਤੇ ਸਵੈ-ਨਿਰਣੇ ਦੇ ਅਧਿਕਾਰ ਨੂੰ ਅਸਪੱਸ਼ਟ ਦੱਸਦੇ ਹਨ। ਦਲ ਖਾਲਸਾ ਪ੍ਰਧਾਨ ਨੇ ਸਪਸ਼ਟ ਕਰਦਿਆਂ ਕਿਹਾ ਕਿ ਸਿੱਖਾਂ ਦੀ ਰਾਜ ਕਰਨ ਦੀ ਮਾਨਸਿਕਤਾ ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਵਿੱਚ ਮੌਜੂਦ ਹੈ ਅਤੇ ਪੰਜਾਬ ਸਮਸਿਆ ਨੂੰ ਹੱਲ ਕਰਨ ਲਈ ਸਵੈ-ਨਿਰਣੇ ਦੇ ਅਧਿਕਾਰ ਤੋਂ ਇਲਾਵਾ ਹੋਰ ਕੋਈ ਵੀ ਸ਼ਾਂਤਮਈ ਤਰੀਕਾ ਮੌਜੂਦ ਨਹੀਂ ਹੈ।

ਕੁੰਜੀਵਾਦੀ ਭਾਸ਼ਨ ਦੇਂਦਿਆਂ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ 14 ਦਸੰਬਰ 1960 ਨੂੰ ਸੰਯੁਕਤ ਰਾਸ਼ਟਰ ਵੱਲੋਂ ਪਾਸ ਕੀਤਾ ਗਿਆ ਮਤਾ ਜੋ "ਬਸਤੀਵਾਦ ਦੇ ਮਾਰ ਹੇਠ ਆਏ ਹਰ ਦੇਸ਼ ਅਤੇ ਲੋਕਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਦਿੰਦਾ ਹੈ" ਦੇ ਮੁਤਾਬਕ ਪੰਜਾਬ ਵੀ ਸਵੈ- ਨਿਰਣੇ ਅਤੇ ਖ਼ੁਦਮੁਖਤਿਆਰੀ ਦਾ ਅਧਿਕਾਰ ਰੱਖਦਾ ਹੈ ਕਿਉਂਕਿ ਪੰਜਾਬ ਵੀ ਕਦੇ ਇੱਕ ਦੇਸ਼ ਸੀ ਜਿਸ ਦੇ ਰਾਜਨੀਤਕ ਸੰਬੰਧ ਚੀਨ ਅਤੇ ਤਿੱਬਤ ਨਾਲ ਵੀ ਸਨ, ਜਿਸ ਦੀਆਂ ਹੱਦਾਂ ਕਦੇ ਅੱਜ ਦੇ ਅਫਗਾਨਿਸਤਾਨ ਨਾਲ ਲੱਗਦੀਆਂ ਸਨ ਅਤੇ ਜਿਸ ਨਾਲ ਕਦੇ ਅੰਗਰੇਜ਼ ਹਕੂਮਤ ਸੰਧੀਆਂ ਕਰਦੀ ਹੁੰਦੀ ਸੀ। ਸੰਯੁਕਤ ਰਾਸ਼ਟਰ ਦੇ ਮਤੇ ਅਨੁਸਾਰ ਸਿੱਖ ਆਪਣੇ ਸਵੈ-ਨਿਰਣੇ ਦਾ ਅਧਿਕਾਰ ਚਾਹੁੰਦੇ ਹਨ ਜਿਸ ਲਈ ਸਿੱਖ ਸੰਸਥਾਵਾਂ ਆਪਣੇ ਆਪਣੇ ਤੌਰ 'ਤੇ ਵੀ ਅਤੇ ਸੰਗਠਿਤ ਰੂਪ ਵਿੱਚ ਵੀ ਸੰਯੁਕਤ ਰਾਸ਼ਟਰ ਨੂੰ ਮੰਗ ਪੱਤਰ ਦੇ ਚੁੱਕੇ ਹਨ ਪਰ ਅਫਸੋਸ ਜਿਸ ਦਾ ਅੱਜ ਤੱਕ ਕੋਈ ਜਵਾਬ ਨਹੀਂ ਮਿਲਆ।

ਉਨ੍ਹਾਂ ਇਹ ਵੀ ਕਿਹਾ ਕਿ ਸਵੈ-ਨਿਰਣੇ ਦੇ ਇਸ ਅਧਿਕਾਰ ਦੀ ਰੂਪ ਰੇਖਾ ਸਪੱਸ਼ਟ ਨਹੀਂ ਹੈ ਪਰ ਇਸ ਦਾ ਜਵਾਬ ਵੀ 15 ਦਸੰਬਰ 1960 ਵਾਲੇ ਮਤੇ ਵਿੱਚ ਪਿਆ ਹੋਇਆ ਹੈ। ਇਸ ਮਤੇ ਦਾ ਸਿਧਾਂਤ ਸੰਯੁਕਤ ਰਾਸ਼ਟਰ ਦੇ ਆਰਟੀਕਲ 3 ਨੂੰ ਦੁਹਰਾਉਂਦਾ ਹੈ ਜਿਸ ਮੁਤਾਬਕ "ਰਾਜਨੀਤਕ, ਸਮਾਜਿਕ ਅਤੇ ਵਿੱਦਿਅਕ ਤਤਪਰਤਾ ਦੀ ਕਮੀ ਹੋਣ ਦੇ ਬਾਵਜੂਦ ਵੀ ਕਿਸੇ ਵੀ ਲੋਕਾਂ ਨੂੰ ਸਵੈ -ਨਿਰਣੇ ਅਤੇ ਆਜ਼ਾਦੀ ਦੇ ਅਧਿਕਾਰ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ।

ਕਨਵੈਂਸ਼ਨ ਵਿੱਚ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਕਿ ਹਰ ਕੌਮ ਨੂੰ ਸਵੈ -ਨਿਰਣੇ ਦਾ ਅਧਿਕਾਰ ਹੈ ਜਿਸ ਵਿੱਚ ਕਸ਼ਮੀਰ ਅਤੇ ਪੰਜਾਬ ਦੇ ਲੋਕ ਵੀ ਆਉਂਦੇ ਹਨ। ਦੋਵੇਂ ਹੀ ਕੌਮਾਂ ਆਪਣਾ ਅਧਿਕਾਰ ਲੈਣ ਲਈ ਭਾਰਤੀ ਹਕੂਮਤ ਦੇ ਖਿਲਾਫ਼ ਸੰਘਰਸ਼ ਕਰ ਰਹੀਆਂ ਹਨ। ਭਾਰਤੀ ਹਕੂਮਤ ਨਾ ਸਿਰਫ ਇਨ੍ਹਾਂ ਲੋਕਾਂ ਨੂੰ ਅਧਿਕਾਰ ਦੇਣ ਤੋਂ ਮੁਨਕਰ ਹੈ ਬਲਕਿ ਇਨ੍ਹਾਂ ਕੌਮਾਂ ਉੱਪਰ ਵੱਖਵਾਦੀ ਅਤੇ ਅੱਤਵਾਦੀ ਜਿਹੇ ਇਲਜ਼ਾਮ ਲਗਾ ਕੇ ਇਨ੍ਹਾਂ ਦੇ ਹੱਕਾਂ ਅਤੇ ਮੰਗਾਂ ਨੂੰ ਗੈਰ ਕਾਨੂੰਨੀ ਅਤੇ ਸੰਕੀਰਨ ਦੱਸ ਰਹੀ ਹੈ।

ਦਿੱਲੀ ਯੂਨੀਵਰਸਟੀ ਦੇ ਪ੍ਰੋਫੈਸਰ ਐਸ ਏ ਆਰ ਗਿਲਾਨੀ, ਜੋ ਉਚੇਚੇ ਤੌਰ ਤੇ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ, ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਸ਼ਮੀਰ ਦੇ ਲੋਕਾਂ ਕੋਲ ਸੰਯੁਕਤ ਰਾਸ਼ਟਰ ਵੱਲੋਂ ਕਸ਼ਮੀਰੀ ਲੋਕਾਂ ਦੀ ਮੰਗ ਨੂੰ ਜਾਇਜ਼ ਠਹਿਰਾਉਂਦਾ ਹੋਇਆ ਮਤਾ ਵੀ ਮੌਜੂਦ ਹੈ ਪਰ ਇਹ ਭਾਰਤੀ ਹਕੂਮਤ ਦੀ ਧੋਖੇਬਾਜ਼ੀ ਹੈ ਕਿ ਉਹ ਜਨਤਕ ਤੌਰ ਤੇ ਇਸ ਮੰਗ ਨੂੰ ਨਾ-ਜਾਇਜ਼ ਦੱਸਦੇ ਹੋਏ ਫ਼ੌਜੀ ਦਸਤਿਆਂ ਅਤੇ ਫੌਜੀ ਤਾਕਤ ਨਾਲ ਕਸ਼ਮੀਰੀ ਲੋਕਾਂ ਨੂੰ ਦਬਾਉਣ ਅਤੇ ਕੁਚਲਣ ਤੇ ਲੱਗੀ ਹੋਈ ਹੈ।

ਪਾਰਟੀ ਦੇ ਸੀਨੀਅਰ ਆਗੂ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ 1710 ਈਸਵੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਤ ਕੀਤਾ ਗਿਆ ਰਾਜ ਅਤੇ ਸੰਨ 1809-1849 ਤੱਕ ਮਹਾਰਾਜਾ ਰਣਜੀਤ ਸਿੰਘ ਦਾ 40 ਸਾਲਾ ਰਾਜ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਰਾਜ ਧਰਮ ਨਿਰਪੱਖ ਸੀ ਅਤੇ ਦੋਨਾਂ ਨੇ ਹੀ ਪਰਮਾਤਮਾ ਅਤੇ ਗੁਰੂ ਦੇ ਨਾਮ ਸਦਕਾ ਰਾਜ ਕੀਤਾ ਅਤੇ ਉਹ ਲੋਕਾਂ ਦੀਆਂ ਇੱਛਾਵਾਂ, ਧਾਰਮਿਕ ਭਾਵਨਾਵਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਧਿਆਨ ਵਿਚ ਰੱਖਦੇ ਸਨ। ਉਹਨਾਂ ਕਿਹਾ ਕਿ ਉਹੀ ਸਿਧਾਂਤ ਅੱਜ ਦੇ ਖਾਲਸਾ ਰਾਜ ਦੀ ਬੁਨਿਆਦ ਬਣਨਗੇ ।

ਉਨ੍ਹਾਂ ਕਿਹਾ ਕਿ ਸਿੱਖ, ਕਸ਼ਮੀਰੀ ਅਤੇ ਸਾਰੀਆਂ ਨਸਲੀ ਕੌਮਾਂ ਅਨੁਭਵ ਕਰ ਚੁੱਕੀਆਂ ਹਨ ਕਿ ਭਾਰਤ ਵਰਗਾ ਮੁਲਕ ਜੋ ਸਮੱਸਿਆਵਾਂ ਨੂੰ ਸ਼ਾਂਤਮਈ ਤਰੀਕੇ ਨਾਲ ਹੱਲ ਕਰਨ ਦਾ ਫੋਕਾ ਦਾਅਵਾ ਤਾਂ ਜ਼ਰੂਰ ਕਰਦਾ ਹੈ ਅਸਲ ਵਿੱਚ ਉਹ ਆਪਣੀ ਪੂਰੀ ਨਿਆਂ ਪ੍ਰਣਾਲੀ ਅਤੇ ਫੌਜੀ ਤਾਕਤਾਂ ਦਾ ਇਸਤੇਮਾਲ ਕਰਦਾ ਹੋਇਆ ਕਠੋਰ ਕਾਨੂੰਨਾਂ ਦੀ ਵਰਤੋਂ ਕਰਕੇ ਆਪਣੀ ਪੁਲਸ ਅਤੇ ਸੁਰਖਿਆ ਦਸਤਿਆਂ ਰਾਹੀਂ ਲੋਕਾਂ ਦੀਆਂ ਇੱਛਾਵਾਂ ਨੂੰ ਕੁਚਲਦਾ ਹੈ ।

ਉੱਘੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਭਾਰਤ ਅਤੇ ਇਸ ਦੇ ਲੀਡਰਾਂ ਵੱਲੋਂ ਕੀਤੇ ਹੋਏ ਵਾਅਦਿਆਂ ਨੂੰ ਇਕ ਪਾਸੇ ਰੱਖਦੇ ਹੋਏ ਸਿੱਖ ਅਵਾਮ ਨੂੰ ਇਹ ਗੱਲ ਸਾਫ਼ ਹੋਣੀ ਚਾਹੀਦੀ ਹੈ ਕਿ ਸਿੱਖਾਂ ਦਾ ਰਾਜ ਕਰਨ ਦਾ ਖਿਆਲ ਸਿੱਖ ਸਿਧਾਂਤ ਵਿੱਚ ਪਿਆ ਹੋਇਆ ਹੈ ਅਤੇ ਇਸ ਸਿਧਾਂਤ ਪਰਮਾਤਮਾ ਅਤੇ ਅਕਾਲ ਪੁਰਖ ਦੇ ਅਧੀਨ ਹੈ ਨਾ ਕਿ ਕਿਸੇ ਦੁਨਿਆਵੀ ਤਾਕਤ ਦੇ। ਭਾਰਤੀ ਹਕੂਮਤ ਦਾ ਸਿੱਖ ਵਿਰੋਧੀ ਚਿਹਰਾ ਪਿਛਲੇ ਦਹਾਕਿਆਂ ਤੋਂ ਸਾਫ ਝਲਕ ਰਿਹਾ ਹੈ।

ਇਸ ਮੌਕੇ ਬਲਦੇਵ ਸਿੰਘ ਸਿਰਸਾ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ ਕਾਲਕੱਟ, ਅਵਤਾਰ ਸਿੰਘ ਜਾਲਾਲਬਾਦ, ਰਣਬੀਰ ਸਿੰਘ, ਪਰਮਜੀਤ ਸਿੰਘ ਮੰਡ, ਪਰਮਜੀਤ ਸਿੰਘ ਟਾਂਡਾ ਅਤੇ ਹੋਰ ਸੀਨੀਅਰ ਕਾਰਕੁਨ ਹਾਜ਼ਰ ਸਨ।

## ਸੁਖਬੀਰ ਨੇ 84 ਦੇ ਸਿੱਖ ਕਤਲੇਆਮ ਵਿੱਚ ਰਾਜੀਵ ਗਾਂਧੀ ਦੀ ਭੂਮਿਕਾ ਦੀ ਜਾਂਚ ਮੰਗੀ

ਖੇਤਰਾਂ ਦਾ ਦੌਰਾ ਕਰ ਕੇ ਦਹਿਲੇ ਹੋਏ ਪੀੜਤਾਂ ਦੇ ਮਨਾਂ ਨੂੰ ਢਾਰਸ ਬੰਨ੍ਹਾਇਆ ਜਾਵੇ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਕਿੰਨੀ ਅਜੀਬ ਅਤੇ ਅਫਸੋਸਨਾਕ ਗੱਲ ਹੈ ਕਿ ਰਾਜੀਵ ਗਾਂਧੀ ਦੀ ਮੌਤ ਤੋਂ ਬਹੁਤ ਸਾਲਾਂ ਮਗਰੋਂ ਜਦੋਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਨੂੰ ਇਸ 'ਮਨੁੱਖਤਾ ਦੇ ਘਾਣ' ਉੱਤੇ ਅਫ਼ਸੋਸ ਪ੍ਰਗਟ ਕਰਨ ਲਈ ਮਜਬੂਰ ਕੀਤਾ ਗਿਆ ਤਾਂ ਅਜਿਹਾ ਕਰਨ ਦੀ ਜ਼ਿੰਮੇਵਾਰੀ ਇੱਕ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਉੱਤੇ ਸੁੱਟ ਦਿੱਤੀ ਗਈ ਜਿਵੇਂ ਕਿ ਉਹ ਨਿੱਜੀ ਤੌਰ 'ਤੇ ਇਸ ਅਣਮਨੁੱਖੀ ਕਾਰੇ ਲਈ ਦੋਸ਼ੀ ਰਹੇ ਹੋਣ। ਉਨ੍ਹਾਂ ਕਿਹਾ ਕਿ ਨਹਿਰੂ-ਗਾਂਧੀ ਪਰਿਵਾਰ ਵਿੱਚੋਂ ਹੁਣ ਤਕ ਕਿਸੇ ਨੇ ਵੀ ਨਿਰਦੋਸ਼ਾਂ ਦੇ ਕਤਲੇਆਮ ਅਜੇ ਤਕ ਮੁਆਫ਼ੀ ਨਹੀਂ ਮੰਗੀ।

## ਖਾਪ ਪੰਚਾਇਤਾਂ ਬਾਰੇ ਸੁਪਰੀਮ ਕੋਰਟ ਨੇ ਸਖ਼ਤ ਰਵੱਈਆ ਅਪਣਾਇਆ

ਸੱਭਿਅਕ ਸਮਾਜ ਦੇ ਲਈ ਅਣਮਨੁੱਖੀ ਹੈ, ਬਲਕਿ ਸੰਵਿਧਾਨ ਤੇ ਕਾਨੂੰਨ ਨੂੰ ਖੁੱਲ੍ਹੀ ਚੁਣੌਤੀ ਹੈ। ਸੁਪਰੀਮ ਕੋਰਟ ਜਿਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ, ਉਹ 2010 ਤੋਂ ਚੱਲ ਰਿਹਾ ਹੈ। ਕੇਂਦਰ ਸਰਕਾਰ ਆਪਣੀ ਮਰਜ਼ੀ ਨਾਲ ਵਿਆਹ ਕਰਨ ਵਾਲਿਆਂ ਨੂੰ ਸੁਰੱਖਿਆ ਦੇਣ ਨਾਲ ਸੰਬੰਧਿਤ ਕੋਈ ਠੋਸ ਕਾਨੂੰਨ ਹਾਲੇ ਤੱਕ ਨਹੀਂ ਲਿਆ ਸਕੀ ਤੇ ਨਾ ਹੀ ਕੋਈ ਠੋਸ ਸੁਝਾਅ ਪੇਸ਼ ਕਰ ਸਕੀ ਹੈ। ਜਦਕਿ ਵਿਧੀ ਆਯੋਗ ਪਹਿਲਾਂ ਤੋਂ ਹੀ ਵਿਆਹ ਕਰਨ ਵਾਲਿਆਂ ਦੀ ਸੁਰੱਖਿਆ ਦੇ ਲਈ ਕਾਨੂੰਨ ਬਣਾਉਣ ਦੀ ਸਿਫਾਰਸ਼ ਕਰ ਚੁੱਕਾ ਹੈ। ਇਸ ਰਵੱਈਏ 'ਤੇ ਸੁਪਰੀਮ ਕੋਰਟ ਨੇ ਸਾਫ਼ ਕਿਹਾ ਕਿ ਜੇਕਰ ਖਾਪ ਪੰਚਾਇਤਾਂ 'ਤੇ ਪਾਬੰਦੀ ਲਗਾਉਣ 'ਤੇ ਕੇਂਦਰ ਸਰਕਾਰ ਨਾਕਾਮ ਹੈ, ਤਾਂ ਇਸ ਮਸਲੇ 'ਤੇ ਕਾਨੂੰਨ ਆਉਣ ਵਿਚ ਦੇਰੀ ਹੁੰਦੀ ਹੈ, ਤਾਂ ਅਦਾਲਤ ਨੂੰ ਇਸ ਵਿਚ ਦਖ਼ਲ ਦੇਣਾ ਪਵੇਗਾ।

ਜੇਕਰ ਸੰਵਿਧਾਨ ਦੇ ਤਹਿਤ ਨਾਗਰਿਕਾਂ ਨੂੰ ਕੋਈ ਅਧਿਕਾਰ ਹਾਸਲ ਹੈ, ਤਾਂ ਸਥਾਨਕ ਪੱਧਰ 'ਤੇ ਕੋਈ ਵੀ ਸਾਮਾਜਿਕ ਜੱਥੇਬੰਦੀ ਜਾਂ ਪੰਚਾਇਤ ਦਖ਼ਲਅੰਦਾਜ਼ੀ ਨਹੀਂ ਕਰ ਸਕਦੀ। ਕਾਨੂੰਨ ਦੇ ਅੱਗੇ ਕੋਈ ਵੀ ਪਰੰਪਰਾ ਸ਼ਕਤੀਸ਼ਾਲੀ ਨਹੀਂ ਹੋ ਸਕਦੀ ਤੇ ਨਾ ਹੀ ਸੁਪਰੀਮ ਹੋ ਸਕਦੀ ਹੈ। ਪਰ ਇਸ ਦੇ ਬਾਵਜੂਦ ਖਾਪ ਪੰਚਾਇਤਾਂ ਵੱਲੋਂ ਭਾਰਤੀ ਸੰਵਿਧਾਨ, ਵਿਧਾਨ ਕਾਨੂੰਨ ਦੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਅਪਰਾਧਕ ਪੱਧਰ 'ਤੇ ਉਹ ਆਪਣਾ ਰੋਲ ਨਿਭਾਅ ਰਹੀਆਂ ਹਨ। ਝੂਠੀ ਇੱਜ਼ਤ ਤੇ ਅਖੌਤੀ ਸ਼ਾਨ ਦੀ ਰੱਖਿਆ ਦੇ ਲਈ ਆਪਣੀਆਂ ਹੀ ਬੇਟੀਆਂ ਦਾ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਉੱਤਰੀ ਭਾਰਤ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਖਾਪ ਪੰਚਾਇਤਾਂ ਵਿਚ ਕਾਫੀ ਸ਼ਕਤੀਸ਼ਾਲੀ ਹਨ। ਇਨ੍ਹਾਂ ਖਾਪ ਪੰਚਾਇਤਾਂ ਨੂੰ ਰਾਜਨੀਤਕ ਸਮੱਰਥਨ ਹਾਸਲ ਹੈ ਤੇ ਸੱਤਾਧਾਰੀ ਧਿਰਾਂ ਵੀ ਇਸ ਨੂੰ ਥਾਪੜਾ ਦਿੰਦੀਆਂ ਹਨ।

ਇਸੇ ਕਰਕੇ ਪੁਲੀਸ ਪ੍ਰਸ਼ਾਸਨ ਇਨ੍ਹਾਂ ਦੀਆਂ ਗ਼ੈਰ ਕਾਨੂੰਨੀ ਤੇ ਸੰਵਿਧਾਨ ਵਿਰੋਧੀ ਗਤੀਵਿਧੀਆਂ 'ਤੇ ਕੋਈ ਕਾਰਵਾਈ ਕਰਨ ਤੋਂ ਅਸਮੱਰਥ ਰਹਿੰਦਾ ਹੈ ਅਤੇ ਸਮਾਜ ਦੀ ਪਰੰਪਰਾ ਨੂੰ ਉਲੰਘ ਕੇ ਵਿਆਹ ਕਰਨ ਵਾਲੇ ਜੋੜਿਆਂ ਨੂੰ ਕਾਨੂੰਨੀ ਸੁਰੱਖਿਆ ਦੇਣ ਵਿਚ ਨਾਕਾਮ ਰਹਿੰਦਾ ਹੈ। ਸੁਪਰੀਮ ਕੋਰਟ ਦੀ ਅਦਾਲਤੀ ਪ੍ਰਕਿਰਿਆ ਦੌਰਾਨ ਨਿਆਂ ਮਿੱਤਰ ਰਾਜੂ ਰਾਮ ਚੰਦਰਨ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਵਿਧੀ ਆਯੋਗ ਨੇ ਆਪਣੀ 242ਵੀਂ ਰਿਪੋਰਟ ਵਿਚ ਵਿਆਹ ਦੀ ਅਜ਼ਾਦੀ ਸਬੰਧੀ ਕਾਨੂੰਨ ਬਣਾਉਣ ਦਾ ਪ੍ਰਸਤਾਵ ਦਿੱਤਾ ਸੀ ਪਰ ਅਦਾਲਤ ਨੇ ਸਾਫ ਕਿਹਾ ਕਿ ਸਰਕਾਰ ਅੰਤਰ-ਜਾਤੀ ਵਿਆਹ ਕਰਨ ਵਾਲੇ ਜੋੜਿਆਂ ਨੂੰ ਸੁਰੱਖਿਆ ਦੇਣ ਸਬੰਧੀ ਕਾਨੂੰਨ ਬਣਾਵੇ। ਇਸ ਸਬੰਧ ਵਿਚ ਸੁਪਰੀਮ ਕੋਰਟ ਗਾਈਡਲਾਈਨ ਜਾਰੀ ਕਰ ਸਕਦੀ ਹੈ। ਮਾਮਲੇ ਦੀ ਸੁਣਵਾਈ ਪੰਜ ਫਰਵਰੀ ਨੂੰ ਹੋਵੇਗੀ।

## ਕੈਪਟਨ ਤੇ ਸਿੱਧੂ ਵਿਚਾਲੇ ਤਣਾਅ ਦਾ ਮਾਮਲਾ ਹਾਈ ਕਮਾਨ ਤੱਕ ਪਹੁੰਚਿਆ

ਵੱਲੋਂ ਸੁਲਾਹ ਲਈ ਅਜੇ ਤਕ ਕਦਮ ਅੱਗੇ ਨਹੀਂ ਵਧਾਏ ਜਾਣ ਕਰਕੇ ਪਾਰਟੀ ਲਈ ਇਹ ਫਿਕਰ ਦਾ ਕਾਰਨ ਬਣਦਾ ਜਾ ਰਿਹਾ ਹੈ। ਪੰਜਾਬ ਸਰਕਾਰ ਵਿੱਚ ਇਹ ਪ੍ਰਭਾਵ ਬਣਿਆ ਹੋਇਆ ਹੈ ਕਿ ਸ੍ਰੀ ਸਿੱਧੂ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਦਾ ਕੰਮ ਸੰਭਾਲਣ ਤੋਂ ਬਾਅਦ ਕਈ ਅਜਿਹੇ ਫ਼ੈਸਲੇ ਲਏ ਗਏ ਜਿਨ੍ਹਾਂ 'ਤੇ ਮੁੱਖ ਮੰਤਰੀ ਦਫ਼ਤਰ ਜਾਂ ਮੁੱਖ ਸਕੱਤਰ ਦੇ ਦਫ਼ਤਰ ਵੱਲੋਂ ਮੋਹਰ ਨਹੀਂ ਲਾਈ ਗਈ। ਇਨ੍ਹਾਂ ਵਿੱਚ ਸੈਰ ਸਪਾਟਾ ਵਿਭਾਗ ਦੇ ਸਾਬਕਾ ਡਾਇਰੈਕਟਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਤਿੰਨ ਆਈਏਐਸ ਅਫ਼ਸਰਾਂ (ਨਗਰ ਨਿਗਮਾਂ ਦੇ ਕਮਿਸ਼ਨਰ ਰਹਿ ਚੁੱਕੇ), ਜਿਨ੍ਹਾਂ 'ਤੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਬੇਨਿਯਮੀਆਂ ਵਰਤਣ ਦੇ ਦੋਸ਼ ਲੱਗੇ ਸਨ, ਵਿਰੁੱਧ ਕਾਰਵਾਈ ਲਈ ਲਿਖਿਆ ਸੀ। ਸਿੱਧੂ ਨੇ ਹਾਲ ਹੀ 'ਚ ਮੁਹਾਲੀ ਦੇ ਸਾਬਕਾ ਕਮਿਸ਼ਨਰ ਰਾਜੇਸ਼ ਧੀਮਾਨ ਖਿਲਾਫ਼ ਵੀ ਕਾਰਵਾਈ ਲਈ ਲਿਖਿਆ ਸੀ। ਹੁਣ ਤਕ ਇਹੀ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਸਰਕਾਰ ਵੱਲੋਂ ਉਕਤ ਮਾਮਲਿਆਂ ਵਿੱਚ ਮੰਤਰੀ ਦੀਆਂ ਸਿਫਾਰਿਸ਼ਾਂ ਮੰਨੀਆਂ ਨਹੀਂ ਗਈਆਂ। ਫਾਸਟਵੇਅ ਦੇ ਮਾਮਲੇ 'ਚ ਵੀ ਸਰਕਾਰ ਵੱਲੋਂ ਅਪਣਾਈ ਰਣਨੀਤੀ ਨੇ ਸਥਾਨਕ ਸਰਕਾਰ ਮੰਤਰੀ ਦੀ ਕਿਰਕਿਰੀ ਹੀ ਕੀਤੀ ਹੈ। ਨਵਜੋਤ ਸਿੰਘ ਸਿੱਧੂ ਵੱਲੋਂ ਮਨੋਰੰਜਨ ਕਰ ਰਾਹੀਂ ਇਸ ਕੰਪਨੀ ਨੂੰ ਘੇਰਨ ਦੀ ਰਣਨੀਤੀ ਬਣਾਈ ਗਈ ਸੀ। ਸਥਾਨਕ ਸਰਕਾਰਾਂ ਵੱਲੋਂ ਮਨੋਰੰਜਨ ਕਰ ਲਾਉਣ ਲਈ ਨਵੇਂ ਕਾਨੂੰਨ ਦਾ ਖਰੜਾ ਤਿਆਰ ਕੀਤਾ ਗਿਆ ਸੀ। ਨਵੇਂ ਕਾਨੂੰਨ ਦਾ ਖਰੜਾ ਵੀ ਅਜੇ ਤਾਈਂ ਤਣ ਪੱਤਣ ਨਹੀਂ ਲੱਗਿਆ ਹੈ।

## ਸਨਅਤੀ ਸੱਭਿਅਤਾ ਤੇ ਅੰਤਰ-ਰਾਸ਼ਟਰਵਾਦ

ਦਾ ਪ੍ਰਬੰਧ ਕਰ ਲਿਆ ਹੈ। ਸੱਭਿਅਕ ਮਨੁੱਖ ਨੂੰ ਅਪਣੱਤ ਅਤੇ ਸੁਰੱਖਿਆ ਦੇ ਸਾਰੇ ਵਸੀਲੇ ਪ੍ਰਾਪਤ ਹਨ। ਹੈਰਾਨੀ ਦੀ ਗੱਲ ਹੈ ਕਿ ਜਿਵੇਂ ਜਿਵੇਂ ਇਹ ਵਸੀਲੇ ਵਿਕਾਸ ਕਰਦੇ ਗਏ ਹਨ, ਤਿਵੇਂ ਤਿਵੇਂ ਵੱਗ ਪ੍ਰਵਿਰਤੀ ਬਲਵਾਨ ਹੁੰਦੀ ਗਈ ਹੈ। 'ਅਪਨੱਤ ਅਤੇ ਸੁਰੱਖਿਆ ਦੇ ਸਾਧਨ ਪੈਦਾ ਹੋ ਜਾਣ ਦੇ ਬਾਵਜੂਦ ਇਸ ਪ੍ਰਵਿਰਤੀ ਦਾ ਵਿਕਾਸ ਹੁੰਦਾ ਗਿਆ ਹੈ', ਇਸ ਸੱਚ ਪਿੱਛੇ ਇਸ ਪ੍ਰਵਿਰਤੀ ਦੀ ਦੂਜੀ ਵਿਸ਼ੇਸ਼ਤਾ ਦਾ ਹੱਥ ਹੈ। ਉਹ ਖ਼ਾਸੀਅਤ ਇਹ ਹੈ ਕਿ ਇਹ ਜੀਵ ਵਿਚਲੀ ਸਭ ਤੋਂ ਵੱਧ ਤਰਕਸ਼ੂਨ ਅਤੇ ਸੋਚ-ਮੁਕਤ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਵਿੱਚੋਂ ਉਪਜਤ (ਉਪਜੇ ਹੋਏ) ਵਤੀਰੇ ਨੂੰ ਭੇਡ-ਚਾਲ ਆਖਿਆ ਜਾਂਦਾ ਹੈ। ਭੇਡ-ਚਾਲ ਜੀਵ ਦਾ ਉਹ ਵਤੀਰਾ ਹੈ ਜਿਹੜਾ ਬਿਨਾਂ ਕਿਸੇ ਮਕਸਦ-ਮਨੋਰਥ ਦੇ ਅਤੇ ਬਿਨਾਂ ਸੋਚੇ ਸਮਝੇ, ਇਸ ਕਰਕੇ ਅਪਣਾਇਆ ਜਾਵੇ ਕਿ ਉਸ ਜੀਵ ਦੀ ਟੋਲੀ ਨੇ ਉਹ ਵਤੀਰਾ ਅਪਣਾਇਆ ਹੈ। ਇਸ ਸੋਚ-ਮੁਕਤ ਵਿਵਹਾਰ ਦਾ 'ਦਾਰਸ਼ਿਕਨਾਇਆ' ਹੋਇਆ ਰੂਪ ਹੈ- ਰਾਸ਼ਟਰਵਾਦ।

ਸੱਭਿਅਤਾ ਦੇ ਮੁੱਢਲੇ ਪੜਾਵਾਂ ਉੱਤੇ ਵੱਗ ਪ੍ਰਵਿਰਤੀ ਪ੍ਰਬੰਧਕੀ ਪਿੜ ਵਿੱਚ ਬਹੁਤ ਲਾਭਦਾਇਕ ਸਾਬਤ ਹੁੰਦੀ ਰਹੀ ਹੈ। ਹੌਲੀ ਹੌਲੀ ਹਾਕਮ ਵਰਗ ਇਸ ਪ੍ਰਵਿਰਤੀ ਦੇ ਭੇਤ ਤੋਂ ਜਾਣੂ ਹੋ ਕੇ ਮਨੁੱਖੀ ਸੰਗਠਨਾਂ ਨੂੰ ਆਪਣੇ ਹਿੱਤਾਂ ਵਿੱਚ ਵਰਤਣ ਦੀ ਵਿੱਦਿਆ ਸਿੱਖਦੇ ਅਤੇ ਉਪਜਾਉਂਦੇ ਗਏ ਹਨ। ਉਨ੍ਹਾਂ ਸਮਿਆਂ ਵਿੱਚ ਮਨੁੱਖ ਦੇ ਤਿੰਨ ਪ੍ਰਮੁੱਖ ਪ੍ਰਬੰਧ ਸਨਃ ਰਾਜ-ਪ੍ਰਬੰਧ, ਧਰਮ ਅਤੇ ਵਪਾਰ। ਆਧੁਨਿਕ ਯੁੱਗ ਵਿੱਚ ਪ੍ਰਬੰਧਾਂ ਦੀ ਅਨੇਕਤਾ ਹੈ; ਤਾਂ ਵੀ ਰਾਜ ਪ੍ਰਬੰਧ ਅਤੇ ਵਪਾਰ ਸ਼ਕਤੀਸ਼ਾਲੀ ਪ੍ਰਬੰਧ ਹਨ। ਰਾਜ ਪ੍ਰਬੰਧ ਨੇ ਵੱਗ ਪ੍ਰਵਿਰਤੀ ਨੂੰ ਨੈਸ਼ਨਲਲਿਜ਼ਮ (ਰਾਸ਼ਟਰਵਾਦ) ਵਿੱਚ ਵਿਕਸਾਅ ਲਿਆ ਹੈ ਅਤੇ ਵਪਾਰ, ਵਿਗਿਆਪਨਾਂ ਰਾਹੀਂ, ਮਨੁੱਖਾਂ ਵਿਚਲੀ ਵੱਗ-ਪ੍ਰਵਿਰਤੀ ਨੂੰ ਜਗਾਅ ਕੇ ਬੇਲੋੜੀਆਂ ਚੀਜ਼ਾਂ ਖਰੀਦਣ ਲਈ ਪ੍ਰੇਰਦਾ ਹੈ। ਰਾਜਸੀ ਸੱਤਾ ਦਾ ਸਾਂਝੀਵਾਲ ਅਤੇ ਰੂਹਾਨੀ ਸੱਤਾ ਦਾ ਸਰਵ-ਅਧਿਕਾਰੀ ਬਣ ਜਾਣ ਕਾਰਨ ਧਰਮ ਵੀ ਅੰਧ-ਵਿਸ਼ਵਾਦ ਦੇ ਰੂਪ ਵਿੱਚ ਇਸ ਦੀ ਦੁਰਵਰਤੋਂ ਕਰਨ ਵਿੱਚ ਹਕੂਮਤਾਂ ਨਾਲੋਂ ਪਿੱਛੇ ਨਹੀਂ ਰਿਹਾ। ਆਪਣੀ ਸਲਾਮਤੀ, ਸਥਾਪਤੀ ਅਤੇ ਸਦੀਵਤਾ ਲਈ ਲੋੜ ਦੀ ਮੁਥਾਜੀ ਤੋਂ ਮੁਕਤ ਵੱਗ-ਪ੍ਰਵਿਰਤੀ, ਧਰਮ ਅਤੇ ਰਾਜ ਪ੍ਰਬੰਧ ਦੇ ਸਹਾਰੇ ਮਨੁੱਖੀ ਵੱਗਾਂ, ਕੌਮਾਂ, ਧਾਰਮਿਕ ਸੰਗਠਨਾਂ, ਸੰਪਰਦਾਵਾਂ ਅਤੇ ਸਿਆਸੀ ਪਾਰਟੀਆਂ ਦੀ ਵਲਗਣ ਵਿੱਚ ਸ਼ਾਮਿਲ ਵਿਅਕਤੀਆਂ ਦਾ ਸਮੁੱਚਾ ਆਪਾ ਅਤੇ ਉਨ੍ਹਾਂ ਦੀ ਸੰਪੂਰਨ ਪਛਾਣ ਬਣ ਜਾਣ ਵਿੱਚ ਸਫਲ ਹੋ ਚੁੱਕੀ ਹੈ।

ਮਨੁੱਖਾਂ ਵਿੱਚ ਵੱਗ ਪ੍ਰਵਿਰਤੀ ਬਹੁਤ ਸਾਰੇ ਆਧਾਰਾਂ ਅਤੇ ਰੂਪਾਂ ਵਿੱਚ ਵੇਖੀ ਜਾ ਸਕਦੀ ਹੈ। ਜਾਤਾਂ, ਜ਼ੁਬਾਨਾਂ (ਬੋਲੀਆਂ), ਧਰਮਾਂ ਅਤੇ ਨਸਲਾਂ ਦੇ ਆਧਾਰ ਉੱਤੇ ਇਸ ਪ੍ਰਵਿਰਤੀ ਨੂੰ ਉਕਸਾਏ, ਭੜਕਾਏ ਅਤੇ ਕੁਵਰਤੋਂ ਕੀਤੇ ਜਾਣ ਦਾ ਰਿਵਾਜ ਆਮ ਹੈ ਤਾਂ ਵੀ ਇਸ ਦੀ ਵੱਡ-ਆਕਾਰੀ ਵਰਤੋਂ ਕੌਮੀ ਰੂਪ ਵਿੱਚ ਹੁੰਦੀ ਹੈ। ਵੱਡੇ ਵੱਡੇ ਦੇਸ਼ਾਂ ਵਿੱਚ ਇੱਕ ਨਾਲੋਂ ਬਹੁਤੇ ਧਰਮਾਂ, ਨਸਲਾਂ, ਫ਼ਿਰਕਿਆਂ ਦੇ ਲੋਕ ਵੱਸੇ ਹੋਏ ਹੋ ਸਕਦੇ ਹਨ। ਇੱਕ ਦੇਸ਼ ਵਿੱਚ ਕਈ ਕਈ ਬੋਲੀਆਂ ਵੀ ਬੋਲੀਆਂ ਜਾਂਦੀਆਂ ਹਨ। ਵੱਖ ਵੱਖ ਧਰਮਾਂ, ਨਸਲਾਂ, ਫ਼ਿਰਕਿਆਂ, ਜ਼ਾਤਾਂ ਅਤੇ ਜ਼ੁਬਾਨਾਂ ਵਾਲੇ ਲੋਕ ਆਪੋ ਵਿੱਚ ਸ਼ਰੀਕਾ, ਵਿਰੋਧ ਜਾਂ ਰਕਾਬਤ ਵੀ ਰੱਖਦੇ ਹਨ ਅਤੇ ਵਿਰੋਧਾਂ ਕਾਰਨ ਇੱਕ ਦੂਜੇ ਦਾ ਜਾਨੀ ਅਤੇ ਮਾਲੀ ਨੁਕਸਾਨ ਵੀ ਕਰਦੇ ਹਨ। ਪਰ ਕਿਸੇ ਦੂਜੇ ਦੇਸ਼ ਨਾਲ ਜੰਗ ਛਿੜ ਜਾਣ ਉੱਤੇ ਆਪਣੇ ਸਾਰੇ ਵਿਰੋਧਾਂ ਨੂੰ ਭੁੱਲ ਜਾਂਦੇ ਹਨ। ਸਿਰਫ਼ ਏਨਾ ਹੀ ਨਹੀਂ ਸਗੋਂ ਇਹ ਵੀ ਭੁੱਲ ਜਾਂਦੇ ਹਨ ਕਿ ਜਿਸ ਦੇਸ਼ ਵਿਰੁੱਧ ਅਸੀਂ ਲੜਨ ਜਾ ਰਹੇ ਹਾਂ, ਉਸ ਵਿੱਚ ਵੀ ਸਾਡੇ ਧਰਮ ਨੂੰ ਮੰਨਣ ਵਾਲੇ, ਸਾਡੀ ਬੋਲੀ ਬੋਲਣ ਵਾਲੇ ਅਤੇ ਸਾਡੀ ਆਪਣੀ ਨਸਲ ਦੇ ਲੋਕ ਵੱਸਦੇ ਹਨ।

ਇਸ ਵਤੀਰੇ ਪਿੱਛੇ ਵਿੱਦਿਆ, ਵਾਤਾਵਰਣ, ਪਰਵਰਿਸ਼ ਅਤੇ ਪ੍ਰਚਾਰ ਦਾ ਹੱਥ ਹੁੰਦਾ ਹੈ। ਇਹ ਸਭ ਸਾਧਨ ਮਿਲ ਕੇ ਮਨੁੱਖ ਵਿਚਲੀ ਵੱਗ-ਪ੍ਰਵਿਰਤੀ ਨੂੰ ਇੱਛਿਤ ਅਤੇ ਪ੍ਰਬਲ ਰੂਪ ਦੇਣ ਦੀ ਜਾਦੂਗਰੀ ਕਰਦੇ ਹਨ। ਇਹ ਪ੍ਰਵਿਰਤੀ ਬਿਨਾਂ ਲੋੜ ਅਤੇ ਬਿਨਾਂ ਕਾਰਨ ਮਨੁੱਖ ਵਿੱਚ ਕਾਇਮ ਰਹਿੰਦੀ ਹੈ। ਇਸ ਪ੍ਰਵਿਰਤੀ ਅਧੀਨ ਮਨੁੱਖ ਜਾਂ ਕਿਸੇ ਇੱਕ ਵੱਗ ਦਾ ਕੋਈ ਪਸ਼ੂ, ਆਪਣੇ ਵੱਗ ਵਾਲਿਆਂ ਨਾਲ ਬਿਨਾਂ ਕਾਰਨ ਹੀ ਦੁਸ਼ਮਣੀ ਜਾਂ ਖੁਣਸ ਕਰਦਾ ਹੈ। ਇਸ ਪ੍ਰਵਿਰਤੀ ਅਧੀਨ ਜੀਵ ਦਾ ਆਪਣੇ ਵੱਗ ਵਾਲਿਆਂ ਪ੍ਰਤੀ ਅਪਣਾਇਆ ਜਾਣ ਵਾਲਾ ਵਤੀਰਾ ਕਿਸੇ ਉਚੇਚੇ ਯਤਨ ਦਾ ਲਖਾਇਕ ਜਾਂ ਉਭਾਰਕ ਨਹੀਂ ਹੁੰਦਾ, ਸਗੋਂ ਸਾਧਾਰਨ ਅਤੇ ਸਰਲ ਵਤੀਰਾ ਹੁੰਦਾ ਹੈ, ਅਜਿਹਾ ਵਤੀਰਾ ਜੋ ਬਿਨਾਂ ਕਿਸੇ ਯਤਨ ਆਪਣੇ ਆਪ ਹੋਈ ਜਾ ਰਿਹਾ ਹੁੰਦਾ ਹੈ। ਪਰ ਆਪਣੇ ਵੱਗ ਤੋਂ ਬਾਹਰਲਿਆਂ ਪ੍ਰਤੀ ਜੀਵ ਦਾ ਵੱਗ-ਪ੍ਰਵਿਰਤੀ ਵਤੀਰਾ ਯਤਨ-ਰੂਪ, ਅਸਾਧਾਰਨ ਅਤੇ ਹਿੰਸਾਤਮਕ ਹੁੰਦਾ ਹੈ। ਬਾਹਰਲੇ ਵੱਗ ਦਾ ਜੀਵ ਨਿਸ਼ਚੇ ਹੀ ਮਾਰਿਆ ਜਾਂਦਾ ਹੈ, ਜੇ ਕਿਸੇ ਤਰ੍ਹਾਂ ਦੌੜ-ਭੱਜ ਕੇ ਉਹ ਆਪਣੀ ਜਾਨ ਬਚਾਅ ਨਾ ਸਕੇ। ਆਪਣੇ ਵੱਗ ਵਾਲਿਆਂ ਪ੍ਰਤੀ ਵੱਗ-ਵਤੀਰਾ ਅਣਗੌਲਿਤ (ਚਅਅਰਵਜਫਕਦ) ਹੁੰਦਾ ਹੈ। ਇਉਂ ਵੱਗ-ਪ੍ਰਵਿਰਤੀ ਸਿਰਫ਼ ਬਾਹਰਲੇ ਜੀਵਾਂ ਪ੍ਰਤੀ ਅਪਣਾਏ ਹੋਏ ਵਤੀਰੇ ਰਾਹੀਂ ਹੀ ਪ੍ਰਗਟ ਜਾਂ ਪ੍ਰਤੱਖ ਰੂਪ ਧਾਰਨ ਕਰਦੀ ਹੈ। ਇਸ ਲਈ ਇਹ ਕਹਿਣ ਵਿੱਚ ਬਹੁਤੀ ਅਤਾਰਕਿਕਤਾ ਨਹੀਂ ਕਿ ਵੱਗ-ਪ੍ਰਵਿਰਤੀ ਸ਼ੁਰੂ ਤੋਂ ਹੀ 'ਅਕਾਰਨ ਹਿੰਸਾ ਅਤੇ ਹੱਤਿਆ' ਦੇ ਵਿਵਹਾਰ ਦੀ ਪ੍ਰੇਰਨਾ ਦਿੰਦੀ ਆਈ ਹੈ ਅਤੇ ਇਸ ਅਤਿ ਘਿਰਣਿਤ ਅਤੇ ਅਮਾਨਵੀ ਵਿਵਹਾਰ ਰਾਹੀਂ ਪ੍ਰਗਟ ਹੁੰਦੀ ਆਈ ਹੈ।

ਜੰਗਲੀ ਮਨੁੱਖ (ਸੈਵੇਜ) ਵਿਚਲੀ ਵੱਗ-ਪ੍ਰਵਿਰਤੀ ਅਪਣੇ ਪ੍ਰਗਟਾਵੇ ਵਿੱਚ ਓਨੀ ਕੁਰੂਪ ਨਹੀਂ ਸੀ, ਜਿੰਨੀ ਅਰਧ-ਸਭਿਆ (ਬਾਰਬੇਰੀਅਨ) ਵਿਚਲੀ ਸੀ। ਸੈਵੇਜ ਇਸ ਪ੍ਰਵਿਰਤੀ ਦੀ ਸਹਾਇਤਾ ਨਾਲ ਆਪਣੀ ਸੁਰੱਖਿਆ ਦਾ ਪ੍ਰਬੰਧ ਕਰਦਾ ਸੀ। ਖੇਤੀ ਦੇ ਕੰਮ ਦੀ ਕੁਝ ਕੁ ਮੁੱਢਲੀ ਜਾਣਕਾਰੀ ਅਤੇ ਜਾਚ ਪ੍ਰਾਪਤ ਕਰ ਕੇ ਮਨੁੱਖ ਵੱਡੇ ਵੱਡੇ ਟੋਲਿਆਂ ਜਾਂ ਵੱਗਾਂ ਵਿੱਚ ਅਰਧ-ਸਥਾਈ ਵਾਸ ਦਾ ਧਾਰਨੀ ਬਣ ਗਿਆ ਸੀ। ਇਸ ਅਵਸਥਾ (ਅਰਧ-ਸੱਭਿਆ ਜਾਂ ਬਾਰਬੇਰੀਅਨ ਅਵਸਥਾ) ਵਿੱਚ ਮਨੁੱਖ ਨੇ ਆਪਣੇ ਵਰਗੇ ਮਨੁੱਖੀ ਵੱਗਾਂ ਨੂੰ ਤਹਿਸ-ਨਹਿਸ ਕਰ ਕੇ ਉਨ੍ਹਾਂ ਦਾ ਅੰਨ ਅਤੇ ਅੰਨ-ਉਪਜਾਊ ਧਰਤੀ ਹਥਿਆਉਣ ਦਾ ਕੰਮ ਸ਼ੁਰੂ ਕੀਤਾ ਸੀ। ਪਹਿਲਾਂ ਪਹਿਲ ਜੇਤੂ ਵੱਗ, ਹਾਰੇ ਹੋਏ ਵੱਗ ਦੇ ਸਾਰੇ ਇਸਤਰੀ-ਪੁਰਸ਼ਾਂ ਨੂੰ ਮਾਰ ਦਿੰਦਾ ਸੀ। ਖੇਤੀ ਦੇ ਕੰਮ ਵਿੱਚ ਵਧੇਰੇ ਮੁਹਾਰਤ ਹਾਸਲ ਕਰਕੇ ਮਨੁੱਖ ਨੂੰ ਦਾਸਾਂ ਦੀ ਲੋੜ ਪੈ ਗਈ ਤਾਂ ਉਸ ਨੇ ਹਾਰੇ ਹੋਏ ਟੋਲੇ ਦੇ ਕੁਝ ਇੱਕ ਮੈਂਬਰਾਂ ਨੂੰ ਮਾਰਨ ਦੀ ਥਾਂ, ਦਾਸ ਬਣਾਉਣ ਦੀ ਗੱਲ ਸੋਚ ਲਈ। ਜਿਵੇਂ ਜਿਵੇਂ ਮਨੁੱਖ ਵਧੇਰੇ ਸਭਿਆ ਹੁੰਦਾ ਗਿਆ ਹੈ, ਤਿਵੇਂ ਤਿਵੇਂ ਉਸ ਦੀ ਵੱਗ-ਪ੍ਰਵਿਰਤੀ ਹੱਤਿਆ ਅਤੇ ਦਾਸਤਾ ਦੇ ਨਵੇਂ ਨਵੇਂ ਤਰੀਕਿਆਂ ਅਤੇ ਰੂਪਾਂ ਦਾ ਨਿਰਮਾਣ ਕਰਦੀ ਗਈ। ਕੀੜੀਆਂ ਅਤੇ ਮਧੂ-ਮੱਖੀਆਂ ਤੋਂ ਆਰੰਭ ਹੋ ਕੇ ਉਚੇਰੀ ਚੇਤਨਾ ਵਾਲੇ ਪਸ਼ੂ-ਵੱਗਾਂ ਵਿੱਚੋਂ ਦੀ ਹੁੰਦੀ ਹੋਈ ਇਹ ਪ੍ਰਵਿਰਤੀ ਮਨੁੱਖੀ ਵਿਵਹਾਰ ਵਿੱਚ ਓਨੀ ਹੀ ਕੁਰੂਪਤਾ ਨਾਲ ਪ੍ਰਗਟ ਹੋਈ ਹੈ, ਜਿੰਨੀ ਕੀੜੇ-ਮਕੌੜਿਆਂ ਅਤੇ ਜੰਗਲੀ ਪਸ਼ੂਆਂ ਵਿੱਚ।

ਧਰਮ, ਫਲਸਫੇ ਅਤੇ ਕਲਾ ਦੀ ਸਹਾਇਤਾ ਨਾਲ ਮਨੁੱਖ ਨੇ ਇਸ ਕੁਰੂਪ, ਨਿਰਦਈ ਅਤੇ ਅਮਾਨਵੀ ਪ੍ਰਵਿਰਤੀ ਉੱਤੇ ਏਨੇ ਰੰਗੀਨ ਪਰਦੇ ਪਾ ਲਏ ਹਨ ਕਿ ਇਸ ਦਾ ਅਤਾਰਕਿਕ, ਭਿਆਨਕ ਅਤੇ ਹਿੰਸਾਤਮਕ ਰੂਪ ਪਛਾਨਣਾ ਮੁਸ਼ਕਿਲ ਹੋ ਗਿਆ ਹੈ। ਸੱਭਿਆ ਮਨੁੱਖ ਲਈ ਇਹ ਮੰਨਣਾ ਸੰਭਵ ਨਹੀਂ ਕਿ ਜੰਗ ਅਕਾਰਨ ਦੀ ਪ੍ਰੇਰਕ, ਵੱਗ-ਪ੍ਰਵਿਰਤੀ ਦਾ ਪ੍ਰਗਟਾਵਾ ਹੈ ਕਿਉਂਕਿ ਸਿਆਣਿਆਂ ਨੇ ਇਸ ਪ੍ਰਗਟਾਵੇ ਨਾਲ ਮਾਤ-ਭੂਮੀ ਦੀ ਰੱਖਿਆ, ਆਜ਼ਾਦੀ, ਦੇਸ਼ ਭਗਤੀ, ਲੋਕ-ਕਲਿਆਣ, ਕੁਰਬਾਨੀ, ਸੰਸਕ੍ਰਿਤੀ ਅਤੇ ਨਾ ਜਾਣੇ ਹੋਰ ਕਿੰਨੇ ਕੁ ਆਦਰਸ਼ ਜੋੜ ਦਿੱਤੇ ਹਨ। ਇਨ੍ਹਾਂ ਸਾਰੇ ਆਦਰਸ਼ਾਂ ਕਾਰਨ ਮਨੁੱਖ ਲਈ ਇਹ ਮੰਨਣਾ ਮੁਸ਼ਕਿਲ ਹੈ ਕਿ ਮਹਾਨ ਆਦਰਸ਼ਾਂ ਦੀ ਪ੍ਰਾਪਤੀ ਲਈ ਲੜੀਆਂ ਜਾਣ ਵਾਲੀਆਂ ਜੰਗਾਂ ਉਸ ਵੱਗ-ਪ੍ਰਵਿਰਤੀ ਦੀ ਉਪਜ ਹਨ ਜਿਹੜੀ ਬਿਨਾਂ ਕਾਰਨ ਹੱਤਿਆ ਦੀ ਪ੍ਰੇਰਕ ਹੈ। ਇਨ੍ਹਾਂ ਆਦਰਸ਼ਾਂ ਦੀ ਜਕੜ-ਪਕੜ ਵਿੱਚ ਜਕੜਿਆਂ-ਪਕੜਿਆਂ ਸੱਭਿਆ ਮਨੁੱਖ ਇਹ ਮੰਨਣ ਨੂੰ ਵੀ ਤਿਆਰ ਨਹੀਂ ਹੋਵੇਗਾ ਕਿ ਰਾਸ਼ਟਰਵਾਦ ਜਾਂ ਨੈਸ਼ਨਲਿਜ਼ਮ, ਅਸਲ ਵਿੱਚ, ਵੱਗ-ਪ੍ਰਵਿਰਤੀ ਦਾ ਹੀ ਸਿਧਾਂਤਕ ਰੂਪ ਹੈ। ਕੋਈ ਸੱਚ ਸਾਡੇ ਗਿਆਨ ਉੱਤੇ ਆਧਾਰਿਤ ਨਹੀਂ, ਸਾਡਾ ਗਿਆਨ ਸੱਚ ਉੱਤੇ ਆਧਾਰਿਤ ਹੈ। ਅਸੀਂ ਜਾਣਦੇ ਹੋਈਏ ਭਾਵੇਂ ਨਾ ਜਾਣਦੇ ਹੋਈਏ, ਅਸੀਂ ਮੰਨੀਏ ਭਾਵੇਂ ਨਾ ਮੰਨੀਏ, ਇਸ ਗੱਲ ਦੇ ਸੱਚ ਹੋਣ ਵਿੱਚ ਕੋਈ ਫ਼ਰਕ ਨਹੀਂ ਪੈਂਦਾ ਕਿ ਨੈਸ਼ਨਲਿਜ਼ਮ ਮਨੁੱਖ ਵਿਚਲੀ ਅਬੌਧਿਕ ਅਤੇ ਅਤਾਰਕਿਕ ਵੱਗ-ਪ੍ਰਵਿਰਤੀ ਦਾ ਸਿਧਾਂਤਕ ਰੂਪ ਹੈ। ਜਦੋਂ ਮਨੁੱਖ ਇਹ ਜਾਣਦਾ ਅਤੇ ਮੰਨਦਾ ਨਹੀਂ ਸੀ ਕਿ ਧਰਤੀ ਗੋਲ ਹੈ, ਉਦੋਂ ਵੀ ਧਰਤੀ ਦਾ ਗੋਲ ਹੋਣਾ ਸੱਚ ਸੀ।

(ਪੁਸਤਕ 'ਵਿਸ਼ਵਾਸ ਤੋਂ ਵਿਚੇਨਤਾ ਵਲ' ਵਿੱਚੋਂ)

## ਤਤਕਾਲ ਪਾਸਪੋਰਟਾਂ ਲਈ ਹੁਣ ਨਹੀਂ ਪਵੇਗੀ ਵੈਰੀਫਿਕੇਸ਼ਨ ਸਰਟੀਫਿਕੇਟ ਦੀ ਲੋੜ

ਨੇੜਲੇ ਵਿਅਕਤੀਆਂ ਨੂੰ ਹੀ ਇਹ ਸਰਟੀਫਿਕੇਟ ਦਿੰਦੇ ਸਨ। ਇਸ ਕਾਰਨ ਤਤਕਾਲ ਸਰਟੀਫਿਕੇਟ ਕੇਵਲ ਉੱਚ ਪਹੁੰਚ ਵਾਲੇ ਹੀ ਹਾਸਲ ਕਰਨ ਦੇ ਸਮਰੱਥ ਹੁੰਦੇ ਸਨ ਅਤੇ ਆਮ ਆਦਮੀ ਨੂੰ ਨਾਮਾਤਰ ਹੀ ਇਹ ਲਾਭ ਮਿਲਦਾ ਸੀ।

ਇਸ ਬਾਰੇ ਖੇਤਰੀ ਪਾਸਪੋਰਟ ਅਫਸਰ (ਆਰਪੀਓ) ਚੰਡੀਗੜ੍ਹ ਸਿਬਾਸ਼ ਕਬੀਰਾਜ (ਆਈਪੀਐਸ) ਨੇ ਦੱਸਿਆ ਕਿ ਕੇਂਦਰੀ ਗ੍ਰਹਿ ਵਿਭਾਗ ਦੇ ਨਵੇਂ ਫੈਸਲੇ ਨੂੰ ਉਨ੍ਹਾਂ ਆਪਣੇ ਦਫਤਰ ਵਿਚ ਲਾਗੂ ਕਰ ਦਿੱਤਾ ਹੈ ਅਤੇ ਹੁਣ ਬਗੈਰ ਵੈਰੀਫਿਕੇਸ਼ਨ ਸਰਟੀਫਿਕੇਟ ਦੇ ਹੀ ਹੋਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਬਿਨੈਕਾਰਾਂ ਨੂੰ ਤਤਕਾਲ ਪਾਸਪੋਰਟ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਲਈ ਆਧਾਰ ਨੰਬਰ ?ਆਧਾਰ ਆਈਡੀ ਦੇਣੀ ਪਵੇਗੀ। ਇਸ ਤੋਂ ਇਲਾਵਾ 12 ਦਸਤਾਵੇਜ਼ਾਂ ਫੋਟੋ ਵਾਲਾ ਵੋਟਰ ਪਛਾਣ ਪੱਤਰ, ਸਰਵਿਸ ਦਾ ਫੋਟੋ ਪਛਾਣ ਪੱਤਰ, ਐਸਸੀ, ਐਸਟੀ,ਬੀਸੀ ਸਰਟੀਫਿਕੇਟ, ਆਰਮਜ਼ ਲਾਇਸੈਂਸ, ਪੈਨਸ਼ਨ ਦਸਤਾਵੇਜ਼, ਆਪਣਾ ਪਾਸਪੋਰਟ, ਪੈਨ ਕਾਰਡ, ਬੈਂਕ, ਡਾਕਘਰ ਤੇ ਕਿਸਾਨ ਪਾਸਬੁੱਕ, ਵਿਦਿਆਰਥੀ ਦਾ ਫੋਟੋ ਪਛਾਣ ਪੱਤਰ, ਡਰਾਈਵਿੰਗ ਲਾਇਸੈਂਸ, ਜਨਮ ਸਰਟੀਫਿਕੇਟ ਅਤੇ ਰਾਸ਼ਨ ਕਾਰਡ ਵਿਚੋਂ ਕੋਈ ਦੋ ਦਸਤਾਵੇਜ਼ ਮੁਹੱਈਆ ਕਰਨ 'ਤੇ ਤਤਕਾਲ ਪਾਸਪੋਰਟ ਜਾਰੀ ਕਰ ਦਿੱਤਾ ਜਾਵੇਗਾ। ਸ੍ਰੀ ਕਬੀਰਾਜ ਨੇ ਹੋਰ ਦੱਸਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਆਧਾਰ ਦੇ ਦਸਤਾਵੇਜ਼ਾਂ ਸਮੇਤ ਤਿੰਨ ਦਸਤਾਵੇਜ਼ਾਂ ਵਿਦਿਆਰਥੀ ਫੋਟੋ ਪਛਾਣ ਪੱਤਰ, ਜਨਮ ਸਰਟੀਫਿਕੇਟ ਅਤੇ ਰਾਸ਼ਨ ਕਾਰਡ ਵਿਚੋਂ ਕੋਈ ਇਕ ਦਸਤਾਵੇਜ਼ ਮੁਹੱਈਆ ਕਰਕੇ ਤਤਕਾਲ ਪਾਸਪੋਰਟ ਹਾਸਲ ਕੀਤਾ ਜਾ ਸਕਦਾ ਹੈ। ਪਾਸਪੋਰਟ ਦਫਤਰ ਦੇ ਸੂਤਰਾਂ ਅਨੁਸਾਰ ਹੁਣ ਤਤਕਾਲ ਪਾਸਪੋਰਟ ਬਣਾਉਣ ਵਾਲਿਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਣ ਦੇ ਆਸਾਰ ਬਣ ਗਏ ਹਨ। ਦੱਸਣਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਪਹਿਲਾਂ ਦੇਸ਼ ਦੇ ਸਮੂਹ ਥਾਣਿਆਂ ਨੂੰ ਸਬੰਧਤ ਖੇਤਰੀ ਪਾਸਪੋਰਟ ਦਫਤਰਾਂ ਨਾਲ ਇੰਟਰਨੈੱਟ ਨਾਲ ਜੋੜ ਕੇ ਪੁਲੀਸ ਵੈਰੀਫਿਕੇਸ਼ਨਾਂ ਦਾ ਆਨਲਾਈਨ ਅਦਾਨ ਪ੍ਰਦਾਨ ਕਰਨ ਦਾ ਵੱਡਾ ਫੈਸਲਾ ਲਿਆ ਗਿਆ ਹੈ।

## ਸਭ ਲਈ ਆਰਥਿਕ ਵਿਕਾਸ ਵਿੱਚ ਭਾਰਤ ਫਾਡੀ

ਬਾਕੀ ਦੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਨ੍ਹਾਂ ਦੁਆਰਾ ਆਪਣਾ ਕਰਜ਼ਾ ਮੋੜਨਾ ਤਾਂ ਦੂਰ ਰਿਹਾ, ਉਹ ਆਪਣੀ ਵਰਤਮਾਨ ਆਮਦਨ ਨਾਲ ਆਪਣਾ ਚੁੱਲ੍ਹਾ ਬਲਦਾ ਰੱਖਣ ਅਤੇ ਕਰਜ਼ੇ ਉੱਪਰਲਾ ਵਿਆਜ ਮੋੜਨ ਦੀ ਹਾਲਤ ਵਿੱਚ ਵੀ ਨਹੀਂ ਹਨ। ਅਰਥਚਾਰੇ ਦੇ ਵੱਖ ਵੱਖ ਖੇਤਰਾਂ ਵਿੱਚ ਸਰੀਰਕ ਕੰਮ ਕਰਨ ਵਾਲੇ ਕਾਮੇ ਕਰਜ਼ੇ ਦੇ ਪਹਾੜ ਅਤੇ ਘੋਰ ਗ਼ਰੀਬੀ ਵਿੱਚ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਜੀਅ ਰਹੇ ਹਨ ਅਤੇ ਮੌਜੂਦਾ ਆਰਥਿਕ ਪ੍ਰਬੰਧ ਵਿੱਚ ਉਨ੍ਹਾਂ ਸਿਰ ਕਰਜ਼ੇ ਅਤੇ ਘੋਰ ਗ਼ਰੀਬੀ ਹੋਰ ਵਧਣਗੇ। ਮੰਚ ਦੀ ਤਾਜ਼ਾ ਰਿਪੋਰਟ ਅਨੁਸਾਰ, ਦੇਸ਼ ਦੇ ਬਹੁਤ ਅਮੀਰ ਲੋਕਾਂ ਕੋਲ ਦੇਸ਼ ਦੀ ਸੰਪਤੀ ਦਾ 73 ਫ਼ੀਸਦ ਹਿੱਸਾ ਹੈ ਅਤੇ 60 ਫ਼ੀਸਦ ਲੋਕਾਂ ਕੋਲ ਸਿਰਫ਼ ਇੱਕ ਫ਼ੀਸਦ ਹਿੱਸਾ ਹੈ ਜਿਸ ਨੇ ਭਾਰਤ ਵਿੱਚ ਸਭ ਲਈ ਆਰਥਿਕ ਵਿਕਾਸ ਦੀ ਹਕੀਕਤ ਸਾਹਮਣੇ ਲਿਆ ਦਿੱਤੀ ਹੈ।

ਆਰਥਿਕ ਵਿਕਾਸ ਮਹੱਤਵਪੂਰਨ ਹੁੰਦਾ ਹੈ, ਪਰ ਇਸ ਤੋਂ ਵੱਧ ਮਹੱਤਵਪੂਰਨ ਇਹ ਹੁੰਦਾ ਹੈ ਕਿ ਵਿਕਾਸ ਕਿਸ ਤਰ੍ਹਾਂ ਅਤੇ ਕਿਨ੍ਹਾਂ ਲਈ ਹੋ ਰਿਹਾ ਹੈ। ਆਰਥਿਕ ਵਿਕਾਸ ਦੇ ਫ਼ਾਇਦੇ ਸਭ ਲਈ ਹੋਣੇ ਚਾਹੀਦੇ ਹਨ। ਨਾਲ ਇਹ ਖਿਆਲ ਵੀ ਰੱਖਿਆ ਜਾਣਾ ਚਾਹੀਦਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤ ਸੁਰੱਖਿਅਤ ਕਿਵੇਂ ਰੱਖੇ ਜਾਣ। ਅਜਿਹਾ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਲੋਕ ਅਤੇ ਕੁਦਰਤ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਅਧੀਨ ਸਭ ਲਈ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ। ਸਭ ਲਈ ਰੁਜ਼ਗਾਰ ਹੋਵੇ। ਖੇਤੀ ਉਤਪਾਦਨ ਲਈ ਰਸਾਇਣਾਂ ਅਤੇ ਜ਼ਹਿਰਾਂ ਦੀ ਵਰਤੋਂ ਕੰਟਰੋਲ ਕਰਦਿਆਂ ਕੁਦਰਤੀ ਖੇਤੀ ਲਈ ਖੋਜ ਅਤੇ ਵਿਕਾਸ ਕਾਰਜਾਂ ਨੂੰ ਹੁਲਾਰਾ ਦਿੱਤਾ ਜਾਵੇ।

'ਲੇਖਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ-ਵਿਗਿਆਨ ਵਿਭਾਗ ਦਾ ਸਾਬਕਾ ਪ੍ਰੋਫੈਸਰ ਹੈ

## ਉਜੱਡਾਂ ਵਿੱਚ ਘਿਰਿਆ ਅਹਿਮਕ...

ਕੀਤੀ ਹੈ। ਪ੍ਰੇਰਨਾਦਾਇਕ ਹਸਤੀ ਵਜੋਂ ਮਹਾਤਮਾ ਗਾਂਧੀ ਦਾ ਰੁਤਬਾ ਘਟਾ ਦਿੱਤਾ ਗਿਆ ਹੈ। ਇਸ ਤੋਂ ਉਲਟ ਅਹਿਮਦਾਬਾਦ ਸਥਿਤ ਉਨ੍ਹਾਂ ਦੀ ਰਿਹਾਇਸ਼ ਸਾਬਰਮਤੀ ਆਸ਼ਰਮ ਨੂੰ ਕਿਸੇ ਨਾ ਕਿਸੇ ਵਿਦੇਸ਼ੀ ਹਸਤੀ ਦੀ ਆਮਦ ਮੌਕੇ ਫੋਟੋਆਂ ਖਿਚਵਾਉਣ ਲਈ ਢੁੱਕਵੀਂ ਥਾਂ ਵਜੋਂ ਵਰਤਿਆ ਜਾਂਦਾ ਹੈ।

ਇਸ ਚੇਤੇ ਰੱਖਣਾ ਅਹਿਮ ਹੈ ਕਿ ਇਸ ਸੰਤ ਦਾ ਬੇਕਿਰਕੀ ਨਾਲ ਕਤਲ ਕੀਤਾ ਗਿਆ ਸੀ; ਉਹ ਵੀ ਉਦੋਂ, ਜਦੋਂ ਉਹ ਸ਼ਾਮ ਦੀ ਪ੍ਰਾਰਥਨਾ ਲਈ ਜਾ ਰਹੇ ਸਨ। ਇਹ ਸਪਸ਼ਟ ਤੌਰ 'ਤੇ ਕਤਲ ਹੀ ਸੀ। ਇਹ ਬਿਲਕੁਲ ਗ਼ੈਰ-ਹਿੰਦੁਸਤਾਨੀ, ਗ਼ੈਰ-ਭਾਰਤੀ ਰਵਾਇਤ ਹੈ। ਮਹਾਤਮਾ ਦੀ ਹੱਤਿਆ ਵੀ ਉਨ੍ਹਾਂ ਲੋਕਾਂ ਵੱਲੋਂ ਕੀਤੀ ਗਈ ਜੋ ਖ਼ੁਦ ਨੂੰ ਹਿੰਦੂ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਦੇ ਹੱਕਦਾਰ ਮੰਨਦੇ ਹਨ।

ਇਸ ਤੁਅੱਸਬੀ ਹਜੂਮ ਲਈ ਕਮਜ਼ੋਰ ਜਿਸਮ ਵਾਲੀ ਸੰਤਾਂ ਵਰਗੀ ਇਹ ਸ਼ਖ਼ਸੀਅਤ ਸਭ ਤੋਂ ਵੱਡਾ ਖ਼ਤਰਾ ਬਣ ਗਈ ਸੀ। ਮਹਾਤਮਾ ਗਾਂਧੀ ਨੂੰ ਨੰਬਰ ਇੱਕ ਦੁਸ਼ਮਣ ਦਾ ਰੁਤਬਾ ਦੇ ਦਿੱਤਾ ਗਿਆ ਕਿਉਂਕਿ ਉਨ੍ਹਾਂ ਦੀ ਕਮਜ਼ੋਰ ਦੇਹ ਤੇ ਕੰਬਦੀ ਆਵਾਜ਼ ਹਾਲੇ ਵੀ ਭਾਰਤੀ ਜਨਤਾ ਵੱਲੋਂ ਇਖਲਾਕੀ ਅਥਾਰਟੀ ਸਮਝੀ ਜਾਂਦੀ ਸੀ। ਅਤੇ 15 ਅਗਸਤ 1947 ਮਗਰੋਂ ਸ਼ੁਰੂ ਹੋਏ ਸ਼ੁਦਾਅ ਅਤੇ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਜਾਣ ਦੇ ਅਮਲ ਦੌਰਾਨ ਇਹ ਸ਼ਖ਼ਸ ਹਾਲੇ ਵੀ ਵਿਵੇਕਸ਼ੀਲਤਾ ਅਤੇ ਅਹਿੰਸਾ ਦਾ ਗੀਤ ਗਾਉਣ 'ਤੇ ਜ਼ੋਰ ਦੇ ਰਿਹਾ ਸੀ। ਉਸ ਨੂੰ ਤਾਂ ਹਰ ਹਾਲ ਚੁੱਪ ਕਰਵਾਉਣਾ ਹੀ ਪੈਣਾ ਸੀ। ਇਸੇ ਲਈ ਸੱਤਰ ਸਾਲ ਪਹਿਲਾਂ 30 ਜਨਵਰੀ ਨੂੰ ਬਿਰਲਾ ਹਾਊਸ ਵਿਖੇ ਉਨ੍ਹਾਂ ਨੂੰ ਮਾਰਨ ਲਈ ਗੋਲੀਆਂ ਚਲਾਈਆਂ ਗਈਆਂ।

ਸਰੀਰਿਕ ਤੌਰ 'ਤੇ ਉਨ੍ਹਾਂ ਨੂੰ ਮਿਟਾ ਕੇ ਇੱਕ ਰਾਸ਼ਟਰ ਵਜੋਂ ਸਾਨੂੰ ਉਨ੍ਹਾਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਵੀ ਮਲੀਆਮੇਟ ਕਰ ਦੇਣ ਦੀ ਸੋਚਣ ਵਾਲੇ ਹਾਲੇ ਵੀ ਨਿਰਾਸ਼ ਹਨ। ਹੱਤਿਆਰੇ ਸਰੀਰਿਕ ਜੰਗ ਤਾਂ ਜਿੱਤ ਗਏ, ਪਰ ਸਦਾਚਾਰਕ ਤੇ ਇਖ਼ਲਾਕੀ ਜੰਗ ਹਾਰ ਗਏ। ਗਾਂਧੀ ਦੇ ਕਾਤਲਾਂ ਨੇ ਹਾਲੇ ਹਾਰ ਨਹੀਂ ਮੰਨੀ- ਅਤੇ ਨਾ ਹੀ ਭਾਰਤ ਨੇ ਮਹਾਤਮਾ ਦੇ ਸਿਧਾਂਤ ਤਿਆਗੇ ਹਨ।

**ਸਾਂਪਲਾ ਨੂੰ ਜਾਗਿਆ ਦਲਿਤਾਂ ਦਾ ਦਰਦ !**

ਅਖ਼ਬਾਰਾਂ ਵਿੱਚ ਪੜ੍ਹੀ ਇਹ ਖ਼ਬਰ ਹੈਰਾਨੀਜਨਕ ਸੀ ਕਿ ਪੰਜਾਬ ਭਾਜਪਾ ਦੇ ਮੁਖੀ ਵਿਜੈ ਸਾਂਪਲਾ ਨੇ ਅਕਾਲ ਤਖ਼ਤ ਦੇ ਜਥੇਦਾਰਾਂ ਨੂੰ ਚਿੱਠੀ ਲਿਖ ਕੇ ਗੁਰਦੁਆਰਿਆਂ ਵਿੱਚ ਜਾਤੀਵਾਦੀ ਘਟਨਾਵਾਂ ਨੂੰ ਠੱਲ੍ਹ ਪਾਉਣ ਵਾਸਤੇ ਕਦਮ ਚੁੱਕਣ ਲਈ ਆਖਿਆ ਹੈ। ਭਾਜਪਾ ਆਗੂ ਨੇ ਖ਼ਾਸ ਤੌਰ 'ਤੇ ਇਸ ਤੱਥ ਪ੍ਰਤੀ ਨਾਖੁਸ਼ੀ ਪ੍ਰਗਟਾਈ ਹੈ ਕਿ ਕੁਝ ਪਿੰਡਾਂ ਵਿੱਚ ਦਲਿਤਾਂ ਨੂੰ ਗੁਰਦੁਆਰਿਆਂ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਇੱਥੋਂ ਤਕ ਕਿ ਉਨ੍ਹਾਂ ਨੂੰ ਆਪਣੇ ਵੱਖਰੇ ਸ਼ਮਸ਼ਾਨਘਾਟ ਬਣਾਉਣ ਲਈ ਮਜਬੂਰ ਕੀਤਾ ਗਿਆ। ਸ੍ਰੀ ਸਾਂਪਲਾ ਅਤੇ ਉਨ੍ਹਾਂ ਦੀ ਪਾਰਟੀ ਭਾਜਪਾ ਪੰਜਾਬ ਵਿੱਚ ਇੱਕ ਦਹਾਕਾ ਅਕਾਲੀ ਦਲ ਦੀ ਭਾਈਵਾਲ ਰਹੀ ਹੈ; ਦਰਅਸਲ, ਭਾਜਪਾ-ਅਕਾਲੀ ਦਲ ਗੱਠਜੋੜ ਬਹੁਤ ਪੁਰਾਣਾ ਹੈ। ਵਿਆਪਕ ਪੱਧਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਉੱਤੇ ਪ੍ਰਭਾਵ ਸਦਕਾ ਅਕਾਲੀ ਦਲ (ਭਾਵ ਬਾਦਲ) ਹੀ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਨੂੰ ਕੰਟਰੋਲ ਕਰਦਾ ਹੈ।

ਸ੍ਰੀ ਸਾਂਪਲਾ ਹੁਣ ਅਚਾਨਕ ਦਲਿਤ ਸਿੱਖਾਂ ਨਾਲ ਹੁੰਦੇ ਵਿਤਕਰੇ ਨੂੰ ਮੁੱਦਾ ਕਿਉਂ ਬਣਾਉਣਾ ਚਾਹੁੰਦੇ ਹਨ ? ਅਜਿਹਾ ਤਾਂ ਨਹੀਂ ਕਿ ਵਿਤਕਰਾ ਪਿਛਲੇ ਹਫ਼ਤੇ ਹੀ ਸ਼ੁਰੂ ਹੋਇਆ ਹੋਵੇ। ਸਾਂਪਲਾ ਕਾਫ਼ੀ ਸਮੇਂ ਤੋਂ ਪੰਜਾਬ ਵਿੱਚ ਹਨ ਅਤੇ ਉਨ੍ਹਾਂ ਤੋਂ ਸਾਰੇ ਧਾਰਮਿਕ ਗਰੁੱਪਾਂ ਦੀਆਂ ਸਮਾਜਿਕ ਅਮਲਦਾਰੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਹੋਣ ਦੀ ਤਵੱਕੋ ਜ਼ਰੂਰ ਕੀਤੀ ਜਾ ਸਕਦੀ ਹੈ। ਸ੍ਰੀ ਸਾਂਪਲਾ ਸਾਨੂੰ ਇਹ ਮਨਾਉਣਾ ਨਹੀਂ ਚਾਹੁਣਗੇ ਕਿ ਉਨ੍ਹਾਂ ਨੂੰ ਇਨ੍ਹਾਂ ਨਾਖੁਸ਼ੀ ਵਾਲੀਆਂ ਘਟਨਾਵਾਂ ਬਾਰੇ ਹੁਣੇ ਹੀ ਪਤਾ ਲੱਗਿਆ ਹੈ। ਜੋ ਵੀ ਹੋਵੇ ਸਮਾਜ ਵਿਗਿਆਨੀਆਂ ਅਤੇ ਹੋਰ ਲੇਖਕਾਂ ਨੇ ਵੱਡੇ ਪੱਧਰ ਉੱਤੇ ਇਸ ਪਾੜੇ ਬਾਰੇ ਲਿਖਿਆ ਹੈ। ਬੇਸ਼ੱਕ, ਇਹ ਵਰਤਾਰਾ ਸਿੱਖ ਗੁਰੂ ਸਾਹਿਬਾਨ ਵੱਲੋਂ ਸ਼ੁਰੂ ਤੋਂ ਹੀ ਪ੍ਰਚਾਰੇ ਗਏ ਸਿਧਾਂਤਾਂ ਨੂੰ ਐਨ ਉਲਟ ਹੈ।

ਉਂਜ, ਇਹ ਪੁੱਛਣਾ ਬਣਦਾ ਹੈ ਕਿ ਪੰਜਾਬ ਵਿੱਚ ਬਾਦਲਾਂ ਦੇ ਸੱਤਾ ਵਿੱਚ ਹੁੰਦੇ ਸਮੇਂ ਭਾਜਪਾ ਨੇ ਇਹ ਮੁੱਦਾ ਕਿਉਂ ਨਹੀਂ ਉਠਾਇਆ ? ਕੀ ਇਹ ਭਾਜਪਾ ਦੇ ਅਕਾਲੀ ਦਲ ਨਾਲੋਂ ਤੋੜ ਵਿਛੋੜੇ ਦੀ ਸ਼ੁਰੂਆਤ ਹੈ ? ਜਾਂ ਹਿੰਦੂਤਵੀ ਗੁੱਟ ਕੁਝ ਹੋਰ ਵੋਟਾਂ ਹਾਸਲ ਹੋਣ ਦੀ ਉਮੀਦ ਵਿੱਚ ਇੱਕ ਹੋਰ ਸਮਾਜਿਕ ਗੜਬੜ ਲਈ ਚੁਆਤੀ ਲਾਉਣਾ ਚਾਹੁੰਦੇ ਹਨ ?

**ਸਹਿਜ ਸੁਭਾਅ ਵਾਲਾ ਜਰਨੈਲ**

ਪਿਛਲੇ ਵੀਰਵਾਰ ਮੈਂ ਭਾਰਤੀ ਥਲ ਸੈਨਾ ਦੀ ਪੱਛਮੀ ਕਮਾਂਡ ਦੇ ਹੈੱਡਕੁਆਰਟਰ ਵਿਖੇ ਮੀਡੀਆ ਅਤੇ ਅਫ਼ਸਰਾਂ ਦਰਮਿਆਨ ਹੋਣ ਵਾਲੀ ਗੋਸ਼ਟੀ ਵਿੱਚ ਸ਼ਾਮਿਲ ਹੋਣ ਲਈ ਚੰਡੀਮੰਦਰ ਗਿਆ।

ਗੋਸ਼ਟੀ ਵਿੱਚ ਹਥਿਆਰਬੰਦ ਸੈਨਾਵਾਂ ਬਾਰੇ ਮੇਰੀਆਂ ਖਰੀਆਂ ਖਰੀਆਂ ਟਿੱਪਣੀਆਂ ਦੇ ਬਾਵਜੂਦ ਕਮਾਂਡ ਦੇ ਸੈਨਾਪਤੀ ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਨੇ ਬੜੀ ਫਰਾਖ਼ਦਿਲੀ ਨਾਲ ਆਖਿਆ ਕਿ ਵਿਰੋਧੀ ਵਿਚਾਰਾਂ ਦਾ ਸੁਆਗਤ ਹੈ।

ਦੁਪਹਿਰ ਦੇ ਖਾਣੇ ਸਮੇਂ ਅਫ਼ਸਰਾਂ ਨਾਲ ਹੋਈ ਗੈਰਰਸਮੀ ਗੱਲਬਾਤ ਸਭ ਤੋਂ ਵਧੇਰੇ ਖੁਸ਼ਨੁਮਾ ਅਨੁਭਵ ਸੀ। ਉਨ੍ਹਾਂ ਨੇ ਸ਼ੇਖੀ ਮਾਰਨ, ਦਮਗਜੇ ਮਾਰਨ, ਵਰਦੀ ਦੀ ਧੌਂਸ ਜਮਾਉਣ ਜਾਂ ਝੂਠਾ ਮਰਦਊਪੁਣਾ ਦਿਖਾਉਣ ਜਿਹੀ ਕੋਈ ਗੱਲ ਨਹੀਂ ਕੀਤੀ। ਮੈਨੂੰ ਲੈਫਟੀਨੈਂਟ ਜਨਰਲ ਸੁਰਿੰਦਰ ਸਿੰਘ ਖ਼ਾਸ ਤੌਰ 'ਤੇ ਸੰਤੁਲਿਤ ਸੁਭਾਅ ਵਾਲੇ, ਬਹੁਤ ਕੇਂਦਰਿਤ ਸ਼ਖ਼ਸ ਜਾਪੇ। ਮੈਂ ਇਸ ਯਕੀਨਦਹਾਨੀ ਨਾਲ ਉੱਥੋਂ ਪਰਤਿਆ ਕਿ ਸਾਡੇ ਦੇਸ਼ ਦੀ ਰੱਖਿਆ ਦੀ ਜ਼ਿੰਮੇਵਾਰੀ ਸੂਝਵਾਨ, ਹੋਣਹਾਰ ਅਤੇ ਸਮਰਪਿਤ ਅਫ਼ਸਰਾਂ ਦੇ ਹੱਥਾਂ ਵਿੱਚ ਹੈ।

ਇਸੇ ਲਈ ਮੈਂ ਕੌਫ਼ੀ ਦਾ ਕੱਪ ਚੁੱਕ ਕੇ ਚੰਡੀਮੰਦਰ ਦੇ ਫ਼ੌਜੀ ਅਫ਼ਸਰਾਂ ਨੂੰ ਸਲੂਟ ਕਰਦਾ ਹਾਂ। ਤੁਸੀਂ ਵੀ ਮੇਰਾ ਸਾਥ ਦੇ ਸਕਦੇ ਹੋ।

Email: kaffeeklatsch@tribuneindia.com

**(ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)**

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com